*ਸਾਹਿਤ, ਸਭਿਆਚਾਰ ਅਤੇ ਕਲਾ ਦਾ ਤ੍ਰੈਮਾਸਿਕ ਪ੍ਰਕਾਸ਼ਨ*

# ਸ਼ਬਦ

**ਸਾਲ : ਬਾਰ੍ਹਵਾਂ ਪੁ : ਲੜੀ : ਅਠਤਾਲੀ** **ਅਕਤੂਬਰ-ਦਸੰਬਰ, 2009**

*ਸਰਪ੍ਰਸਤ :* **ਹਰੀਸ਼ ਜੈਨ**
*ਸਲਾਹਕਾਰ :* **ਨ੍ਰਿਪਇੰਦਰ ਰਤਨ**
ਸੰਪਾਦਕ : **ਜਿੰਦਰ (ਆਨਰੇਰੀ)**
*ਮੁੱਖ ਸੰਪਾਦਕ :* **ਹਰਜੀਤ ਅਟਵਾਲ**
67, HILLSIDE ROAD, SOUTHALL
MIDDLESEX, ENGLAND. UB1 2PE
Ph. : 020-85780393
Mobile : 07782-265726
e mail: shabad_atwal @ hotmail.com
**ਗੁਰਪਾਲ ਸਿੰਘ ਸੰਧੂ**
2229, Sector 38-C, Chandigarh
Mobile : 98882-82084
gurpal_nakai@yahoo.co.uk
*Managing Editor*
***Shiv, Vinod Kumar***
**ਰਚਨਾਵਾਂ ਭੇਜਣ ਲਈ ਪਤਾ**
984, Near Surinder Welding Works,
Model House, Jalandhar-144003
Mobile No.98148-03254
Ph.: 0181-2440191
**e mail: saifsm20 @ yahoo.com**
**ਡਿਸਟ੍ਰੀਬਿਊਟਰ** : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
***ਚੰਦਾ :*** 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ, 100 ਰੁ: ਸਾਲਾਨਾ
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ
ਭਾਰਤ ਵਿਚ ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

ਜੋਗਿੰਦਰ ਸਿੰਘ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਸੈਫ ਡਿਜ਼ਾਇਨਰ ਇਨ ਪ੍ਰਿੰਟਰ ਤੋਂ ਕੰਪੋਜ਼ ਕਰਵਾ ਕੇ ਯੂਨੀਸਟਾਰ ਬੁਕਸ (ਪ੍ਰਿੰਟਿੰਗ ਯੂਨਿਟ), 11ਏ, ਇੰਡਸਟਰੀਅਲ ਏਰੀਆ ਫ਼ੇਜ਼ 2, ਚੰਡੀਗੜ੍ਹ ਤੋਂ ਛਪਵਾ ਕੇ ਪਿੰਡ ਤੇ ਡਾਕ. ਫਰਾਲਾ (ਨਵਾਂਸ਼ਹਿਰ) ਤੋਂ ਜਾਰੀ ਕੀਤਾ

## ਮੇਰਾ ਪੰਨਾ

ਸਿਰਜਣ ਪ੍ਰਕਿਰਿਆ ਬਾਰੇ ਵੱਖ-ਵੱਖ ਲੇਖਕਾਂ ਦੇ ਆਪੋ ਆਪਣੇ ਵਿਚਾਰ ਹਨ। ਰਾਵਾਂ ਹਨ। ਕਿਸੇ ਲਈ ਇਹ ਪ੍ਰਕਿਰਿਆ ਰਹੱਸ ਹੈ। ਕਿਸੇ ਨੂੰ ਪਤਾ ਨਹੀਂ ਹੁੰਦਾ ਕਿ ਕਿਹੜੇ ਵੇਲੇ ਉਸ ਕੋਲੋਂ ਕੁਝ ਲਿਖਿਆ ਜਾਣਾ ਹੈ। ਕਦੋਂ ਸਿਰਜਣਾ ਦੇ ਪਲ ਆਉਣੇ ਹਨ। ਕੋਈ ਹੋਰ ਲੇਖਕ ਕਹਿੰਦਾ ਹੈ ਕਿ ਉਹ ਸੋਚ-ਸਮਝ ਤੇ ਵਿਚਾਰ ਕੇ ਲਿਖਦਾ ਹੈ। ਉਹ ਇਸ ਪ੍ਰਤੀ ਸੁਚੇਤ ਹੁੰਦਾ ਹੈ ਕਿ ਉਸ ਆਪਣੀ ਲਿਖਤ 'ਚ ਕੀ ਦੇਣਾ ਹੈ। ਯੂਰਪ 'ਚ ਬਹੁਤੇ ਲੇਖਕਾਂ ਨੇ ਮਿੱਥ ਕੇ ਲਿਖਿਆ ਹੈ। ਜਿਸ ਵਿਸ਼ੇ 'ਤੇ ਲਿਖਣਾ ਹੁੰਦਾ ਹੈ, ਉਸ ਸੰਬੰਧੀ ਉਹ ਸਾਲਾਂਬੱਧੀ ਪੜ੍ਹਦੇ ਹਨ। ਖੋਜਾਂ ਕਰਦੇ ਹਨ। ਫੇਰ ਲਿਖਦੇ ਹਨ। ਕਈ ਵਾਰ ਤਾਂ ਇਹ ਯਥਾਰਥ ਤੇ ਕਲਪਨਾ ਦੇ ਸੁਮੇਲ ਜਿਹਾ ਵੀ ਨਹੀਂ ਹੁੰਦਾ। ਫੇਰ ਵੀ ਇਹ ਸਾਹਿਤ ਹੁੰਦਾ ਹੈ। ਭਾਵੇਂ ਇਹ ਜੀਵਨੀਮੂਲਕ ਹੋਵੇ ਜਾਂ ਇਤਿਹਾਸਮੂਲਕ। ਇਸ ਸਭ ਕਾਸੇ 'ਚ ਹੀ ਉਨ੍ਹਾਂ ਦੀ ਕ੍ਰੀਏਸ਼ਨ ਸਮੋਈ ਹੁੰਦੀ ਹੈ। ਕਿਸੇ ਹੋਰ ਲੇਖਕ ਦਾ ਕਹਿਣਾ ਹੈ ਕਿ ਲੇਖਕ ਦੀ ਸਿਰਜਣਾ ਪ੍ਰਕਿਰਿਆ 'ਚ ਖੜੋਤ ਨਹੀਂ ਆਉਣੀ ਚਾਹੀਦੀ। ਉਸ ਨੂੰ ਲਗਾਤਾਰ ਲਿਖਦੇ ਰਹਿਣਾ ਚਾਹੀਦਾ ਹੈ। ਜਦੋਂ ਲੱਗੇ ਕਿ ਉਸ ਕੋਲ ਲਿਖਣ ਲਈ ਸਮੱਗਰੀ ਨਹੀਂ ਹੈ ਤਾਂ ਉਸ ਨੂੰ ਆਪਣੇ ਮਿੱਤਰਾਂ/ਸੁਨੇਹੀਆਂ ਨੂੰ ਪੱਤਰ ਲਿਖਣੇ ਚਾਹੀਦੇ ਹਨ। ਹੋਰ ਨਹੀਂ ਤਾਂ ਆਪਣੀ ਡਾਇਰੀ ਹੀ ਲਿਖਣੀ ਚਾਹੀਦੀ ਹੈ। ਇਸ ਨਾਲ ਉਸ 'ਚ ਖੜੋਤ ਨਹੀਂ ਆਵੇਗੀ। ਉਸ ਦੀ ਕਲਮ ਨਹੀਂ ਰੁਕੇਗੀ। ਸਿਰਜਣ ਪ੍ਰਕਿਰਿਆ ਦਾ ਸਿੱਧਾ ਸੰਬੰਧ ਮਨ ਨਾਲ ਹੈ। ਸੁਚੇਤ ਤੇ ਅਚੇਤ ਮਨ ਨਾਲ ਹੈ। ਸਾਡੇ ਅਚੇਤ ਮਨ 'ਚ ਬਹੁਤ ਕੁਝ ਸਟੋਰ ਹੁੰਦਾ ਰਹਿੰਦਾ ਹੈ। ਕਈ ਕੁਝ ਉਹ ਵੀ ਜਿਸ ਨੂੰ ਸਾਡੀਆਂ ਅੱਖਾਂ ਦੇਖਦੀਆਂ ਤਾਂ ਹਨ ਪਰ ਕਬੂਲ ਨਹੀਂ ਕਰਦੀਆਂ। ਅਚੇਤ ਮਨ ਉਸ ਨੂੰ ਵੀ ਆਪਣੇ ਕੋਲ ਸੰਭਾਲ ਕੇ ਰੱਖਦਾ ਹੈ। ਇਹ ਸੰਭਾਲਿਆ ਹੋਇਆ/ਸਮਰਿਤੀਆਂ/ਯਾਦਾਂ/ਘਟਨਾਵਾਂ ਕਿਸੇ ਨਾ ਕਿਸੇ ਰੂਪ 'ਚ ਸਿਰਜਣ ਪ੍ਰਕਿਰਿਆ ਨੂੰ ਪ੍ਰਭਾਵਤ ਕਰਦੀਆਂ ਹਨ। ਬਹੁਤ ਕੁਝ ਹੋਰ ਵੀ ਹੁੰਦਾ ਹੈ ਜਿਸ ਦਾ, ਲੇਖਕ ਨੂੰ ਆਪ ਨਹੀਂ ਪਤਾ ਹੁੰਦਾ। ਉਹ ਇਸ ਬਾਰੇ ਦੱਸ ਨਹੀਂ ਸਕਦਾ। ਉਹ ਪਹਿਲਾਂ ਲਿਖੇ/ਰਚੇ ਗਏ ਨੂੰ ਹੂ-ਬ-ਹੂ ਨਹੀਂ ਰਚ ਸਕਦਾ। ਬਹੁਤ ਕੁਝ ਹੋਰ ਵੀ ਹੁੰਦਾ ਹੈ ਜਿਸ ਬਾਰੇ ਲੇਖਕ ਨੇ ਕਦੇ ਸੋਚਿਆ ਜਾਂ ਵਿਚਾਰਿਆ ਹੀ ਨਹੀਂ ਹੁੰਦਾ। ਯੂਰਪ ਦੇ ਵੱਡੇ ਕਵੀਆਂ ਦਾ ਵਿਚਾਰ ਹੈ ਕਿ ਕਵੀ ਕੁਦਰਤ ਦੀ ਦੇਣ ਹਨ। ਸਾਡੇ ਕਈ ਲੇਖਕ ਇਸ ਨੂੰ ਰੱਬੀ ਦਾਤ ਕਹਿੰਦੇ ਹਨ। ਮੈਨੂੰ ਆਪ ਨੂੰ ਲੱਗਦਾ ਹੈ ਕਿ ਲਿਖਣਾ ਇਕ ਰਹੱਸ ਹੈ ਜਿਸ ਦਾ ਪੜ੍ਹਾਈ ਨਾਲੋਂ ਤਜ਼ਰਬੇ/ਭਾਵਨਾਵਾਂ ਨਾਲ ਜ਼ਿਆਦਾ ਸੰਬੰਧ ਹੈ। ਜੇ ਪੜ੍ਹਾਈ ਨਾਲ ਹੀ ਸੰਬੰਧ ਹੁੰਦਾ ਤਾਂ ਸਾਡੀਆਂ ਯੂਨੀਵਰਸਿਟੀਆਂ 'ਚ ਬੈਠੇ ਅਧਿਆਪਕ ਵੱਡੇ ਲੇਖਕ ਨਾ ਹੁੰਦੇ। ਦੁਨੀਆਂ ਦਾ ਬਹੁਤ ਚੰਗਾ ਸਾਹਿਤ ਸੁਚੇਤ ਹੋ ਕੇ ਨਹੀਂ ਲਿਖਿਆ ਗਿਆ। ਅਚੇਤ 'ਚ ਹੀ ਲਿਖਿਆ ਗਿਆ ਹੈ। ਇਹ ਪ੍ਰਕਿਰਿਆ ਐਦਾਂ ਹੀ ਚਲਦੀ ਆਈ ਹੈ-ਤੇ ਐਦਾਂ ਹੀ ਚਲਦੀ ਰਹਿਣੀ ਹੈ। ਅਸੀਂ ਇਸ ਅੰਕ 'ਚ ਕੁਝ ਲੇਖਕਾਂ ਦੀ ਸਿਰਜਣ ਪ੍ਰਕਿਰਿਆ ਛਾਪ ਰਹੇ ਹਾਂ ਜਿਨ੍ਹਾਂ 'ਚ ਇਨ੍ਹਾਂ ਲੇਖਕਾਂ ਨੇ ਆਪੋ ਆਪਣੇ ਵਿਚਾਰ/ਅਨੁਭਵ ਸਾਂਝੇ ਕੀਤੇ ਹਨ।

**-ਜਿੰਦਰ**

# ਮੇਰਾ ਨਾਵਲ ਲਿਖਣਾ/ਦਰਸ਼ਨ ਸਿੰਘ

ਲਿਖਣ ਦਾ ਸ਼ੌਕ ਮੈਨੂੰ ਹਮੇਸ਼ਾ ਹੀ ਸੀ। ਪਹਿਲੋਂ ਰੁਚੀ ਉਰਦੂ ਵੱਲ ਹੁੰਦੀ ਸੀ। ਸੰਨ 1946 'ਚ, ਜਦੋਂ ਮੈਂ ਲਾਹੌਰ ਕਾਲਜ 'ਚ ਪੜ੍ਹਦਾ ਸਾਂ, ਮੈਂ ਉਰਦੂ 'ਚ ਆਪਣੀ ਪਹਿਲੀ ਕਹਾਣੀ 'ਚਪੇੜ' ਲਿਖੀ ਸੀ। ਸਾਲ ਬਾਅਦ ਏਧਰ ਨਵੇਂ ਆਜ਼ਾਦ ਭਾਰਤ 'ਚ ਆ ਜਾਣ 'ਤੇ ਉਰਦੂ ਦਾ ਪੱਲਾ ਛੁੱਟ ਗਿਆ ਤੇ ਪੰਜਾਬੀ ਦਾ ਹੱਥ ਆ ਗਿਆ। ਉਦੋਂ ਕੁਝ ਕਵਿਤਾ ਵੀ ਲਿਖੀ, ਜੋ ਦੂਜੇ ਤੀਜੇ ਮਹੀਨੇ 'ਪ੍ਰੀਤ ਲੜੀ' 'ਚ ਛਪਦੀ ਰਹੀ। ਨਾਲੋਂ ਨਾਲ ਅੰਗਰੇਜ਼ੀ 'ਚੋਂ ਪੰਜਾਬੀ 'ਚ ਅਨੁਵਾਦ ਕਰਨਾ ਸ਼ੁਰੂ ਕਰ ਦਿੱਤਾ। ਛੇਤੀ ਹੀ ਮੈਂ ਰੂਸੀ ਸੂਚਨਾ ਵਿਭਾਗ ਦੀ ਨੌਕਰੀ ਕਰ ਲਈ ਤੇ ਸਪਤਾਹਕ 'ਖ਼ਬਰਨਾਮਾ ਸੋਵੀਅਤ ਯੂਨੀਅਨ ਦੇ ਸਮਾਚਾਰ ਤੇ ਵਿਚਾਰ' ਕੱਢਣ ਲੱਗ ਪਿਆ। ਉਹਦੇ 'ਚ ਸੋਵੀਅਤ ਲੇਖਾਂ ਤੇ ਖ਼ਬਰਾਂ ਦਾ ਪੰਜਾਬੀ ਅਨੁਵਾਦ ਹੁੰਦਾ ਸੀ, ਜਿਹੜਾ ਪੰਜਾਬੀ ਅਖ਼ਬਾਰਾਂ ਨੂੰ ਛਾਪਣ ਲਈ ਘੱਲਿਆ ਜਾਂਦਾ ਸੀ। ਇਸ ਪਿੱਛੋਂ ਅਨੁਵਾਦ ਮੇਰਾ ਸ਼ੌਕ ਵੀ ਬਣ ਗਿਆ ਤੇ ਕਸਬ ਵੀ।

ਅਨੁਵਾਦ ਦਾ ਕੰਮ ਮੈਂ ਕੋਈ ਵੀਹ ਸਾਲ ਕੀਤਾ। ਦਿੱਲੀ 'ਚ ਵੀ ਤੇ ਮਾਸਕੋ 'ਚ ਵੀ। ਪ੍ਰਗਤੀ ਪ੍ਰਕਾਸ਼ਨ, ਮਾਸਕੋ, ਦਾ ਪੰਜਾਬੀ ਵਿਭਾਗ ਮੇਰੇ ਨਾਲ ਹੀ ਸ਼ੁਰੂ ਹੋਇਆ ਸੀ। ਹਰ ਤਰ੍ਹਾਂ ਦਾ ਅਨੁਵਾਦ ਕੀਤਾ। ਸਿਧਾਂਤਕ ਸਾਹਿਤ ਤੇ ਆਮ ਪ੍ਰਚਾਰਕ ਕਿਸਮ ਦਾ। ਰੂਸੀ ਤੇ ਸੋਵੀਅਤ ਸਾਹਿਤ ਵੀ ਬੜਾ ਉਲਥਾਇਆ। ਅਨੁਵਾਦੀਆਂ ਸਾਰੀਆਂ ਕਿਤਾਬਾਂ ਮੈਨੂੰ ਯਾਦ ਵੀ ਨਹੀਂ। ਆਪਣੀ ਕਿਰਤ-ਕਮਾਈ ਦੱਸਦਿਆਂ ਮੈਂ ਸਿਰਫ ਦੋ ਚਾਰ ਦਾ ਜ਼ਿਕਰ ਕਰਕੇ ਬੱਸ ਹੋ ਜਾਂਦਾ ਹਾਂ। ਅਨੁਵਾਦ ਵੱਲ ਮੇਰੀ ਪਹੁੰਚ ਅਜਿਹੀ ਸੀ ਕਿ ਮੈਨੂੰ ਮੂਲ ਲਿਖਣ ਜਿਹੀ ਤਸੱਲੀ ਹੁੰਦੀ ਸੀ। ਏਸ ਲਈ ਮੈਨੂੰ ਸਵੈ-ਪ੍ਰਗਟਾਵੇ ਲਈ ਕਲਮ ਹੋਰ ਘਸਾਣ ਦੀ ਅਚਵੀ ਨਹੀਂ ਸੀ ਹੁੰਦੀ। ਕਦੀ ਕਦੀ ਕੁਝ ਅੰਗਰੇਜ਼ੀ 'ਚ ਲਿਖ ਲੈਂਦਾ ਹਾਂ। ਤ੍ਰਿਪਤੀ ਥੋੜ੍ਹੀ ਬਹੁਤ ਉਹਦੇ ਨਾਲ ਵੀ ਹੋ ਜਾਂਦੀ ਸੀ।

ਸੰਨ 1970 ਪਿਛੋਂ ਮੈਂ ਪੰਜਾਬੀ 'ਚ ਕੁਝ ਵੀ ਨਹੀਂ ਅਨੁਵਾਦਿਆ। ਕਵਿਤਾ ਤਾਂ ਪਿਛਲੀ ਸਦੀ ਦੇ ਪੰਜਾਹਵਿਆਂ ਦੇ ਅੰਤ ਸਮੇਂ ਹੀ ਛੁਟ ਗਈ ਸੀ।

ਅਨੁਵਾਦ ਦੇ ਇਸ ਕਾਰਜ ਦਾ ਮੇਰੀ ਲੇਖਣੀ 'ਤੇ ਡੂੰਘਾ ਅਸਰ ਹੈ।

ਮੈਂ ਭਾਵੇਂ ਅੱਠ ਦਸ ਸਾਲਾਂ 'ਚ ਏਨਾ ਕੁਝ ਲਿਖ ਲਿਆ ਹੈ, ਜਿੰਨਾ ਸਾਧਾਰਨ ਲੇਖਕ ਆਪਣੀ ਸਮੁੱਚੀ ਲਿਖਣ-ਵਿਰੇਸ 'ਚ ਲਿਖਦਾ ਹੈ, ਫੇਰ ਵੀ ਮੈਂ ਲਿਖਣ 'ਚ ਬੜਾ ਹੀ ਜਿੱਲਾ ਹਾਂ। ਭਾਵੇਂ ਨੇਮ ਨਾਲ ਲਿਖਦਾ ਹਾਂ, ਉਪਜ ਬਹੁਤ ਥੋੜ੍ਹੀ ਹੈ। ਜੇ ਮੈਂ ਸਭ ਕੁਝ ਤੋਂ ਵਿਹਲਾ ਨਾ ਹੋ ਗਿਆ ਹੁੰਦਾ ਤੇ ਮੇਰਾ ਸੁਭਾ ਫਿਰਨ-ਫਿਰਾਣ ਵਾਲਾ ਹੁੰਦਾ, ਮੈਂ ਏਡੀ ਮੱਲ ਨਾ ਮਾਰ ਸਕਦਾ।

ਮੇਰੇ ਤੋਂ ਅਕਸਰ ਪੁੱਛਿਆ ਜਾਂਦਾ ਹੈ ਕਿ ਪਹਿਲੋਂ ਕਿਉਂ ਨਹੀਂ ਲਿਖਿਆ ? ਏਨਾ ਚਿਰ ਕਿੱਥੇ ਰਹੇ ? ਇਹਦਾ ਮੁਖ ਜਵਾਬ ਤਾਂ ਇਹ ਹੈ ਕਿ ਪਹਿਲੋਂ ਪੰਜਾਬੀ 'ਚ ਮੂਲ ਲਿਖਣ ਦੀ ਕਦੀ ਹੁੱਲ ਹੀ ਨਹੀਂ ਸੀ ਉੱਠੀ। ਵੈਸੇ ਵੀ ਸਾਰਾ ਸੱਤ ਅਨੁਵਾਦ ਕਰ-ਕਰ ਨਿਕਲ ਜਾਂਦਾ ਸੀ। ਮੇਰੇ ਪਿਤਾ ਜੀ ਬੜੀ ਸ਼ਰਾਬ ਪੀਂਦੇ ਸਨ। ਇਕ ਵੇਲੇ ਚੌਥਾ ਹਿੱਸਾ ਬੋਤਲ। ਮੈਨੂੰ ਇਹ ਚੰਗਾ ਨਹੀਂ ਸੀ ਲੱਗਦਾ। ਏਸੇ ਕਰਕੇ ਮੈਂ ਸ਼ਰਾਬ ਪੀਣੀ ਪਿਛੇਤੀ ਉਮਰ 'ਚ ਸ਼ੁਰੂ ਕੀਤੀ, ਜਦੋਂ ਰੂਸੀਆਂ ਦੀ ਛੂਹ 'ਚ ਆਇਆ। ਮੇਰਾ ਪੰਜਾਬੀ 'ਚ ਲਿਖਣ ਦਾ ਵੀ ਇਹੋ ਹਾਲ ਹੈ। ਲਿਖਣ ਹੀ ਰੁੱਤ ਹੀ ਦੇਰ ਨਾਲ ਆਈ। ਹੁਣ ਮੈਨੂੰ ਥੋੜ੍ਹੀ ਜਿਹੀ ਚੰਗੀ ਵਿਸਕੀ ਪੀ ਤੇ ਥੋੜ੍ਹਾ ਜਿਹਾ ਚੰਗਾ ਲਿਖ ਕੇ ਮਜ਼ਾ ਆਉਂਦਾ ਹੈ।

ਨਾਵਲ ਲਿਖਣ ਦਾ ਫੁਰਨਾ ਮੈਨੂੰ ਕਿਸੇ ਘਟਨਾ, ਕਿਸੇ ਸ਼ਕਲ, ਕਿਸੇ ਖਿਆਲ, ਕਿਸੇ



ਸਿਧਾਂਤ ਜਾਂ ਸੰਕਲਪ ਤੋਂ ਫੁਰਦਾ ਹੈ। ਮੇਰਾ ਬਿਰਖ ਏਸੇ ਕਰੂੰਬਲ ਤੋਂ ਹੀ ਉਗਦਾ ਹੈ। ਮੈਂ ਆਪਣੇ ਬੀਮੇ ਦਾ ਪ੍ਰੀਮੀਅਮ ਜਮ੍ਹਾਂ ਕਰਾਉਣ ਆਪਣੇ ਦਫਤਰੋਂ ਨਾਲ ਲਗਦੀ ਸੜਕ ਦੀ ਇਕ ਬਹੁ-ਮੰਜ਼ਲਾ ਇਮਾਰਤ 'ਚ ਜਾਇਆ ਕਰਦਾ ਸਾਂ। ਉਥੋਂ ਮੈਂ ਰੀਸੈਪਸ਼ਨ 'ਚ ਬੈਠੀ ਇਕ ਗੋਰੀ ਚਿੱਟੀ, ਬੜੀ ਬਣੀ ਫਬੀ, ਨਖਰੇਲੀ ਬੀਬੀ ਵੇਖੀ। ਉਹਦੇ ਕੋਲ ਕਰਕੇ ਇਕ ਰੰਗ-ਸੁਰੰਗੀ ਛੱਤਰੀ ਪਈ ਸੀ। ਉਹ ਕਈ ਦਿਨ ਮੇਰੇ ਚੇਤੇ 'ਚ ਝਲਕਦੀ ਰਹੀ। ਅਖੀਰ ਉਹਦੇ 'ਚੋਂ ਨਾਵਲ 'ਮੀਂਹ ਕਣੀ ਦੇ ਦਿਨ' ਦੀ ਮੋਨੀਕਾ ਦੇ ਚਿਹਨ ਉਘੜ ਪਏ। 'ਦੇਸ ਕੁਦੇਸ' ਦਾ ਸੁਝਾਅ ਵੰਡਾਰੇ ਤੋਂ ਮਿਲਿਆ। 'ਕੰਡਾ' ਉਸ ਕੁੜੀ ਨੂੰ ਵੇਖ ਕੇ ਸੁਝਿਆ, ਜਿਹੜੀ ਅਮਰੀਕਾ ਤੋਂ ਆਈ ਸੀ ਤੇ ਕੁਝ ਦਿਨ ਸਾਡੇ ਕੋਲ ਰਹੀ ਸੀ ਤੇ ਸਾਡੇ ਨਾਲ ਆਪਣਾ ਦੁਖ ਸੁਖ ਫੋਲਦੀ ਰਹੀ ਸੀ। 'ਮਿੱਟੀ' ਸਵਿਟਜ਼ਰਲੈਂਡ ਵੱਸੇ ਪੰਜਾਬੀ ਚਿੱਤਰਕਾਰ ਕਵੀ ਦੇਵ ਨੂੰ ਮਿਲ ਕੇ ਅਹੁੜਿਆ। 'ਭਾਊ' ਦੀ ਪ੍ਰੇਰਨਾ ਮੈਨੂੰ ਕਮਿਊਨਿਸਟ ਲਹਿਰ ਤੋਂ ਮਿਲੀ। ਸੰਨ 1946 ਤੋਂ ਇਸ ਲਹਿਰ ਨਾਲ ਸੰਬੰਧਤ ਸਾਂ। ਇਹਦੇ ਉਤਰਾਅ-ਚੜ੍ਹਾਅ ਵੇਖਦਾ ਆਇਆ ਸਾਂ ਤੇ ਇਸ ਉੱਤੇ ਕੁਝ ਲਿਖਣਾ ਚਾਹੁੰਦਾ ਸਾਂ। ਅੱਤਵਾਦ ਉੱਤੇ ਜੋ ਨਾਵਲ ਮੈਂ ਅੱਜਕਲ੍ਹ ਲਿਖ ਰਿਹਾ ਹਾਂ, ਉਹਦੀ ਚਿਣਗ ਹਰ ਤਰ੍ਹਾਂ ਦੇ ਅੱਤਵਾਦ ਦੇ ਵਰਤਾਰੇ ਤੋਂ ਪਈ ਹੈ।

ਸੁੱਝਣ ਤੇ ਲਿਖੇ ਜਾਣ ਵਿਚਲਾ ਸਮਾਂ ਵਚਿੱਤਰ ਹੁੰਦਾ ਹੈ। ਮੈਨੂੰ ਇਕ ਇੱਟ ਲੱਭੀ ਹੁੰਦੀ ਹੈ, ਜਿਹਦੇ ਉੱਤੇ ਮੈਂ ਇਕ ਪੂਰਾ, ਚੰਗੀ ਸ਼ੈਲੀ ਵਾਲਾ, ਰਹਿਣ-ਯੋਗ ਘਰ ਖੜਾ ਕਰਨਾ ਹੁੰਦਾ ਹੈ। ਮੇਰੇ ਅੰਦਰ ਕੋਈ ਸਵੈਕਾਰ ਖੱਡੀ ਲੱਗ ਜਾਂਦੀ ਹੈ, ਜਿਹੜੀ ਹਰ ਪਲ ਕੁਝ-ਨ-ਕੁਝ ਬੁਣਦੀ ਰਹਿੰਦੀ ਹੈ। ਇਹ ਕਈ ਪੱਖੀ ਤੇ ਕਈ ਸੇਧੀ ਪ੍ਰਕਿਰਿਆ ਹੁੰਦੀ ਹੈ। ਤੰਦਾਂ ਟੁੱਟਦੀਆਂ ਜੁੜਦੀਆਂ ਰਹਿੰਦੀਆਂ ਹਨ ਤੇ ਨਮੂਨੇ ਬਣਦੇ ਵਿਗੜਦੇ ਰਹਿੰਦੇ ਹਨ।

ਕੁਝ ਸਮੇਂ ਬਾਅਦ ਕੋਈ ਅਕਹਿਰੀ ਜਿਹੀ ਕਹਾਣੀ ਸ਼ਕਲ ਧਾਰਨ ਕਰਨ ਲੱਗਦੀ ਹੈ। ਉਹਦੇ ਲਈ ਫੇਰ ਮੈਂ ਕੋਈ ਸਮਾਜਕ ਲੀਹ ਪਾਉਂਦਾ ਹਾਂ, ਤਾਂ ਜੋ ਉਹ ਕੋਈ ਖਾਲੀ-ਖੋਖਲੀ ਚੀਜ਼ ਨਾ ਲੱਗੇ। ਫੇਰ ਏਸ ਕਹਾਣੀ ਦੇ ਮੁਖ ਪਾਤਰ ਘੜਦਾ ਹਾਂ ਤੇ ਉਹ ਸਮਾਂ ਤੇ ਚੁਗਿਰਦਾ ਮਿਥਦਾ ਹਾਂ, ਜਿਸ ਵਿਚ ਇਹਨਾਂ ਪਾਤਰਾਂ ਨੇ ਵਿਚਰਨਾ ਹੁੰਦਾ ਹੈ। ਇਹ ਚੀਜ਼ ਬੜੀ ਜ਼ਰੂਰੀ ਹੈ। ਕਹਾਣੀ ਦੇ ਪਾਤਰ ਕਿਸੇ ਖਿਲਾਅ 'ਚ ਨਹੀਂ ਟੰਗੇ ਜਾ ਸਕਦੇ। ਮੇਰੇ ਹਰ ਨਾਵਲ 'ਚ ਪੜ੍ਹਦਿਆਂ-ਪੜ੍ਹਦਿਆਂ ਇਸ ਵਿਸ਼ੇਸ਼ ਸਮੇਂ ਦਾ ਅਹਿਸਾਸ ਆਪੇ ਹੀ ਹੋ ਜਾਂਦਾ ਹੈ। ਫੇਰ ਮੈਂ ਇਹ ਮਿਥਦਾ ਹਾਂ ਕਿ ਕਹਾਣੀ ਕਿੱਥੋਂ ਸ਼ੁਰੂ ਹੋਵੇ ਤੇ ਕਿੱਥੇ ਖਤਮ ਹੋਵੇ। ਮੈਨੂੰ ਨਾਟਕੀ ਅੰਤ ਪਸੰਦ ਹਨ। ਛੋਟੀ ਕਹਾਣੀ ਵਰਗੇ। ਆਰੰਭ ਮੇਰੇ ਬਿਰਤਾਂਤ ਤੋਂ ਨਹੀਂ, ਕਿਸੇ ਘਟਨਾ ਤੋਂ ਉਗਮਦੇ ਹਨ। ਜਤਨ ਇਹ ਹੁੰਦਾ ਹੈ ਕਿ ਉਹ ਪਾਠਕ ਨੂੰ ਛੁਹੰਦਿਆਂ ਹੀ ਥੰਮ ਲੈਣ।

ਇਸ ਪਿਛੋਂ ਖੋਜ ਦੇ ਮਤਲਬ ਦੀਆਂ ਗੱਲਾਂ ਲਿਖ-ਲਿਖ ਰੱਖਣ ਦਾ ਸਮਾਂ ਆਉਂਦਾ ਹੈ। ਫਾਈਲ ਖੁੱਲ੍ਹ ਜਾਂਦੀ ਹੈ। ਜੋ ਨਿੱਗਰ ਜਾਣਕਾਰੀ ਚਾਹੀਦੀ ਹੁੰਦੀ ਹੈ, ਉਹ ਕਿਤਾਬਾਂ, ਅਖ਼ਬਾਰਾਂ ਤੇ ਇੰਟਰਨੈਟ 'ਚੋਂ ਇਕੱਠੀ ਕੀਤੀ ਜਾਂਦੀ ਹੈ ਤੇ ਸੰਖੇਪ ਸੁਝਾਊ ਰੂਪ 'ਚ ਲਿਖ ਕੇ ਫਾਈਲ 'ਚ ਰੱਖ ਲਈ ਜਾਂਦੀ ਹੈ। ਬਾਕੀ ਹੋਰ ਸਭ ਕੁਝ ਲਈ ਕਲਪਨਾ ਦੀ ਸ਼ਰਨ ਲਈ ਜਾਂਦੀ ਹੈ। ਕਲਪਨਾ ਨੂੰ ਮੈਂ ਡੂੰਘੀ ਮਹੱਤਤਾ ਵਾਲਾ ਅੰਸ਼ ਸਮਝਦਾ ਹਾਂ ਤੇ ਇਹਦੀ ਚੰਗੀ ਚੋਖੀ ਵਰਤੋਂ ਕਰਦਾ ਹਾਂ। ਫੇਰ ਪਾਤਰ ਚਿਤਰੇ ਜਾਂਦੇ ਹਨ, ਉਹਨਾਂ ਦੇ ਨਕਸ਼-ਨੈਣ, ਵੇਸ, ਅੰਦਾਜ਼, ਬੜਾ ਕੁਝ ਜਿਨ੍ਹਾਂ ਨਾਲ ਉਹਨਾਂ ਦੀ ਵੱਖਰੀ ਹੋਂਦ ਬਣ ਜਾਏ। ਉਹ ਮਿਸਾਲੀ ਵੀ ਲੱਗਣ ਤੇ ਵੱਖਰੇ ਵੀ। 'ਮੀਂਹ ਕਣੀ ਦੇ ਦਿਨ' ਦੀ ਮੋਨੀਕਾ ਦੀ ਸੱਜੀ ਅੱਖ 'ਤੇ ਪਲਮਦੀ ਲਿਟ ਤੇ ਉਹਦੀ ਦੋਵਾਂ ਗਲ੍ਹਾਂ 'ਚ ਪੈਂਦੇ ਟਿੱਭ ਏਸ ਤਰ੍ਹਾਂ ਦੀ ਫਾਈਲ 'ਚੋਂ ਹੀ ਉਗਮੇ ਸਨ। ਫਾਈਲ 'ਚ ਕਹਾਣੀ ਦੇ ਮੋੜ ਸਿਰਜੇ ਹੁੰਦੇ ਹਨ। ਕੁਝ ਸਥਿਤੀਆਂ 'ਚ ਪਾਤਰਾਂ ਦੇ ਪੂਰੇ ਦੇ ਪੂਰੇ ਸੰਵਾਦ ਵੀ ਲਿਖੇ ਹੁੰਦੇ ਹਨ। ਮੁੱਢ ਤੇ ਅੰਤ ਲਿਖਿਆ ਹੁੰਦਾ ਹੈ। ਹੋਰ ਵੀ ਬੜਾ ਕੁਝ। ਦ੍ਰਿਸ਼ ਤੇ

ਚੁਗਿਰਦਾ ਵੀ। 'ਮੀਂਹ ਕਣੀ ਦੇ ਦਿਨ' ਵਾਲੀ ਫਾਈਲ 'ਚ ਬੱਦਲਾਂ ਦੇ ਉਮਡਣ ਤੇ ਮੀਂਹ ਦੇ ਵੱਸਣ ਦੇ ਬੜੇ ਦ੍ਰਿਸ਼ ਸਨ, ਜੋ ਸਥਿਤੀ ਦੀ ਲੋੜ ਵਜੋਂ ਵਰਤੇ ਗਏ। ਮੇਰੀ ਏਸ ਤਰ੍ਹਾਂ ਦੀ ਫਾਈਲ ਕਾਫੀ ਵੱਡੀ ਹੁੰਦੀ ਹੈ।

ਇਹ ਕੰਮ ਕਈ ਮਹੀਨੇ ਤੇ ਕਿਸੇ ਇਕ ਵਾਰੀ ਦੋ ਢਾਈ ਸਾਲ ਵੀ ਚਲਦਾ ਰਹਿੰਦਾ ਹੈ। ਇਸ ਦੌਰਾਨ ਇਹ ਪਾਤਰ ਮੇਰੇ ਨਾਲ ਰਹਿੰਦੇ ਹਨ। ਮੇਰੇ ਚੰਗੇ ਜਾਣੂ ਹੋ ਜਾਂਦੇ ਹਨ। ਕਹਾਣੀ ਦੇ ਛੋਟੇ-ਮੋਟੇ ਮੋੜ ਵੀ ਸਪੱਸ਼ਟ ਹੁੰਦੇ ਰਹਿੰਦੇ ਹਨ।

ਮੈਂ ਦੋ ਢਾਈ ਸੌ ਸਫਿਆਂ ਦਾ ਨਾਵਲ ਲਿਖਦਾ ਹਾਂ। ਇਸ ਤੋਂ ਵੱਡਾ ਏਸ ਕਰਕੇ ਨਹੀਂ ਲਿਖਦਾ ਕਿ ਉਹ ਪੜ੍ਹਿਆ ਨਹੀਂ ਜਾਂਦਾ। ਸਾਡੇ ਪ੍ਰਕਾਸ਼ਨ ਦੀ ਅਵਿਕਸਤ ਦਸ਼ਾ ਕਾਰਨ ਵੱਡੇ ਨਾਵਲ ਛਪਣੇ ਵੀ ਮੁਸ਼ਕਿਲ ਹਨ। ਏਸ ਲਈ ਮੈਂ ਆਪਣੇ ਹਰ ਨਾਵਲ ਦੀ ਅਜਿਹੀ ਬਣਤਰ ਮਿਥਦਾ ਹਾਂ, ਜਿਸਦੇ ਨਾਲ ਮੈਂ ਆਪਣੀ ਕਹਾਣੀ ਏਨੇ ਕੁ ਸਫਿਆਂ 'ਚ ਮੁਕਾ ਲਵਾਂ। ਇਹ ਬਣਤਰ ਇਕ ਤਰ੍ਹਾਂ ਦਾ ਸੱਚਾ ਹੁੰਦਾ ਹੈ, ਜਿਸ ਵਿਚ ਨਾਵਲ ਨੇ ਢਲ ਜਾਣਾ ਹੁੰਦਾ ਹੈ। ਮੇਰੇ ਹਰ ਨਾਵਲ ਦਾ ਇਹ ਸੱਚਾ ਵੱਖ-ਵੱਖ ਤਰ੍ਹਾਂ ਦਾ ਹੈ।

ਮੇਰੇ ਨਾਵਲ 'ਚ ਘਟਦਾ ਬਹੁਤ ਕੁਝ ਹੈ। ਬ੍ਰਿਤਾਂਤ ਘਟ ਹੁੰਦਾ ਹੈ। ਨਾਵਲ ਦੇ ਰੌਚਕ ਹੋਣ ਲਈ ਇਹ ਬਹੁਤ ਜ਼ਰੂਰੀ ਹੈ। ਲਿਖਤ ਦੀ ਰੌਚਕਤਾ ਤੇ ਸਾਹਿਤਕਤਾ ਦਾ ਮੈਨੂੰ ਬੜਾ ਧਿਆਨ ਰਹਿੰਦਾ ਹੈ। ਇਕ ਨੂੰ ਦੂਜੀ 'ਤੇ ਕੁਰਬਾਨ ਨਹੀਂ ਹੋਣ ਦੇਂਦਾ।

ਇਹ ਸਾਰਾ ਕੁਝ ਮੈਂ ਆਪਣੇ ਨਾਵਲ 'ਭਾਊ' ਦੇ ਹਵਾਲੇ ਨਾਲ ਸਪੱਸ਼ਟ ਕਰਦਾ ਹਾਂ।

ਮੈਂ ਬੜੇ ਚਿਰ ਤੋਂ ਕਮਿਊਨਿਸਟ ਲਹਿਰ 'ਤੇ ਕੋਈ ਨਾਵਲ ਲਿਖਣਾ ਚਾਹੁੰਦਾ ਸਾਂ। ਇਹ ਵੀ ਚਾਹੁੰਦਾ ਸਾਂ ਕਿ ਨਾਵਲ ਬਹੁਤ ਵੱਡਾ ਨਾ ਹੋਵੇ ਤੇ ਰੁੱਖਾ ਵੀ ਨਾ ਹੋਵੇ। ਕਹਾਣੀ ਅਜਿਹੀ ਹੋਵੇ ਕਿ ਉਹਦੇ ਪੱਜੀਂ ਮੈਂ ਲਹਿਰ ਦਾ ਵਿਕਾਸ, ਉਹਦੇ ਗੁਣ-ਔਗੁਣ, ਵਿਸ਼ੇਸ਼ਤਾਵਾਂ, ਸਹਿਜੇ ਹੀ ਦੱਸ ਜਾਵਾਂ। ਇਹਦੇ ਲਈ ਮੈਂ ਯੋਗ ਬਣਤਰ ਚੁਣੀ। ਯੋਗ ਸਮਾਂ ਚੁਣਿਆ। ਪਿਛਲੀਆਂ ਆਮ ਚੋਣਾਂ ਵਾਲਾ। ਉਹਦੇ ਅਨੁਸਾਰ ਹੀ ਇਕ ਕਹਾਣੀ ਘੜੀ, ਜਿਹੜੀ ਸੱਚੀ ਹੋਵੇ ਨਾ ਹੋਵੇ, ਪਰ ਲੱਗੇ ਸੱਚੀ। ਫੇਰ ਏਸ ਕਹਾਣੀ ਲਈ ਮੁਖ ਪਾਤਰ ਚੁਣਿਆ ਤੇ ਕਹਾਣੀ ਮੁਤਾਬਿਕ ਹੀ ਬਾਕੀ ਦੇ ਪਾਤਰ, ਜਿਹੜੇ ਸੱਚੇ ਨਹੀਂ ਸਨ, ਪਰ ਸੱਚਿਆਂ ਵਰਗੇ ਸਨ। ਮੁਖ ਪਾਤਰ ਨੂੰ ਮੈਂ ਸਵਰਗੀ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਦੀ ਸ਼ਖ਼ਸੀਅਤ 'ਤੇ ਆਧਾਰਤ ਕੀਤਾ। ਇਸ ਨਾਵਲ ਦੀ ਫਾਈਲ ਮੇਰੇ ਕੋਲ ਦੋ ਢਾਈ ਸਾਲ ਖੁੱਲ੍ਹੀ ਰਹੀ ਸੀ।

ਨਾਵਲ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਕਾਮਰੇਡ ਸੁਰਜੀਤ ਨੂੰ ਮਿਲਣ ਵੀ ਗਿਆ।

ਏਸ ਨਾਵਲ 'ਚ ਸ਼ੁਰੂ ਤੋਂ ਕੁਝ ਘਟਣ ਲੱਗਦਾ ਹੈ ਤੇ ਫੇਰ ਘਟਦਾ ਹੀ ਜਾਂਦਾ ਹੈ। ਬਿਰਤਾਂਤ ਘਟ ਹੈ। ਨਾਲੋਂ-ਨਾਲ ਹੀ ਕਮਿਊਨਿਸਟ ਲਹਿਰ ਉੱਤੇ ਝਾਤ ਵੀ ਪੈਂਦੀ ਜਾਂਦੀ ਹੈ। ਨਾਵਲ ਮੰਦੇ-ਚੰਗੇ ਦੀ ਬਹਿਸ 'ਚ ਨਹੀਂ ਪੈਂਦਾ। ਪਾਤਰ ਉਸਾਰੀ ਜਾਂਦਾ ਹੈ। ਉਹ ਬਹੁ-ਪੱਖੀ ਤੇ ਬਹੁ-ਰੰਗੇ ਹਨ। ਪਾਤਰ ਆਪੋ ਆਪਣੀ ਰੁਚੀ ਤੇ ਸਮਝ ਅਨੁਸਾਰ ਨਤੀਜੇ ਕੱਢਦਾ ਜਾਂਦਾ ਹੈ। ਇਸ ਨਾਵਲ ਨੂੰ ਪੜ੍ਹਨ ਵਾਲਿਆਂ ਨੇ ਮੁਖ ਪਾਤਰ ਨੂੰ ਉਵੇਂ ਹੀ ਸਮਝਿਆ, ਜਿਵੇਂ ਉਹ ਸਮਝਣਾ ਚਾਹੁੰਦੇ ਸਨ। ਨੁਕਸ ਲੱਭਣ ਵਾਲਿਆਂ ਨੂੰ ਨੁਕਸ ਲੱਭੇ ਤੇ ਖੂਬੀਆਂ ਲੱਭਣ ਵਾਲੇ ਨੂੰ ਖੂਬੀਆਂ। ਮੈਨੂੰ ਨਿਰਾਸ਼ਤਾ ਏਸ ਗੱਲ 'ਤੇ ਹੋਈ ਕਿ ਮੈਂ ਨਾਵਲ ਕਮਿਊਨਿਸਟ ਲਹਿਰ 'ਤੇ ਲਿਖਿਆ ਸੀ, ਪਰ ਉਹ ਕਾਮਰੇਡ ਸੁਰਜੀਤ 'ਤੇ ਲਿਖਿਆ ਸਮਝਿਆ ਗਿਆ। ਇਹ ਗਲਪੀ ਭੁਲੇਖਾ ਪੈਣਾ ਸੁਭਾਵਕ ਸੀ।

ਏਸ ਨਾਵਲ ਦਾ ਅੰਤ ਵੀ ਨਾਟਕੀ ਸੀ। ਮੈਡਮ ਮੁਖ ਪਾਤਰ ਮਾਰਕਸੀ ਲੀਡਰ ਨੂੰ ਫੋਨ 'ਤੇ ਵਧਾਈ ਦੇਂਦੀ ਹੈ ਤੇ ਕਹਿੰਦੀ ਹੈ, ਅਸੀਂ ਜਿੱਤ ਗਏ ਹਾਂ। ਕੁਝ ਚਿਰ ਉਹਨੂੰ ਸਮਝ ਨਹੀਂ ਪੈਂਦੀ ਕਿ



ਅਸੀਂ ਆਪ ਜਿੱਤੇ ਹਾਂ ਕਿ ਕੋਈ ਹੋਰ ਜਿੱਤਿਆ ਹੈ। ਸਥਿਤੀ 'ਚ ਵਿਅੰਗ ਵੀ ਹੈ। ਜਿਸ ਪਾਰਟੀ ਦੀ ਬੁਨਿਆਦ ਹੀ ਕਾਂਗਰਸ-ਦੁਸ਼ਮਣੀ 'ਤੇ ਰੱਖੀ ਗਈ ਸੀ, ਉਸ ਪਾਰਟੀ ਨੇ ਹੀ ਕਾਂਗਰਸ ਨੂੰ ਜਿਤਵਾਉਣ ਲਈ ਜ਼ਮੀਨ ਅਸਮਾਨ ਇਕ ਕਰ ਦਿੱਤਾ ਸੀ।

ਕਲਪਨਾ ਦੀ ਮਹੱਤਤਾ ਇਸ ਗੱਲ ਤੋਂ ਸਮਝੀ ਜਾ ਸਕਦੀ ਹੈ ਕਿ ਜਿਸ ਸਮੇਂ ਕਾਮਰੇਡ ਕਿਰਤੀ ਦੀਆਂ ਮੀਟਿੰਗਾਂ ਵੱਖ-ਵੱਖ ਸਿਆਸਦਾਨਾਂ ਨਾਲ ਹੋਈਆਂ, ਮੈਂ ਬੂਹੇ ਪਿਛੋਂ ਲੁੱਕਾ ਸਭ ਕੁਝ ਸੁਣ ਨਹੀਂ ਸਾਂ ਰਿਹਾ। ਨਾ ਹੀ ਮੈਨੂੰ ਕਿਸੇ ਹੋਰ ਨੇ ਦੱਸਿਆ ਕਿ ਉਹਨਾਂ ਵਿਚ ਕੀ ਹੋਇਆ ਸੀ। ਜਦੋਂ ਮੈਂ ਆਪ ਪੁੱਛਣ ਕਾਮਰੇਡ ਸੁਰਜੀਤ ਕੋਲ ਗਿਆ, ਉਹ ਕੁਝ ਦੱਸਣ ਦੀ ਅਵਸਥਾ 'ਚ ਨਹੀਂ ਸਨ। ਮੈਨੂੰ ਏਨਾ ਹੀ ਕਹਿ ਸਕੇ, 'ਅਜੇ ਨਹੀਂ। ਮੈਂ ਢਿੱਲਾ ਹਾਂ। ਮਹੀਨੇ ਦੇ ਅਖੀਰ 'ਚ ਆਣਾਂ।' ਮਜ਼ਬੂਰਨ ਮੈਂ ਪਾਤਰਾਂ, ਉਹਨਾਂ ਦੀ ਸਿਆਸਤ ਤੇ ਆਸ਼ਿਆਂ ਤੇ ਉਸ ਵੇਲੇ ਦੀ ਸਥਿਤੀ ਨੂੰ ਮੁਖ ਰੱਖਦਿਆਂ ਸਾਰਾ ਕੁਝ ਆਪੇ ਹੀ ਕਲਪ ਲਿਆ। ਮੈਂ ਕਾਮਰੇਡ ਸੁਰਜੀਤ ਦੀ ਕੋਠੀ ਦਾ ਬਾਹਰਲਾ ਬਰਾਂਡਾ ਹੀ ਵੇਖਿਆ ਸੀ। ਉਹ ਕਮਰਾ ਵੀ ਨਹੀਂ ਸੀ ਵੇਖਿਆ ਹੋਇਆ, ਜਿੱਥੇ ਉਹ ਆਪਣਾ ਦਫਤਰ ਲਾ ਕੇ ਬਹਿੰਦੇ ਸਨ। ਨਾਵਲਕਾਰ ਨੂੰ ਸਭ ਕੁਝ ਵੇਖਣ ਤੇ ਸਭ ਕੁਝ ਸੁਣਨ ਦੀ ਲੋੜ ਨਹੀਂ ਹੋਣੀ ਚਾਹੀਦੀ।

ਮੇਰਾ ਨਾਵਲ ਨੂੰ ਕਲਮ 'ਚੋਂ ਕੱਢਣ ਦਾ ਕੰਮ ਬੜਾ ਚੀੜ੍ਹਾ ਹੈ। ਸਭ ਤੋਂ ਪਹਿਲਾਂ ਮੈਂ ਉਹਦੀ ਫਾਈਲ ਕੱਢਦਾ ਹਾਂ ਤੇ ਜੋ ਕੁਝ ਲਿਖਿਆ ਪਿਆ ਹੁੰਦਾ ਹੈ, ਉਹਨੂੰ ਕਹਾਣੀ ਦੀ ਚਾਲ ਅਨੁਸਾਰ, ਕਾਂਡਾਂ ਤੇ ਉਪਰ-ਕਾਂਡਾਂ ਨੂੰ ਮੁਖ ਰੱਖਦਿਆਂ ਜੋੜਦਾ ਹਾਂ। ਉਹਦੇ ਵਿਚੋਂ ਪਹਿਲੇ ਕਾਂਡ ਦੇ ਪਹਿਲੇ ਉਪ-ਕਾਂਡ 'ਚ ਕੰਮ ਆ ਸਕਣ ਵਾਲੇ ਕਾਗਜ਼ ਕੱਢਦਾ ਹਾਂ ਤੇ ਲਿਖਣਾ ਸ਼ੁਰੂ ਕਰਦਾ ਹਾਂ।

ਲਿਖਣ ਲਈ ਮੇਰੇ ਕੋਲ ਲੀਕਾਂ ਵਾਲੇ ਵੱਡੇ ਪੈਡ ਹੁੰਦੇ ਹਨ। ਲਿਖੇ ਜਾਣ ਵਾਲੇ ਸਫੇ ਦਾ ਪਿਛਲਾ ਹਿੱਸਾ ਖਾਲੀ ਰੱਖਦਾ ਹਾਂ ਤੇ ਉਹ ਅਗਲੇ ਸਫੇ ਦੇ ਉਪਰ ਆ ਜਾਂਦਾ ਹੈ। ਇਸ ਤਰ੍ਹਾਂ ਮੇਰੇ ਕੋਲ ਲਿਖੇ ਗਏ ਹਰ ਸਫੇ ਉੱਤੇ ਇਕ ਓਡਾ ਹੀ ਖਾਲੀ ਸਫਾ ਹੁੰਦਾ ਹੈ। ਜਦੋਂ ਦੋ ਤਿੰਨ ਸਫੇ ਲਿਖ ਲੈਂਦਾ ਹਾਂ, ਉਹ ਮੁੜ-ਪੜ੍ਹਦਾ ਹਾਂ। ਜੋ ਠੀਕ ਨਹੀਂ ਲੱਗਦਾ, ਉਹਨੂੰ ਓਥੋਂ ਕੱਟ ਕੇ ਉਪਰਲੇ ਸਫੇ ਤੇ ਨਵੀਂ ਤਰ੍ਹਾਂ ਲਿਖ ਲੈਂਦਾ ਹਾਂ। ਜੋ ਪਹਿਲੋਂ ਲਿਖਣੋਂ ਰਹਿ ਗਿਆ ਹੋਵੇ, ਉਹਨੂੰ ਵੀ ਉਪਰਲੇ ਸਫੇ 'ਤੇ ਹੀ ਲਿਖ ਲੈਂਦਾ ਹਾਂ। ਇਸ ਤਰ੍ਹਾਂ ਮੇਰੇ ਕੋਲ ਲਿਖਤ ਦਾ ਇਕ ਹੋਰ, ਕੁਝ ਬਦਲਿਆ, ਰੂਪ ਵੀ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਤਿੰਨ-ਤਿੰਨ ਸਫੇ ਕਰਕੇ ਲਿਖਤ ਚਲਦੀ ਰਹਿੰਦੀ ਹੈ। ਕਾਂਡ ਦੇ ਪੂਰੇ ਹੋ ਜਾਣ 'ਤੇ ਫਾਈਲ 'ਚੋਂ ਵੱਖ ਕੀਤੇ, ਵਰਤੇ ਗਏ ਤੇ ਅਵਰਤੇ ਰਹਿ ਗਏ, ਸਫੇ ਫਾੜ ਕੇ ਸੁੱਟ ਦੇਂਦਾ ਹਾਂ।

ਇਹ ਕੰਮ ਲਗਭਗ ਰੋਜ਼ ਕਰਦਾ ਹਾਂ। ਸ਼ੁਰੂ-ਸ਼ੁਰੂ 'ਚ ਮੈਂ ਸਵੇਰੇ ਪੰਜ ਵਜੇ ਉੱਠ ਕੇ ਦੋ ਘੰਟੇ ਲਗਾ ਰਹਿੰਦਾ ਸਾਂ। ਹੁਣ ਇਹ ਕੰਮ ਦਿਨੇ ਦਸ ਤੋਂ ਬਾਰਾਂ ਵਜੇ ਕਰਦਾ ਹਾਂ। ਲਿਖਣ ਲਈ ਏਨਾ ਸਮਾਂ ਕਾਫੀ ਹੁੰਦਾ ਹੈ। ਬਾਕੀ ਦਾ ਸਮਾਂ ਪੜ੍ਹਨ ਪੜ੍ਹਾਣ ਤੇ ਟੀਵੀ 'ਤੇ ਖ਼ਬਰਾਂ ਤੇ ਚਲਦੀ ਸਿਆਸਤ ਦੇ ਪ੍ਰੋਗਰਾਮ ਵੇਖਣ, ਡੀ. ਵੀ. ਡੀ. ਤੇ ਕੋਈ ਫਿਲਮ ਵੇਖਣ ਤੇ ਹੋਰ ਛੋਟੇ ਮੋਟੇ ਆਹਰਾਂ ਦੇ ਲੇਖੇ ਲੱਗ ਜਾਂਦਾ ਹੈ।

ਨਾਵਲ ਦਾ ਦੋਹਰੀ ਲਿਖਾਈ ਵਾਲਾ ਪਹਿਲਾ ਰੂਪ ਪੰਜ ਛੇ ਮਹੀਨਿਆਂ 'ਚ ਤਿਆਰ ਹੋ ਜਾਂਦਾ ਹੈ। ਉਹਨੂੰ ਮੈਂ ਡੇਢ ਦੋ ਮਹੀਨੇ ਸੁਕਣੇ ਪਾ ਦੇਂਦਾ ਹਾਂ ਤੇ ਆਪਣੇ ਹੋਰ ਕੰਮ ਕਰਦਾ ਹਾਂ। ਕੋਈ ਕਹਾਣੀ ਲਿਖਦਾ ਹਾਂ। ਕਹਾਣੀਆਂ ਦੀ ਫਾਈਲ ਵੀ ਬਣੀ ਹੁੰਦੀ ਹੈ। ਕੋਈ ਨਵੀਂ ਕਿਤਾਬ ਪੜ੍ਹਦਾ ਹਾਂ। ਪਰ ਇਹ ਸਾਰਾ ਸਮਾਂ ਵੀ ਨਜ਼ਰੋਂ ਓਹਲੇ ਕੀਤੇ ਲਿਖਤ ਕਦੀ ਗੂਹੜੇ, ਕਦੀ ਫਿੱਕੇ ਪਰਛਾਵੇਂ ਵਾਂਗ ਮੇਰੇ ਨਾਲ ਰਹਿੰਦੀ ਹੈ।

ਫੇਰ ਇਕ ਦਿਨ ਇਹ ਲਿਖਤ ਕੱਢੀ ਜਾਂਦੀ ਹੈ ਤੇ ਉਸਦਾ ਦੂਜਾ ਤੇ ਅੰਤਿਮ ਰੂਪ ਤਿਆਰ ਕਰਨ ਦਾ ਕੰਮ ਸ਼ੁਰੂ ਹੁੰਦਾ ਹੈ। ਇਹਦੇ 'ਚ ਪਹਿਲੇ ਜਿੰਨਾ ਸਿਰ ਨਹੀਂ ਖਪਦਾ। ਜਿੱਥੇ ਕਿਤੇ

ਮਾਸ ਜ਼ਿਆਦਾ ਹੁੰਦਾ ਹੈ, ਲਾਹ ਦੇਂਦਾ ਹਾਂ। ਜਿੱਥੇ ਹੱਡੀ ਹੀ ਹੱਡੀ ਹੁੰਦੀ ਹੈ, ਓਥੇ ਮਾਸ ਗਲੇਫਦਾ ਜਾਂਦਾ ਹਾਂ। ਕਿਤੇ ਕੋਈ ਛੋਹ ਲਾਉਂਦਾ ਹਾਂ। ਕਿਤੇ ਕੋਈ ਝੀਤ ਭਰਦਾ ਹਾਂ। ਕਿਤੇ ਕੋਈ ਰੰਗ ਲਾਉਂਦਾ ਹਾਂ। ਹੁਣ ਲਿਖਿਆ ਖੁਸ਼ਖ਼ਤ ਜਾਂਦਾ ਹੈ, ਤਾਂ ਜੋ ਟਾਈਪਿਸਟ ਨੂੰ ਪੜ੍ਹਨ 'ਚ ਮੁਸ਼ਕਿਲ ਨਾ ਹੋਵੇ। ਲਿਖਣ ਦੀ ਰਫਤਾਰ ਪਹਿਲਾਂ ਨਾਲੋਂ ਤੇਜ਼ ਹੁੰਦੀ ਹੈ। ਇਹ ਲਿਖਤ ਮੈਂ ਖੁੱਲ੍ਹੇ, ਅਨੱਥੀ, ਲੀਕਾਂ ਵਾਲੇ ਸਫਿਆਂ 'ਤੇ ਲਿਖਦਾ ਹਾਂ।

ਇਹ ਦੂਜਾ ਤੇ ਅੰਤਿਮ ਰੂਪ ਤਿਆਰ ਕਰਨ 'ਚ ਮੈਨੂੰ ਚਾਰ ਕੁ ਮਹੀਨੇ ਲੱਗਦੇ ਹਨ। ਟਾਈਪ ਤੇ ਸੁਧਾਈ ਦੇ ਕੰਮ 'ਚ ਦੋ ਕੁ ਮਹੀਨੇ ਲੱਗ ਜਾਂਦੇ ਹਨ। ਇਸ ਤਰ੍ਹਾਂ ਜੇ ਪਹਿਲੀ ਤਿਆਰੀ ਦਾ ਸਮਾਂ ਨਾ ਪਾਇਆ ਜਾਵੇ, ਤਾਂ ਮੈਂ ਆਪਣਾ ਢਾਈ ਕੁ ਸੌ ਸਫੇ ਦਾ ਨਾਵਲ ਸਾਲ ਭਰ ਵਿਚ ਲਿਖ ਲੈਂਦਾ ਹਾਂ।

ਲਿਖ ਲੈਣ ਪਿਛੋਂ ਵੀ ਤਿਆਰੀ ਵਾਲੀ ਫਾਈਲ 'ਚ ਕਾਫੀ ਕੁਝ ਰਹਿ ਜਾਂਦਾ ਹੈ। ਹੁਣ ਉਹਦੀ ਲੋੜ ਨਹੀਂ ਰਹਿੰਦੀ। ਉਹਨੂੰ ਪਾੜ ਕੇ ਸੁੱਟ ਦੇਂਦਾ ਹਾਂ।

ਮੇਰਾ ਜਤਨ ਹੁੰਦਾ ਹੈ ਕਿ ਅੰਤਿਮ ਲਿਖਤ 'ਚ ਮੇਰੀ ਪਹਿਲੋਂ ਕੀਤੀ ਖੋਜ ਬਿੱਟ-ਬਿੱਟ ਵੇਖਦੀ ਨਾ ਦਿੱਸੇ। ਉਹ ਲਿਖਤ 'ਚ ਇੰਜ ਘੁਲੀ ਹੋਣੀ ਚਾਹੀਦੀ ਹੈ, ਜਿਵੇਂ ਸਰਬਤ 'ਚ ਮਿੱਠਾ। ਨਾ ਹੀ ਲਿਖਤ ਤੋਂ ਇਹ ਮਹਿਸੂਸ ਹੋਣਾ ਚਾਹੀਦਾ ਹੈ ਕਿ ਉਸ ਉੱਤੇ ਏਡੀ ਕਲਮ-ਘਸਾਈ ਹੋਈ ਹੈ। ਉਹਦੀ ਸੂਖਮਤਾ, ਸਰਲਤਾ ਤੇ ਰਵਾਨੀ ਕਾਇਮ ਰਹਿਣੀ ਚਾਹੀਦੀ ਹੈ।

ਮੇਰੀ ਲਿਖਤ ਦਾ ਪਹਿਲਾਂ ਰੂਪ ਇੰਜ ਲੱਗਦਾ ਹੈ, ਜਿਵੇਂ ਕੀੜੀਆਂ ਮਾਰੀਆਂ ਹੋਣ। ਪਰ ਅੰਤਿਮ ਰੂਪ ਇੰਜ ਲੱਗਦਾ ਹੈ, ਜਿਵੇਂ ਹਾਰ ਪਰੁੰਚਿਆ ਹੋਵੇ।

ਆਪਣੇ ਤਜ਼ਰਬੇ ਤੋਂ ਮੈਂ ਕਹਿ ਸਕਦਾ ਹਾਂ ਕਿ ਮੂਲ ਲਿਖਾਰੀ ਨੂੰ ਆਪਣੇ ਤੋਂ ਵੱਡੇ ਲੇਖਕਾਂ ਦਾ ਅਨੁਵਾਦ ਜ਼ਰੂਰ ਕਰਨਾ ਚਾਹੀਦਾ ਹੈ। ਇਹ ਉਹਦੇ ਹੁਨਰ ਤੇ ਸਮਰੱਥਾ ਨੂੰ ਦੂਣ ਸਵਾਇਆ ਕਰੇਗਾ। ਪੱਕਾ ਰਾਗ ਸਿੱਖਣ ਵਾਲੇ ਆਪਣੇ ਘਰਾਣੇ ਦੇ ਉਸਤਾਦ ਗਾਇਕਾਂ ਦੀਆਂ ਬੰਦਸ਼ਾਂ ਆਪਣੇ ਗਲਿਆਂ 'ਚੋਂ ਲੰਘਾਉਂਦੇ ਹਨ, ਭਾਵੇਂ ਉਹਨਾਂ ਗਾਉਣ ਦੀ ਖੁਦ ਆਪਣੀ ਸ਼ੈਲੀ ਵਿਕਸਤ ਕਰਨੀ ਹੁੰਦੀ ਹੈ। ਏਸ ਤਰ੍ਹਾਂ ਉਹਨਾਂ ਦੀ ਆਵਾਜ਼ 'ਚ ਲਚਕ ਤੇ ਡੂੰਘਾਈ ਆਉਂਦੀ ਹੈ ਤੇ ਉਹਨਾਂ ਦੀ ਕਲਪਨਾ ਨੂੰ ਪਰ ਲਗਦੇ ਹਨ। ਅਨੁਵਾਦ ਕਰਨ ਨਾਲ ਮੂਲ ਲੇਖਕ 'ਤੇ ਵੀ ਇਹੋ ਜਿਹਾ ਅਸਰ ਪੈ ਸਕਦਾ ਹੈ।

ਜਿਥੋਂ ਤੱਕ ਗਲਪ ਤੇ ਕਵਿਤਾ ਦਾ ਸਵਾਲ ਮੈਂ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਸਮਰੱਥ ਸਮਝਦਾ ਹਾਂ। ਉਹਦੇ 'ਚ ਕਿਸੇ ਹੋਰ ਵਧੇਰੇ ਵਿਕਸਤ ਸਮਝੀ ਜਾਂਦੀ ਭਾਸ਼ਾ ਦੇ ਕੋੜਕੂ ਪਾਉਣ ਦੀ ਲੋੜ ਮਹਿਸੂਸ ਨਹੀਂ ਕਰਦਾ।

ਜਦੋਂ ਮੇਰਾ ਨਾਵਲ ਪ੍ਰਕਾਸ਼ਕ ਕੋਲ ਚਲਾ ਜਾਂਦਾ ਹੈ, ਉਹਦੇ ਪਾਤਰ ਮੇਰੇ ਚੇਤੇ 'ਚੋਂ ਖਿਸਕਣ ਲਗਦੇ ਹਨ ਤੇ ਉਸ ਵਿਚ ਓਸ ਨਵੇਂ ਨਾਵਲ ਦੇ ਪਾਤਰ ਪ੍ਰਵੇਸ਼ ਕਰਨ ਲੱਗਦੇ ਹਨ, ਜਿਸਦੀ ਫਾਇਲ ਖੁੱਲ੍ਹੀ ਹੁੰਦੀ ਹੈ ਤੇ ਜਿਸ ਨੂੰ ਮੈਂ ਅੱਗੋਂ ਲਿਖਣਾ ਹੁੰਦਾ ਹੈ। ਇਹ ਵਕਫਾ ਕੁਝ ਮਹੀਨਿਆਂ ਦਾ ਹੁੰਦਾ ਹੈ। ਇਸ ਵਿਚ ਮੈਂ ਕਹਾਣੀਆਂ ਲਿਖਦਾ ਹਾਂ। ਉਹ ਕਿਤਾਬਾਂ ਪੜ੍ਹਦਾ ਹਾਂ, ਜਿਹੜੀਆਂ ਮੈਂ ਖਰੀਦਦਾ ਰਹਿੰਦਾ ਹਾਂ। ਮੁਖ ਕਰਕੇ ਅੰਗਰੇਜ਼ੀ ਦੀਆਂ। ਪੰਜਾਬੀ ਦੀਆਂ ਕਿਤਾਬਾਂ ਮੈਂ ਨਾਲੋਂ ਨਾਲ ਪੜ੍ਹੀ ਜਾਂਦਾ ਹਾਂ। ਮੈਂ ਸਮਝਦਾ ਹਾਂ ਕਿ ਲਿਖਣ ਵਾਲੇ ਨੂੰ ਬਹੁਤ ਪੜ੍ਹਨ ਚਾਹੀਦਾ ਹੈ। ਮੈਂ ਮੂਲ ਲਿਖਣਾ ਸ਼ੁਰੂ ਕਰਨ ਤੋਂ ਬਾਅਦ ਪੰਜਾਬੀ ਦਾ ਉਹ ਬੜਾ ਕੁਝ ਫੇਰ ਪੜ੍ਹਿਆ, ਜਿਹੜਾ ਮੈਂ ਛੋਟੀ ਉਮਰੇ ਪੜ੍ਹਿਆ ਹੋਇਆ ਸੀ। ਦੂਜੀ ਵਾਰੀ ਪੜ੍ਹਨ 'ਤੇ ਮੈਨੂੰ ਆਪਣੇ ਕਈ ਲੇਖਕ ਬੜੇ ਘਟ ਪਾਣੀ 'ਚ ਲੱਗੇ।



ਮੈਨੂੰ ਅਹਿਸਾਸ ਹੈ ਕਿ ਸਾਡਾ ਸਾਹਿਤ ਛੋਟਾ ਹੈ। ਪੰਜਾਬੀ ਕਰੋੜਾਂ ਹਨ, ਪਰ ਪੜ੍ਹਨ ਵਾਲਿਆਂ ਦੀ ਗਿਣਤੀ ਸੈਂਕੜਿਆਂ ਜਾਂ ਕੁਝ ਹਜ਼ਾਰਾਂ 'ਚ ਰਹਿ ਜਾਂਦੀ ਹੈ। ਸਾਡਾ ਪ੍ਰਕਾਸ਼ਨ ਅਵਿਕਸਤ ਹੈ। ਇਸ ਸਾਹਿਤ ਦੇ ਕਲਮਕਾਰ ਨੂੰ ਥੋੜ੍ਹੀ ਜਿਹੀ ਸੋਭਾ ਜਾਂ ਥੋੜ੍ਹੀ ਜਿਹੀ ਨਿੰਦਿਆ ਹੀ ਮਿਲ ਸਕਦੀ ਹੈ। ਜਾਂ ਥੋੜ੍ਹੀ ਜਿਹੀ ਤਸੱਲੀ ਕਿ ਛੋਟਾ ਮੋਟਾ ਕੋਈ ਮਾਅਰਕਾ ਮਾਰ ਲਿਆ ਹੈ ਤੇ ਕਿਤਾਬ ਵਾਲਾ ਅਖਵਾਉਣ ਲੱਗ ਪਿਆ ਹਾਂ। ਇਸ ਪ੍ਰਸੰਗ 'ਚ ਮੈਨੂੰ ਸਮਝ ਨਹੀਂ ਪੈਂਦੀ ਕਿ ਨਵੇਂ ਲੇਖਕ ਭੂਮਿਕਾਵਾਂ ਕਿਉਂ ਲਿਖਵਾਉਂਦੇ ਹਨ, ਘੁੰਡ ਚੁਕਾਈਆਂ ਤੇ ਗੋਸ਼ਟੀਆਂ ਕਿਉਂ ਕਰਵਾਉਂਦੇ ਹਨ। ਇਹਦੇ ਨਾਲ ਨਾਂ ਹੋਰ ਰੋਸ਼ਨ ਨਹੀਂ ਹੋ ਜਾਂਦਾ ਤੇ ਨਾ ਹੀ ਕਿਤਾਬ ਦੀ ਵਿਕਰੀ ਵਧਦੀ ਹੈ। ਮੈਂ ਸ਼ੁਰੂ ਤੋਂ ਹੀ ਨਾ ਕਦੀ ਕੋਈ ਭੂਮਿਕਾ ਲਿਖਵਾਈ ਤੇ ਨਾ ਘੁੰਡ ਚੁਕਵਾਇਆ ਹੈ ਤੇ ਨਾ ਹੀ ਆਪ ਕੋਈ ਗੋਸ਼ਟੀ ਕਰਵਾਈ ਹੈ। ਮਾੜੇ ਮੋਟੇ ਪਰਚਿਆਂ 'ਚ ਰੀਵਿਊ ਕਰਾਉਣ ਨਾਲ ਵੀ ਬਹੁਤਾ ਫਰਕ ਨਹੀਂ ਪੈਂਦਾ। ਰੀਵਿਊ ਜਾਂ ਉਕਾ ਹੀ ਪੜ੍ਹੇ ਨਹੀਂ ਜਾਂਦੇ, ਜਾਂ ਬਹੁਤ ਘਟ ਪੜ੍ਹੇ ਜਾਂਦੇ ਹਨ। ਮੈਂ ਆਪਣੇ ਰੀਵਿਊ ਪੜ੍ਹਦਾ ਹਾਂ, ਪਰ ਬਹੁਤੀ ਵਾਰੀ ਰੱਖਦਾ ਨਹੀਂ। ਮੈਨੂੰ ਸੁਰਖਿਅਤ ਟਿੱਪਣੀ ਦੀ ਬੜੀ ਕਦਰ ਹੈ। ਭਾਵੇਂ ਲਿਖਤੀ ਹੋਵੇ, ਭਾਵੇਂ ਜ਼ੁਬਾਨੀ। ਹੁੰਦੀ ਇਹ ਘਟ-ਵਧ ਹੀ ਹੈ। ਅੱਜਕਲ੍ਹ ਸਾਡੀ ਆਲੋਚਨਾ-ਭਾਸ਼ਾ 'ਚ ਮੌਕਾ ਬੇ-ਮੌਕਾ ਲਫਜ਼ ਹਾਸਿਲ ਬਹੁਤ ਵਰਤਿਆ ਜਾਂਦਾ ਹੈ। ਸ਼ਾਇਦ ਇਹਦਾ ਭਾਵ ਵਿਸ਼ੇਸ਼ ਪ੍ਰਾਪਤੀ ਹੈ। ਜੇ ਇੰਜ ਹੈ ਤਾਂ ਮੈਂ ਕਹਿ ਸਕਦਾ ਹਾਂ ਕਿ ਮੇਰੇ, ਛੋਟੇ ਸਾਹਿਤ ਦੇ ਇਕ ਕਲਮਕਾਰ ਦੇ ਲਿਖਣ ਦਾ ਹਾਸਿਲ ਏਸ ਤਰ੍ਹਾਂ ਦੇ ਹੀ ਕੋਈ ਟਿਪਣੀ ਹੀ ਹੈ।

ਸਾਡੇ ਸਾਹਿਤ 'ਚ ਇਕ ਅਜੀਬ ਪਿਰਤ ਪਈ ਹੋਈ ਹੈ। ਇਹ ਨਹੀਂ ਵੇਖਿਆ ਜਾਂਦਾ ਹੈ ਕਿ ਲੇਖਕ ਨੇ ਕੀ ਲਿਖਿਆ ਹੈ (ਉਹਦੇ ਲਈ ਪੜ੍ਹਨਾ ਪੈਂਦਾ ਹੈ) ਸਗੋਂ ਇਹ ਵੇਖਿਆ ਜਾਂਦਾ ਹੈ ਕਿ ਲੇਖਕ ਨੇ ਕਲਮ ਘਸਾਈ ਕਦੋਂ ਸ਼ੁਰੂ ਕੀਤੀ। ਜਿਸ ਲੇਖਕ ਨੇ ਸਾਹਿਤ ਦੇ ਵਿਹੜੇ 'ਚ ਮੂਹੜਾ ਪਹਿਲੋਂ ਢਾਹਿਆ ਹੋਵੇ, ਉਹਨੂੰ ਵਧੇਰੇ ਆਦਰ ਮਾਨ ਦਾ ਪਾਤਰ ਸਮਝਿਆ ਜਾਂਦਾ ਹੈ, ਉਹਦੀ ਲਿਖਤ ਜਿਹੋ ਜਿਹੀ ਵੀ ਹੋਵੇ। ਮੈਨੂੰ ਲਿਖਦਿਆਂ ਅਜੇ ਦਹਾਕਾ ਵੀ ਨਹੀਂ ਹੋਇਆ। ਫੇਰ ਵੀ ਮੈਂ ਓਨਾ ਕੁਝ ਲਿਖ ਲਿਆ ਹੈ, ਜਿੰਨਾ ਤਜ਼ਰਬੇਕਾਰਾਂ ਨੇ ਦੋ-ਤਿੰਨ ਦਹਾਕਿਆਂ 'ਚ ਲਿਖਿਆ ਹੈ। ਫੇਰ ਵੀ ਮੇਰੀ ਥਾਂ ਕਿਸੇ ਪਿਛਲੀ ਪਾਲ 'ਚ ਹੀ ਰਹਿੰਦੀ ਹੈ।

ਮੇਰੀ ਇਸ ਥਾਂ ਨੂੰ ਏਸ ਸਾਲ ਮੇਰੇ ਨਾਵਲ 'ਭਾਊ' ਨੇ ਕੁਝ ਬਦਲਿਆ ਹੈ। ਇਹ ਬੜਾ ਵਿਕਿਆ, ਪੜ੍ਹਿਆ ਗਿਆ ਤੇ ਚਰਚਿਤ ਹੋਇਆ। ਚਰਚਾ ਦੇਸ ਭਰ ਦੇ ਅੰਗਰੇਜ਼ੀ ਅਖ਼ਬਾਰਾਂ ਤੱਕ ਗਈ। ਇਕ ਬਹੁਤ ਵੱਡੇ, ਸਾਰੇ ਭਾਰਤ 'ਚ ਛਪਦੇ ਅੰਗਰੇਜ਼ੀ ਅਖ਼ਬਾਰ ਨੇ ਤਾਂ ਉਚੇਚਾ ਅਨੁਵਾਦ ਕਰਾਕੇ, ਮੇਰੀ ਆਗਿਆ ਤੋਂ ਬਿਨਾਂ, ਨਾਵਲ ਦਾ ਇਕ ਕਾਂਡ ਵੀ ਛਾਪ ਦਿੱਤਾ। ਕਲਕੱਤੇ ਦੇ ਪ੍ਰਮੁੱਖ ਅੰਗਰੇਜ਼ੀ ਅਖਬਾਰ ਨੇ ਮੇਰੇ ਨਾਲ ਪੂਰੇ ਇਕ ਸਫੇ ਦੀ ਇੰਟਰਵਿਊ ਛਾਪੀ। ਮੈਂ ਸਮਝਦਾ ਹਾਂ ਕਿ ਇੰਜ ਕਿਉਂ ਹੋਇਆ। ਇਹ ਇਸ ਕਰਕੇ ਹੋਇਆ ਕਿ ਨਾਵਲ ਦਾ ਮੁਖ ਪਾਤਰ ਸਵਰਗੀ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਦੀ ਸ਼ਖ਼ਸੀਅਤ ਤੋਂ ਪ੍ਰੇਰਿਤ ਸੀ। ਜੇ ਨਾਵਲ ਕਿਸੇ ਹੋਰ ਹਸਤੀ ਦੀ ਸ਼ਖ਼ਸੀਅਤ ਤੋਂ ਉਗਮਿਆ ਹੁੰਦਾ ਤੇ ਏਡੀ ਚਰਚਾ ਬਿਲਕੁਲ ਨਾ ਹੁੰਦੀ। ਮੈਨੂੰ ਵੀ ਕੋਈ ਭਰਮ ਨਹੀਂ ਹੋਇਆ। ਮੈਂ 'ਭਾਊ' ਨੂੰ ਆਪਣਾ ਸਭ ਤੋਂ ਚੰਗਾ ਨਾਵਲ ਨਹੀਂ ਸਮਝਦਾ। ਪਰ ਜੇ ਪਾਠਕ ਇਹਨੂੰ ਪੜ੍ਹ ਕੇ ਮੇਰੇ ਦੂਜੇ ਨਾਵਲ ਵੀ ਪੜ੍ਹਨ ਲੱਗ ਪੈਣ ਤਾਂ ਮੈਂ ਇਹਨੂੰ ਵੀ ਆਪਣੇ ਲਿਖਣ ਦਾ ਹਾਸਿਲ ਸਮਝ ਲਵਾਂਗਾ।

# ਨਾਵਲ ਸਿਰਜਦਿਆਂ ਹੋਇਆ/ਇੰਦਰ ਸਿੰਘ ਖਾਮੋਸ਼

ਪਿਛਲੀ ਸਦੀ ਦੇ ਪੰਜਾਵਿਆਂ ਦੇ ਦਹਾਕੇ ਵਿਚ ਮੈਨੂੰ ਮੇਰੇ ਇਕ ਦੋਸਤ ਨੇ ਅਮਰੀਕਨ ਨਾਵਲਕਾਰ ਇਰਵਿੰਗ ਸਟੋਨ ਦਾ ਨਾਵਲ 'ਲਸਟ ਫਾਰ ਲਾਈਫ' ਪੜ੍ਹਨ ਵਾਸਤੇ ਦਿੱਤਾ। ਇਹ ਨਾਵਲ ਜਗਤ ਪ੍ਰਸਿੱਧ ਚਿਤਰਕਾਰ ਵੈਨ ਗੌਗ ਦੀ ਜ਼ਿੰਦਗੀ 'ਤੇ ਅਧਾਰਤ ਹੈ। ਮੈਨੂੰ ਇਸ ਨਾਵਲ ਨੇ ਬਹੁਤ ਪ੍ਰਭਾਵਿਤ ਕੀਤਾ। ਪੰਜਾਬੀ ਵਿਚ ਮੈਨੂੰ ਅਜਿਹੇ ਨਾਵਲਾਂ ਦੀ ਘਾਟ ਮਹਿਸੂਸ ਹੋਈ। ਪਰ ਉਸ ਸਮੇਂ ਮੈਂ ਅਜਿਹਾ ਨਾਵਲ ਨਹੀਂ ਸੀ ਲਿਖ ਸਕਦਾ ਕਿਉਂਕਿ ਮੇਰੇ ਅੰਦਰ ਗਲਪਕਾਰਾਂ ਵਾਲਾ ਕੋਈ ਗੁਣ ਨਹੀਂ ਸੀ। ਉਸ ਸਮੇਂ ਮੈਂ ਸਿਰਫ ਕਵਿਤਾ ਲਿਖਦਾ ਸਾਂ ਅਤੇ ਉਹ ਵੀ ਸਟੇਜੀ ਪੱਧਰ ਦੀ। ਸੋਚਿਆ ਜੇਕਰ ਮੈਂ ਨਾਵਲਕਾਰ ਹੁੰਦਾ 'ਲਸਟ ਫਾਰ ਲਾਈਫ' ਵਰਗਾ ਨਾਵਲ ਜ਼ਰੂਰ ਲਿਖਦਾ। ਕਹਿੰਦੇ ਹਨ ਕਿ ਜੇਕਰ ਇੱਛਾਵਾਂ ਘੋੜੇ ਹੁੰਦੀਆਂ ਤਾਂ ਸ਼ੇਖਚਿਲੀ ਕਿਸਮ ਦੇ ਲੋਕਾਂ ਕੋਲ ਇੱਛਾਵਾਂ ਦੇ ਸਭ ਨਾਲੋਂ ਵੱਧ ਘੋੜੇ ਹੁੰਦੇ। ਇੱਛਾ ਜ਼ਰੂਰ ਸੀ ਨਾਵਲਕਾਰ ਬਣਨ ਦੀ ਅਤੇ ਇਹ ਇੱਛਾ ਜਾਂ ਰੀਝ ਮੇਰੇ ਅੰਦਰ ਪੰਦਰਾਂ ਸੋਲ੍ਹਾਂ ਸਾਲ ਦੀ ਉਮਰ ਵਿਚ ਪੈਦਾ ਹੋ ਗਈ ਸੀ ਜਦ ਮੈਨੂੰ ਨੌਂਵੀ ਜਮਾਤ ਵਿੱਚ ਸ. ਨਾਨਕ ਸਿੰਘ ਦੇ ਨਾਵਲ ਪੜ੍ਹਨ ਦਾ ਮੌਕਾ ਮਿਲਿਆ। ਇਹ 1946 ਦੀ ਗੱਲ ਹੈ। ਇਸ ਰੀਝ ਦਾ ਸਿੱਟਾ ਇਹ ਹੋਇਆ ਕਿ ਮੈਂ ਨਾਵਲਾਂ ਦਾ ਪੱਕਾ ਪਾਠਕ ਬਣ ਗਿਆ। ਪੰਜਾਬੀ ਤੋਂ ਇਲਾਵਾ ਮੈਂ ਅੰਗਰੇਜ਼ੀ ਅਤੇ ਪ੍ਰਸਿੱਧ ਰੂਸੀ ਨਾਵਲਕਾਰਾਂ ਦੇ ਨਾਵਲ ਵੀ ਪੜ੍ਹੇ। ਮੈਂ ਕਿਧਰੇ ਪੜ੍ਹਿਆ ਸੀ ਕਿ ਜੇਕਰ ਕਿਸੇ ਨੇ ਨਾਵਲਕਾਰ ਬਣਨਾ ਹੋਵੇ ਉਸਨੂੰ ਪਹਿਲਾਂ ਆਪਣੇ ਮਨਪਸੰਦ ਨਾਵਲਾਂ ਦਾ ਅਨੁਵਾਦ ਕਰਨਾ ਚਾਹੀਦੈ। ਪੰਜਾਵਿਆਂ ਅਤੇ ਸੱਠਵਿਆਂ ਦੇ ਦਹਾਕੇ ਵਿਚ ਰੂਸੀ ਕਿਤਾਬਾਂ ਬੜੀ ਘੱਟ ਕੀਮਤ 'ਤੇ ਮਿਲ ਜਾਂਦੀਆਂ ਸਨ। ਮੈਂ ਬੀ. ਏ. ਪਾਸ ਕਰਨ ਪਿਛੋਂ ਕੁਝ ਰੂਸੀ ਸਾਹਿਤਕਾਰਾਂ ਦੇ ਨਾਵਲ ਅਨੁਵਾਦ ਕੀਤੇ ਜਿਵੇਂ ਚੈਖੋਵ ਦਾ ਵਾਰਡ ਨੰ. 6, ਤਾਲਸਤਾਏ ਦਾ ਕਰੂਜ਼ਰ ਸੋਨਾਟਾ ਅਤੇ ਤਿਖਨ ਸਾਈਮੁਸ਼ਕਿਨ ਦਾ ਐਲੀਤਤ ਗੋਜ਼ ਟੂ 'ਦ ਹਿਲਜ਼।

ਸਾਹਿਤ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਸੱਠਵਿਆਂ ਦੇ ਦਹਾਕੇ ਵਿਚ ਪਹਿਲਾਂ ਮੈਂ ਪੰਜਾਬੀ ਅਤੇ ਫੇਰ ਅੰਗਰੇਜ਼ੀ ਦੀ ਐਮ. ਏ. ਕੀਤੀ। ਪਰ ਮੇਰੇ ਅੰਦਰਲਾ ਗਲਪਕਾਰ ਮੇਰੇ ਅੰਦਰ ਹੀ ਕਿਧਰੇ ਗੂੜੀ ਨੀਂਦ ਸੁੱਤਾ ਪਿਆ ਸੀ। ਉਸ ਨੂੰ ਜਗਾਉਣ ਦੀ ਕੋਸ਼ਿਸ਼ ਵਿਚ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਜਿਹੜੀਆਂ 'ਆਰਸੀ' ਵਰਗੇ ਰਸਾਲਿਆਂ ਵਿੱਚ ਪ੍ਰਕਾਸ਼ਤ ਹੋਈਆਂ। ਪਰ ਕਹਾਣੀਆਂ ਮੈਂ ਇਉਂ ਨਹੀਂ ਸੀ ਲਿਖਦਾ ਜਿਵੇਂ ਚੈਖੋਵ ਲਿਖਦਾ ਸੀ ਜਾਂ ਫਰਾਂਸੀਸੀ ਲੇਖਕ ਸਾਮਰਸੱਟ ਮਾਮ ਲਿਖਦਾ ਸੀ। ਚੈਖੋਵ ਅਠਾਰਾਂ ਉਨੀ ਸਾਲ ਦੀ ਉਮਰ ਵਿਚ ਕਹਾਣੀਆਂ ਲਿਖਣ ਲੱਗ ਪਿਆ ਸੀ ਅਤੇ ਇਕ ਦਿਨ ਵਿਚ ਉਹ ਤਿੰਨ-ਤਿੰਨ ਕਹਾਣੀਆਂ ਲਿਖ ਲੈਂਦਾ ਸੀ। ਉਹ ਕਿਸੇ ਵੀ ਸਮੇਂ, ਕਿਸੇ ਵੀ ਥਾਂ, ਕਿਸੇ ਵੀ ਵਿਸ਼ੇ ਤੇ ਕਹਾਣੀ ਲਿਖ ਸਕਦਾ ਸੀ। ਸਾਮਰਸੱਟ ਮਾਮ ਆਖਦਾ ਹੁੰਦਾ ਸੀ ਕਿ ਉਹ ਕਹਾਣੀਆਂ ਇਉਂ ਲਿਖਣ ਲੱਗ ਪਿਆ ਜਿਵੇਂ ਬੱਤਖ ਦਾ ਬੱਚਾ ਪਾਣੀ ਉਪਰ ਤਰਨ ਲੱਗ ਜਾਂਦਾ ਹੈ। ਪਰ ਮੈਂ ਨਾ ਚੈਖੋਵ ਸੀ, ਨਾ ਹੀ ਸਾਮਰਸੱਟ ਮਾਮ। ਮੈਂ ਹਰ ਕਹਾਣੀ ਕਿੱਲ ਕੇ ਲਿਖਦਾ ਸੀ। ਕਈ ਕਈ ਵਾਰ ਇਕ ਕਹਾਣੀ ਨੂੰ ਲਿਖਦਾ ਸੀ ਤਾਂ ਕਿਧਰੇ ਜਾ ਕੇ ਕਹਾਣੀ ਬਣਦੀ ਸੀ। ਸੱਤ ਅੱਠ ਸਾਲਾਂ 'ਚੋਂ ਮੈਂ ਮਸਾਂ ਦਸ ਕਹਾਣੀਆਂ ਲਿਖ ਸਕਿਆ। 1975 ਵਿਚ ਆਪਣਾ ਕਹਾਣੀ ਸੰਗ੍ਰਹਿ 'ਤੱਤ ਲਹੂ ਠੰਢਾ ਲਹੂ' ਪ੍ਰਕਾਸ਼ਤ ਕਰਨ ਪਿਛੋਂ ਮੇਰੇ ਅੰਦਰਲਾ ਕਹਾਣੀਕਾਰ ਵੀ ਠੰਢਾ ਹੋ ਗਿਆ। ਮੈਂ ਫੈਸਲਾ ਕਰ ਲਿਆ ਕਿ ਹੁਣ ਮੈਂ ਲੇਖਕ ਨਹੀਂ ਸਿਰਫ ਪਾਠਕ ਬਣ ਕੇ ਸਾਹਿਤ ਨਾਲ ਜੁੜਿਆ ਰਹਾਂਗਾ। ਉਹ ਸਮੇਂ ਮੇਰੀ ਉਮਰ 44-45 ਸਾਲ ਸੀ। ਕੁਦਰਤ ਨੂੰ ਮੇਰਾ ਇਹ ਫੈਸਲਾ ਮਨਜ਼ੂਰ ਨਹੀਂ ਸੀ। ਸੱਤਰਿਆਂ ਦਾ ਦਹਾਕਾ ਮੇਰੀ ਜ਼ਿੰਦਗੀ ਦੇ ਤੂਫਾਨੀ ਦਹਾਕਿਆਂ ਵਿਚੋਂ ਇਕ ਹੈ। ਮੈਂ ਹਾਲਾਤ ਦੇ ਤੂਫਾਨ ਵਿਚ



ਅਜਿਹਾ ਘਿਰਿਆ ਕਿ ਮੇਰੇ ਦਿਲ ਦਾ ਚੈਨ ਅਤੇ ਰਾਤਾਂ ਦੀ ਨੀਂਦ ਹਰਾਮ ਹੋ ਗਈ। ਨੀਂਦ ਦੀ ਗੋਲੀ ਖਾਕੇ ਸੌਂਦਾ। ਅੱਧੀ ਰਾਤ ਜਾਗ ਆ ਜਾਂਦੀ। ਸਮੱਸਿਆਵਾਂ ਦਿਮਾਗ ਨੂੰ ਪ੍ਰੇਸ਼ਾਨ ਕਰਦੀਆਂ। ਉਨ੍ਹਾਂ ਤੋਂ ਖਹਿੜਾ ਛੁੜਾਉਣ ਲਈ ਮੈਂ ਕਾਪੀ ਅਤੇ ਪੈਨ ਲੈ ਕੇ ਬੈਠ ਜਾਂਦਾ। ਜੋ ਕੁਝ ਦਿਮਾਗ ਵਿੱਚ ਆਈ ਜਾਂਦਾ, ਲਿਖੀ ਜਾਂਦਾ। ਇਸ ਇੱਕ ਸਾਲ ਬਾਅਦ ਜੋ ਮੈਂ ਕੁਝ ਲਿਖਿਆ ਸੀ ਪੜ੍ਹਕੇ ਦੇਖਿਆ/ ਸੋਚਿਆ ਜੇਕਰ ਮੈਂ ਇਸ ਸਾਰੇ ਕੁਝ ਨੂੰ ਤਰਤੀਬ ਦੇਵਾਂ ਤਾਂ ਇਹ ਨਾਵਲ ਬਣ ਸਕਦਾ ਹੈ। ਨਾਵਲ ਦੀ ਵਿਧਾ ਬਾਰੇ ਮੈਂ ਚੰਗੀ ਤਰ੍ਹਾਂ ਜਾਣਦਾ ਸਾਂ। ਮਹਿਸੂਸ ਹੋਇਆ ਮੇਰੇ ਅੰਦਰ ਡਿੱਗਿਆ ਨਾਵਲਕਾਰ ਬਣਨ ਦੀ ਰੀਝ ਦਾ ਬੀਜ ਪੁੰਗਰ ਰਿਹਾ ਹੈ। ਜਿਉਂ ਜਿਉਂ ਮੈਂ ਆਪਣੇ ਲਿਖੇ ਨੂੰ ਤਰਤੀਬ ਦਿੰਦਾ ਗਿਆ ਪੁੰਗਰਿਆ ਬੀਜ ਪੂਰਾ ਬੂਟਾ ਬਣ ਗਿਆ ਤੇ ਉਸ ਨੂੰ ਪਹਿਲਾ ਫਲ ਲੱਗਿਆ। ਮੈਂ ਨਾਵਲ ਲਿਖਣ ਵਿਚ ਕਾਮਯਾਬ ਹੋਇਆ-ਨਾਉਂ ਰੱਖਿਆ 'ਰਿਸ਼ਤਿਆਂ ਦੇ ਰੰਗ' ਜੋ 1978 ਵਿਚ ਪ੍ਰਕਾਸ਼ਤ ਹੋਇਆ। ਉਸ ਸਮੇਂ ਮੇਰੀ ਉਮਰ ਸੰਤਾਲੀ ਸਾਲ ਸੀ। ਅਖੀਰ ਸੰਤਾਲੀ ਸਾਲ ਦੀ ਉਮਰ ਵਿਚ ਮੈਂ ਨਾਵਲਕਾਰ ਬਣ ਗਿਆ। ਹਾਲਾਤ ਦੇ ਤੂਫਾਨ ਦੀ ਸ਼ਿੱਦਤ ਅਜੇ ਪਹਿਲਾਂ ਵਾਂਗ ਹੀ ਬਰਕਰਾਰ ਸੀ। ਪਹਿਲਾ ਨਾਵਲ ਪ੍ਰਕਾਸ਼ਤ ਹੋਣ ਤੋਂ ਪਹਿਲਾਂ ਹੀ ਮੈਂ ਦੂਜਾ ਨਾਵਲ ਲਿਖਣਾ ਸ਼ੁਰੂ ਕਰ ਦਿੱਤਾ ਸੀ। ਉਹ ਮੈਂ 'ਚਾਨਣ ਦਾ ਜੰਗਲ' ਨਾਉਂ ਨਾਲ 1980 ਵਿੱਚ ਪ੍ਰਕਾਸ਼ਤ ਕਰਵਾਇਆ। ਮੇਰੇ ਦੋਵੇਂ ਨਾਵਲਾਂ ਦੀ ਭਰਪੂਰ ਚਰਚਾ ਹੋਈ। ਦੂਜੇ ਨਾਵਲ ਦੀ ਚਰਚਾ ਅਖ਼ਬਾਰਾਂ ਵਿਚ ਵੀ ਆ ਗਈ। ਪਹਿਲੇ ਨਾਵਲ ਨਾਲ ਮੈਂ ਕਾਮਰੇਡ ਸੁਰਜੀਤ ਸਿੰਘ ਵਰਗਿਆਂ ਦੀ ਨਿਗਾਹ ਵਿਚ ਆਇਆ। ਪਰ ਦੂਜੇ ਨਾਵਲ ਨੇ ਮੈਨੂੰ ਡਾ. ਜੋਗਿੰਦਰ ਸਿੰਘ ਰਾਹੀ ਅਤੇ ਡਾ. ਸੁਖਦੇਵ ਸਿੰਘ ਖਾਹਰਾ ਵਰਗੇ ਨਾਵਲ ਦੇ ਵਿਸ਼ੇਸ਼ਗਾਂ ਨੇ ਕਾਮਯਾਬ ਨਾਵਲਕਾਰ ਸਵੀਕਾਰ ਕੀਤਾ। ਪੰਜਾਬੀ ਸਾਹਿਤ ਸਮੀਖਿਆ ਬੋਰਡ ਨੇ ਮੇਰੇ ਇਸ ਨਾਵਲ ਨੂੰ 1980 ਦਾ ਸਰਵੋਤਮ ਨਾਵਲ ਮੰਨ ਕੇ ਸਨਮਾਨਤ ਕੀਤਾ। ਰੂਸੀ ਸਾਹਿਤਕਾਰਾਂ ਬਾਰੇ ਨਾਵਲ ਲਿਖਣ ਤੋਂ ਪਹਿਲਾਂ ਮੈਂ ਤਿੰਨ ਹੋਰ ਨਾਵਲ 'ਇਕ ਤਾਜ ਮਹਿਲ ਹੋਰ' (1987), 'ਬੁੱਕਲ ਦਾ ਰਿਸ਼ਤਾ' (1991) ਅਤੇ 'ਕਰਜ਼ਈ ਸੁਪਨੇ'(1998) ਪ੍ਰਕਾਸ਼ਤ ਕਰਵਾਏ।

ਜਿਸ ਸਮੇਂ ਮੈਂ ਆਪਣਾ ਨਾਵਲ 'ਕਰਜ਼ਈ ਸੁਪਨੇ' ਲਿਖ ਰਿਹਾ ਸਾਂ ਮੈਨੂੰ 1993 ਵਿੱਚ ਰੂਸੀ ਵਿਦਵਾਨ ਵਿਕਟਰ ਸ਼ਕਲੋਵਸਕੀ ਦੀ ਲਿਖੀ ਤਾਲਸਤਾਏ ਦੀ ਜੀਵਨੀ 'ਲਿਓ ਤਾਲਸਤਾਏ' ਪੜ੍ਹਨ ਦਾ ਅਵਸਰ ਮਿਲਿਆ। ਤਾਲਸਤਾਏ ਦੇ ਪਰਿਵਾਰਕ ਜੀਵਨ ਬਾਰੇ ਪੜ੍ਹਕੇ ਮੇਰੇ ਮਨ ਅੰਦਰ ਤਾਲਸਤਾਏ ਦੇ ਜੀਵਨ ਤੇ ਅਧਾਰਤ ਨਾਵਲ ਲਿਖਣ ਦਾ ਖਿਆਲ ਆਇਆ। ਹੁਣ ਮੈਂ ਆਪਣੇ ਆਪ ਨੂੰ 'ਲਸਟ ਫਾਰ ਲਾਈਫ' ਵਰਗਾ ਨਾਵਲ ਲਿਖਣ ਦੇ ਸਮਰੱਥ ਸਮਝਦਾ ਸਾਂ।

ਤਾਲਸਤਾਏ ਬਾਰੇ ਨਾਵਲ ਲਿਖਣ ਲਈ ਵਿਕਟਰ ਸ਼ਕਲੋਵਸਕੀ ਦੀ ਕਿਤਾਬ ਵਿਚ ਦਿੱਤੀ ਸਮੱਗਰੀ ਕਾਫੀ ਨਹੀਂ ਸੀ। ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਅਜਿਹੇ ਮਹਾਨ ਸਾਹਿਤਕਾਰ ਬਾਰੇ ਨਾਵਲ ਲਿਖਣ ਲਈ ਮੈਂ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ। ਕਿਤਾਬਾਂ ਦੀ ਸੂਚੀ ਮੈਂ ਪਾਠਕਾਂ ਦੀ ਜਾਣਕਾਰੀ ਲਈ ਨਾਵਲ ਦੇ ਅਖੀਰ ਵਿਚ ਦਿੱਤੀ ਹੋਈ ਹੈ।

ਸਾਰੀ ਸਮੱਗਰੀ ਇਕੱਠੀ ਕਰਨ ਪਿੱਛੋਂ ਵੀ ਮੇਰੇ ਸਾਹਮਣੇ ਕਈ ਸਮੱਸਿਆਵਾਂ ਸਨ। ਤੱਥਾਂ ਦੇ ਢੇਰ ਵਿਚੋਂ ਮੈਂ ਆਪਣੀ ਲੋੜ ਅਨੁਸਾਰ ਤੱਥ ਛਾਂਟ ਲਏ। ਪਰ ਨਾਵਲ ਸ਼ੁਰੂ ਕਰਨ ਲਈ ਮੇਰੇ ਸਾਹਮਣੇ ਨਾਵਲ ਦਾ ਪਹਿਲਾ ਕਾਂਡ ਸਮੱਸਿਆ ਬਣਕੇ ਖੜ ਗਿਆ।

ਜੇਕਰ ਮੈਂ ਤਾਲਸਤਾਏ ਦੀ ਜੀਵਨੀ ਲਿਖਣੀ ਹੁੰਦੀ ਮੈਨੂੰ ਕੋਈ ਔਖ ਮਹਿਸੂਸ ਨਹੀਂ ਸੀ ਹੋਣੀ। ਗੱਲ ਇਤਿਹਾਸਕ ਕਰਮ ਅਨੁਸਾਰ ਉਸਦੇ ਜਨਮ ਤੋਂ ਗੱਲ ਸ਼ੁਰੂ ਕਰ ਲੈਂਦਾ। ਪਰ ਮੈਂ ਤਾਲਸਤਾਏ ਬਾਰੇ ਨਾਵਲ ਲਿਖਣਾ ਸੀ। ਨਾਵਲ ਦਾ ਆਰੰਭ ਮੈਂ ਉਸਦੀ ਜ਼ਿੰਦਗੀ ਦੀ ਕਿਸੇ ਅਜਿਹੀ ਮਹੱਤਵਪੂਰਨ ਘਟਨਾ ਨਾਲ ਸ਼ੁਰੂ ਕਰਨਾ ਚਾਹੁੰਦਾ ਸੀ ਜੋ ਉਸਦੀ ਜ਼ਿੰਦਗੀ ਦਾ ਅਜਿਹਾ ਮੀਲ ਪੱਥਰ ਹੋਣਾ

ਚਾਹੀਦਾ ਸੀ ਜਿਥੇ ਖੜਕੇ ਮੈਂ ਉਸਦੇ ਅਤੀਤ ਅਤੇ ਭਵਿੱਸ਼ ਉਪਰ ਝਾਤ ਪਾਉਂਦਾ ਹੋਇਆ ਉਸਦੀ ਕਹਾਣੀ ਬਿਆਨ ਕਰ ਸਕਦਾ। ਤਾਲਸਤਾਏ ਦੀ ਜ਼ਿੰਦਗੀ ਅਜਿਹੀਆਂ ਮਹੱਤਵਪੂਰਨ ਘਟਨਾਵਾਂ ਨਾਲ ਭਰੀ ਹੋਈ ਸੀ ਜਿਨ੍ਹਾਂ ਵਿਚੋਂ ਕਿਸੇ ਨੂੰ ਮੈਂ ਨਾਵਲ ਦੇ ਪਹਿਲੇ ਕਾਂਡ ਲਈ ਵਰਤ ਸਕਦਾ ਸਾਂ। ਮੈਂ ਉਸ ਦੀਆਂ ਕਈ ਮਹੱਤਵਪੂਰਨ ਘਟਨਾਵਾਂ ਨਾਲ ਨਾਵਲ ਲਿਖਣਾ ਸ਼ੁਰੂ ਕਰ ਦਿੱਤਾ ਪਰ ਕੁਝ ਕਾਂਡ ਲਿਖਣ ਪਿਛੋਂ ਮੈਂ ਮਹਿਸੂਸ ਕਰਦਾ ਕਿ ਘਟਨਾ ਦੀ ਚੋਣ ਮੈਥੋਂ ਠੀਕ ਨਹੀਂ ਹੋਈ। ਮੇਰੀ ਸਮਝ ਅਨੁਸਾਰ ਨਾਵਲ ਦੇ ਪਹਿਲੇ ਕਾਂਡ ਦੀ ਸਮੱਸਿਆ ਬਾਕੀ ਸਮੱਸਿਆਵਾਂ ਨਾਲੋਂ ਔਖੀ ਹੁੰਦੀ ਹੈ। ਨਾਵਲ ਦਾ ਪਹਿਲਾ ਕਾਂਡ ਨਾਵਲ ਦੀ ਸਮੁੱਚੀ ਗੋਂਦ ਅਤੇ ਗਤੀ ਲਈ ਬਹੁਤ ਹੀ ਮਹੱਤਵਪੂਰਨ ਹੁੰਦਾ ਹੈ। ਪਹਿਲਾ ਕਾਂਡ ਨਾਵਲ ਦੇ ਸਮੁੱਚੇ ਢਾਂਚੇ ਲਈ ਰੀੜ੍ਹ ਦੀ ਹੱਡੀ ਦਾ ਕੰਮ ਕਰਦਾ ਹੈ। ਪਹਿਲੇ ਕਾਂਡ ਨੇ ਪਾਠਕ ਦੇ ਮਨ ਵਿਚ ਨਾਵਲ ਪੜ੍ਹਨ ਦੀ ਉਤਸੁਕਤਾ ਜਗਾਉਣੀ ਹੈ। ਪਹਿਲੇ ਕਾਂਡ ਵਿਚੋਂ ਪ੍ਰਾਪਤ ਕੀਤੀ ਸ਼ਕਤੀ ਨਾਲ ਨਾਵਲ ਨੇ ਨਿਰੰਤਰ ਗਤੀ ਨਾਲ ਅਗੇ ਵੱਧਣਾ ਹੁੰਦਾ ਹੈ। ਮੈਨੂੰ ਤਾਲਸਤਾਏ ਦੀ ਜ਼ਿੰਦਗੀ ਵਿਚ ਦੋ ਮਹੱਤਵਪੂਰਨ ਮੋੜ ਨਜ਼ਰ ਆਏ। ਪਹਿਲਾ ਮੋੜ ਉਸਦੀ ਜ਼ਿੰਦਗੀ ਵਿਚ ਉਮਰ ਦੇ ਚੌਹੀਵੇਂ ਸਾਲ ਵਿਚ ਆਇਆ ਜਦ ਉਹ ਸੋਨੀਆ ਨਾਲ ਸ਼ਾਦੀ ਕਰਵਾਉਣ ਦਾ ਫੈਸਲਾ ਕਰਦਾ ਹੈ। ਦੂਜਾ ਮੋੜ ਉਸਦੀ ਜ਼ਿੰਦਗੀ ਵਿਚ ਪੰਜਾਹਵੇਂ ਸਾਲ ਵਿਚ ਆਇਆ ਜਦ ਉਸ ਨੂੰ ਸਾਹਿਤ ਸਿਰਜਣਾ ਨਾਲ ਨਫਰਤ ਹੋ ਜਾਂਦੀ ਹੈ ਅਤੇ ਨਾਵਲ ਲਿਖਣ ਨੂੰ ਗੰਦਾ ਕੰਮ ਸਮਝਣ ਲੱਗ ਪੈਂਦਾ ਹੈ, ਉਸਦੀ ਜ਼ਿੰਦਗੀ ਦੇ ਇਹ ਦੋ ਮਹੱਤਵਪੂਰਨ ਮੋੜਾਂ ਅਨੁਸਾਰ ਮੇਰੇ ਸਾਹਮਣੇ ਤਾਲਸਤਾਏ ਦੇ ਕਿਰਦਾਰ ਦੇ ਤਿੰਨ ਰੂਪ ਸਾਕਾਰ ਹੋ ਗਏ। ਇੱਕ ਚੌਂਤੀ ਸਾਲ ਤੋਂ ਪਹਿਲਾਂ ਵਾਲਾ ਤਾਲਸਤਾਏ, ਦੂਜਾ ਚੌਂਤੀ ਸਾਲ ਤੋਂ ਪੰਜਾਹ ਸਾਲ ਤੱਕ ਦਾ ਤਾਲਸਤਾਏ ਅਤੇ ਤੀਜਾ ਪੰਜਾਹ ਤੋਂ ਬਾਅਦ ਵਾਲਾ ਤਾਲਸਤਾਏ।

ਮੈਂ ਉਸਦੇ ਚੌਤੀਵੇਂ ਸਾਲ ਨੂੰ ਨਾਵਲ ਦੇ ਪਹਿਲੇ ਕਾਂਡ ਨਿਸ਼ਚਿਤ ਕਰਕੇ ਨਾਵਲ ਲਿਖਣਾ ਸ਼ੁਰੂ ਕਰ ਲਿਆ ਅਤੇ ਮੈਂ ਇਸ ਨੂੰ ਛੇ ਵਾਰ ਲਿਖਕੇ ਆਪਣੀ ਤਸੱਲੀ ਅਨੁਸਾਰ ਨਾਵਲ ਲਿਖ ਲਿਆ। ਪਰ ਮੈਨੂੰ ਵਿਸ਼ਵਾਸ ਨਹੀਂ ਸੀ ਕਿ ਮੈਂ ਤਾਲਸਤਾਏ ਦੇ ਜੀਵਨ ਦਾ ਗਲਪੀਕਰਨ ਕਾਮਯਾਬੀ ਨਾਲ ਕਰ ਵੀ ਸਕਿਆ ਜਾਂ ਨਹੀਂ। ਕਿਉਂਕਿ ਨਾਵਲ ਲਿਖਣ ਤੋਂ ਪਹਿਲਾਂ ਮੈਨੂੰ ਡਾ. ਗੁਰਪਾਲ ਸਿੰਘ ਸੰਧੂ ਵਰਗਿਆਂ ਨੇ ਜੀਵਨੀਮੂਲਕ ਨਾਵਲ ਲਿਖਣ ਤੋਂ ਨਿਰਉਤਸ਼ਾਹਤ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿਉਂਕਿ ਡਾਕਟਰ ਸੰਧੂ ਅਨੁਸਾਰ ਅਜਿਹੇ ਨਾਵਲਾਂ ਨੂੰ ਕੋਈ ਨਹੀਂ ਪੜ੍ਹਦਾ। ਉਸਨੇ ਮੈਨੂੰ ਈਸ਼ਵਰ ਚਿਤਰਕਾਰ ਬਾਰੇ ਲਿਖੇ ਨਾਵਲ ਦੀ ਮਿਸਾਲ ਵੀ ਦਿੱਤੀ ਸੀ। ਫੇਰ ਵੀ ਸੰਧੂ ਸਾਹਿਬ ਦੀ ਅਜਿਹੀ ਰਾਇ ਦੇ ਬਾਵਜੂਦ ਮੈਂ ਨਾਵਲ ਲਿਖ ਲਿਆ ਸੀ। ਪਰ ਮੇਰੇ ਮਨ ਵਿਚ ਕਈ ਡਰ ਸਨ। ਤਾਲਸਤਾਏ ਦੀ ਪ੍ਰਸਿੱਧੀ ਮੇਰੇ ਮਨ ਵਿਚ ਬਹੁਤ ਵੱਡਾ ਡਰ ਪੈਦਾ ਕਰ ਰਹੀ ਸੀ। ਸੋਚਦਾ ਸਾਂ ਜਿਸ ਜਗਤ ਪ੍ਰਸਿੱਧ ਸਾਹਿਤਕਾਰ ਬਾਰੇ ਹਰ ਪਾਠਕ ਪਹਿਲਾਂ ਹੀ ਏਨਾ ਕੁਝ ਜਾਣਦਾ ਹੈ, ਉਸ ਬਾਰੇ ਲਿਖੇ ਮੇਰੇ ਨਾਵਲ ਨੂੰ ਕੌਣ ਪੜ੍ਹੇਗਾ। ਨਾਵਲ ਪ੍ਰਕਾਸ਼ਤ ਕਰਾਉਣ ਤੋਂ ਪਹਿਲਾਂ ਮੈਂ ਆਪਣਾ ਨਾਵਲ ਕਈ ਵਿਦਵਾਨਾਂ ਨੂੰ ਦਿਖਾਇਆ। ਡਾ. ਬਲਦੇਵ ਸਿੰਘ ਧਾਲੀਵਾਲ ਨੇ ਮੈਨੂੰ ਬਹੁਤ ਹੌਸਲਾ ਦਿੱਤਾ ਤੇ ਕਿਹਾ ਕਿ ਮੈਂ ਬਹੁਤ ਵੱਡਾ ਕੰਮ ਕੀਤਾ ਹੈ। ਤਾਲਸਤਾਏ ਬਾਰੇ ਨਾਵਲ ਲਿਖਕੇ ਮੈਂ ਪੰਜਾਬੀ ਵਿਚ ਨਵੀਂ ਪਿਰਤ ਪਾਈ ਹੈ। ਡਾ. ਜਸਵਿੰਦਰ ਸਿੰਘ ਨੇ ਨਾਵਲ ਦਾ ਮੁਖਬੰਦ ਲਿਖਿਆ। ਡਾ. ਧਾਲੀਵਾਲ ਦੀਆਂ ਕੋਸ਼ਿਸ਼ਾਂ ਨਾਲ ਮੇਰਾ ਨਾਵਲ 2002 ਵਿਚ ਪ੍ਰਕਾਸ਼ਤ ਹੋ ਗਿਆ ਅਤੇ ਮੈਂ ਇਕਦਮ ਪ੍ਰਸਿੱਧ ਨਾਵਲਕਾਰ ਬਣ ਗਿਆ। ਡਾ. ਗੁਰਪਾਲ ਸਿੰਘ ਸੰਧੂ ਮੇਰਾ ਇਹ ਨਾਵਲ ਪੜ੍ਹਕੇ ਬਹੁਤ ਖੁਸ਼ ਹੋਇਆ। ਉਸਨੇ ਮੈਨੂੰ ਸਿਰਫ ਵਧਾਈਆਂ ਹੀ ਨਹੀਂ ਦਿੱਤੀਆਂ ਸਗੋਂ ਲੋਕਗੀਤ ਪ੍ਰਕਾਸ਼ਨ ਵਾਲਿਆਂ ਕੋਲ ਨਾਵਲ ਦੀ ਦੂਜੀ ਐਡੀਸ਼ਨ ਛਾਪਣ ਦੀ ਸਿਫਾਰਸ਼ ਵੀ ਕੀਤੀ।



'ਕਾਫਰ ਮਸੀਹਾ' ਤੋਂ ਬਾਅਦ ਮੈਂ ਦੋ ਹੋਰ ਜੀਵਨੀਮੂਲਕ ਨਾਵਲ ਲਿਖੇ ਹਨ। ਚੈਖੋਵ ਬਾਰੇ ਲਿਖਿਆ ਨਾਵਲ 'ਸਮੁੰਦਰੀ ਕਬੂਤਰੀ' 2008 ਵਿੱਚ ਅਤੇ ਦਸਤੋਵਸਕੀ ਬਾਰੇ ਲਿਖਿਆ ਨਾਵਲ 'ਕੁਠਾਲੀ ਪਿਆ ਸੋਨਾ' ਇਸੇ ਸਾਲ 2009 ਵਿੱਚ ਛਪਿਆ ਹੈ। ਸਰੋਤਿਆਂ ਦੀ ਜਾਣਕਾਰੀ ਲਈ ਮੈਂ ਇਹ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਇਸ ਲੜੀ ਦਾ ਚੌਥਾ ਨਾਵਲ ਪੁਸ਼ਕਿਨ ਬਾਰੇ ਲਿਖਕੇ ਪ੍ਰਕਾਸ਼ਕ ਨੂੰ ਭੇਜ ਦਿੱਤਾ ਹੈ। ਉਸਦਾ ਨਾਉਂ ਮੈਂ 'ਹੁਸਨਪ੍ਰਸਤ' ਰੱਖਿਆ ਹੈ। ਅੱਜ ਕਲ੍ਹ ਮੈਂ ਇਸ ਲੜੀ ਦਾ ਪੰਜਵਾਂ ਅਤੇ ਆਖਰੀ ਨਾਵਲ ਨਿਕੋਲਾਈ ਗੋਗੋਲ ਬਾਰੇ ਲਿਖ ਰਿਹਾ ਹੈ। ਉਸਦਾ ਨਾਉਂ ਮੈਂ ਰੱਖਿਆ ਹੈ-'ਆਦਰਸ਼ਾਂ ਦਾ ਵਣਜਾਰਾ।'

ਨਾਵਲ ਸਿਰਜਦੇ ਸਮੇਂ ਮੇਰੇ ਸਾਹਮਣੇ ਮੁਖ ਪਾਤਰ ਦੀਆਂ ਕੁਝ ਵਿਸ਼ੇਸ਼ਤਾਵਾਂ, ਗੁਣ-ਔਗੁਣ ਹੁੰਦੇ ਹਨ। ਜੀਵਨੀਮੂਲਕ ਨਾਵਲ ਕਿਉਂਕਿ ਅਸਲ ਵਿਚ ਪਾਤਰ ਪ੍ਰਧਾਨ ਨਾਵਲ ਹੁੰਦਾ ਹੈ, ਇਸ ਲਈ ਮੇਰਾ ਅਸਲੀ ਉਦੇਸ਼ ਮੁਖ ਪਾਤਰ ਦੀ ਆਚਰਨ ਉਸਾਰੀ ਹੁੰਦਾ ਹੈ। ਉਸਦੀ ਸ਼ਖ਼ਸੀਅਤ ਹੁੰਦੀ ਹੈ। ਇਸ ਲਈ ਮੈਂ ਉਸਦੇ ਜੀਵਨ ਨਾਲ ਸੰਬੰਧਤ ਵੇਰਵਿਆਂ ਵੱਲ ਜ਼ਿਆਦਾ ਧਿਆਨ ਦਿੰਦਾ ਹਾਂ। ਮੇਰੇ ਦਿਮਾਗ ਵਿੱਚ ਇਹ ਗੱਲ ਹੁੰਦੀ ਹੈ ਕਿ ਇਨ੍ਹਾਂ ਪ੍ਰਸਿੱਧ ਸਾਹਿਤਕਾਰਾਂ ਦੀਆਂ ਰਚਨਾਵਾਂ ਤਾਂ ਬਹੁਤ ਸਾਰੇ ਪਾਠਕਾਂ ਨੇ ਪੜ੍ਹੀਆਂ ਹੋਣਗੀਆਂ। ਪਰ ਉਨ੍ਹਾਂ ਦੇ ਜੀਵਨ ਬਾਰੇ, ਮਨੁੱਖੀ ਕਿਰਦਾਰ ਬਾਰੇ (ਜਿਹੜਾ ਆਮ ਤੌਰ ਤੇ ਸਾਹਿਤਕ ਕਿਰਦਾਰ ਨਾਲੋਂ ਵੱਖਰਾ ਹੁੰਦਾ ਹੈ) ਗੁਣਾਂ ਔਗੁਣਾਂ ਬਾਰੇ, ਬਦਮਾਸ਼ੀਆਂ ਬਾਰੇ, ਪਿਆਰ ਸੰਬੰਧਾਂ ਬਾਰੇ, ਜ਼ਿੰਦਗੀ ਵਿੱਚ ਆਈਆਂ ਉਨ੍ਹਾਂ ਦੀਆਂ ਮੁਸ਼ਕਲਾਂ ਬਾਰੇ ਪਰਿਵਾਰਕ ਜ਼ਿੰਦਗੀ ਬਾਰੇ, ਆਰਥਿਕ ਸਮਾਜਿਕ ਸਥਿਤੀ ਬਾਰੇ ਅਤੇ ਅਜਿਹੀਆਂ ਹੋਰ ਗੱਲਾਂ ਬਾਰੇ ਬਹੁਤ ਘੱਟ ਪਾਠਕ ਜਾਣਦੇ ਹੋਣਗੇ। ਬਹੁਤੇ ਪਾਠਕਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਇਹ ਲੇਖਕ ਕਿਹੋ ਜਿਹੀਆਂ ਔਖੀਆਂ ਸਥਿਤੀਆਂ ਵਿਚੋਂ ਲੰਘਕੇ ਲੇਖਕ ਬਣੇ ਹੋਣਗੇ। ਆਪਣੀਆਂ ਰਚਨਾਵਾਂ ਉਨ੍ਹਾਂ ਨੇ ਕਿਹੋ ਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਦਿਆਂ ਰਚੀਆਂ ਹੋਣਗੀਆਂ। ਅਖੀਰ ਕਿਹੜੀਆਂ ਰਚਨਾਵਾਂ ਕਾਰਨ ਉਨ੍ਹਾਂ ਨੂੰ ਪ੍ਰਸਿੱਧੀ ਮਿਲੀ। ਇਹ ਸਭ ਗੱਲਾਂ ਮੇਰੇ ਸਾਹਮਣੇ ਹੁੰਦੀਆਂ ਹਨ। ਮੇਰਾ ਖਿਆਲ ਹੈ ਕਿ ਇਹੀ ਗੱਲਾਂ ਪਾਠਕਾਂ ਅੰਦਰ ਨਾਵਲ ਪੜ੍ਹਨ ਦੀ ਉਤਸੁਕਤਾ ਜਗਾਉਂਦੀਆਂ ਹਨ।

ਸ਼ੈਲੀ ਬਾਰੇ ਲਿਖਣ ਤੋਂ ਪਹਿਲਾਂ ਗਾਲਿਬ ਦਾ ਇਹ ਸ਼ਿਅਰ ਲਿਖਦਾ ਹਾਂ। ਗਾਲਿਬ ਆਖਦਾ ਹੈ :

ਹੋਂਗੇ ਦੁਨੀਆ ਮੇਂ ਸੁਖਨਵਰ ਔਰ ਵੀ ਅੱਛੇ<br>
ਕਹਿਤੇ ਹੈਂ ਕਿ ਗਾਲਿਬ ਕਾ ਹੈ ਅੰਦਾਜ਼ੇ ਬਿਆਂ ਔਰ।

ਕੋਈ ਨਾਵਲ ਮੈਂ ਇਕ ਵਾਰ ਨਹੀਂ ਲਿਖ ਸਕਦਾ। ਹਰ ਨਾਵਲ ਮੈਂ ਕਈ ਕਈ ਵਾਰ ਲਿਖਿਆ ਹੈ। ਹਰ ਵਾਰ ਮੈਨੂੰ ਜੋ ਕੁਝ ਵਾਧੂ ਲੱਗਦਾ ਹੈ, ਕੱਢ ਦਿੰਦਾ ਹਾਂ। ਕੁਝ ਨਵਾਂ ਪਾ ਦਿੰਦਾ ਹਾਂ। ਵਾਧੂ ਭਰਤੀ ਕਰਨ ਤੋਂ ਪ੍ਰਹੇਜ਼ ਕਰਦਾ ਹਾਂ। ਮੈਂ ਉਹੀ ਵੇਰਵੇ ਲਿਖਦਾ ਜਿਨ੍ਹਾਂ ਨੂੰ ਮੈਂ ਜ਼ਰੂਰੀ ਸਮਝਦਾ ਹਾਂ। ਕੁਝ ਪਾਠਕਾਂ ਨੂੰ ਮੇਰੀ ਵੱਲੋਂ ਦਿੱਤੇ ਵੇਰਵੇ ਵਾਧੂ ਜਾਪਦੇ ਹਨ। ਪਰ ਮੈਂ ਉਨ੍ਹਾਂ ਨੂੰ ਜ਼ਰੂਰੀ ਸਮਝਕੇ ਹੀ ਲਿਖਿਆ ਹੁੰਦਾ ਹੈ। ਮੈਂ ਕਿਉਂਕਿ ਮੁੱਖ ਪਾਤਰ ਦੀ ਸਮੁੱਚੀ ਸ਼ਖ਼ਸੀਅਤ ਨੂੰ ਪਾਠਕਾਂ ਸਾਹਮਣੇ ਪੇਸ਼ ਕਰਨਾ ਹੁੰਦਾ ਹੈ। ਹਰ ਵੇਰਵਾ ਮੈਂ ਇਸੇ ਉਦੇਸ਼ ਨੂੰ ਮੁਖ ਰੱਖਕੇ ਲਿਖਦਾ ਹਾਂ।

ਮੈਂ ਪ੍ਰਯੋਗ ਕਰਨ ਲਈ ਨਾਵਲ ਲਿਖਣ ਵਿਚ ਵਿਸ਼ਵਾਸ ਨਹੀਂ ਕਰਦਾ। ਵੈਸੇ ਮੇਰਾ ਹਰ ਨਾਵਲ ਇਕ ਨਵਾਂ ਪ੍ਰਯੋਗ ਹੈ। ਪਰ ਇਹ ਪ੍ਰਯੋਗਵਾਦੀਆਂ ਦੀਆਂ ਰਚਨਾਵਾਂ ਵਰਗਾ ਪ੍ਰਯੋਗ ਨਹੀਂ। ਪੰਜਾਬੀ ਵਿਚ ਕੁਝ ਕਹਾਣੀਕਾਰਾਂ ਨੇ ਚੇਤਨਾ ਪ੍ਰਵਾਹ ਅਨੁਸਾਰ ਕਹਾਣੀਆਂ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਧੀ ਅਨੁਸਾਰ ਕੋਈ ਨਾਵਲ ਲਿਖਿਆ ਗਿਆ ਹੋਵੇ ਮੇਰੇ ਧਿਆਨ ਵਿਚ ਨਹੀਂ।

ਮਨ ਦੀ ਗਤੀ ਏਨੀ ਤੇਜ਼ ਹੁੰਦੀ ਹੈ ਕਿ ਚੇਤਨਾ ਪ੍ਰਵਾਹ ਅਨੁਸਾਰ ਕੁਝ ਵੀ ਲਿਖਣਾ ਅਸੰਭਵ ਹੈ। ਕਲਮ ਮਨ ਦੀ ਗਤੀ ਅਨੁਸਾਰ ਨਹੀਂ ਚਲ ਸਕਦੀ। ਲਿਖਣ ਵਾਸਤੇ ਮਨ ਇਕਾਗਰ ਕਰਨਾ ਪੈਂਦਾ ਹੈ। ਮਨ ਦੀ ਗਤੀ ਧੀਮੀ ਕਰਨੀ ਪੈਂਦੀ ਹੈ। ਹਰ ਗੱਲ ਸੋਚ ਸਮਝ ਕੇ ਲਿਖਣੀ ਪੈਂਦੀ ਹੈ। ਚੇਤਨਾ ਪ੍ਰਵਾਹ ਅਨੁਸਾਰ ਲਿਖਣ ਦਾ ਮਤਲਬ ਬਿਨਾਂ ਸੋਚੇ ਸਮਝੇ ਜੋ ਕੁਝ ਮਨ ਵਿੱਚ ਆਏ ਬੰਦਾ ਲਿਖੀ ਜਾਵੇ। ਅਜਿਹੀ ਲਿਖਤ ਕਲਾ ਨਹੀਂ ਬਣ ਸਕਦੀ। ਕਲਾ ਬਣਾਉਣ ਲਈ ਲਿਖਤ ਨੂੰ ਮਾਂਜਣਾ ਸੰਵਾਰਣਾ ਲਿਸ਼ਕਾਉਣਾ ਹੁੰਦਾ ਹੈ। ਕੋਈ ਵੀ ਬੁੱਤ ਤਰਾਸ਼ ਕਿਸੇ ਪੱਥਰ ਉਪਰ ਇਕੋ ਹਥੌੜੀ ਮਾਰ ਕੇ ਉਸ ਵਿਚੋਂ ਵੀਨਸ ਵਰਗੇ ਬੁੱਤ ਨਹੀਂ ਤਰਾਸ਼ ਸਕਦਾ।

ਮੈਂ ਕਦੇ ਨਹੀਂ ਸੋਚਿਆ ਕਿ ਮੈਂ ਪੰਜਾਬੀ ਨਾਵਲ ਨਾਲ ਕੋਈ ਸੰਵਾਦ ਰਚਾ ਰਿਹਾ ਹਾਂ। ਹਾਂ, ਇਕ ਗੱਲ ਜ਼ਰੂਰ ਮੈਂ ਸਵੀਕਾਰ ਕਰਾਂਗਾ ਕਿ 'ਕਾਫਰ ਮਸੀਹਾ' ਨਾਵਲ ਮੈਂ ਇਕ ਵਗਾਰ ਸਮਝਕੇ ਹੀ ਲਿਖਣਾ ਸ਼ੁਰੂ ਕੀਤਾ ਸੀ। ਜਿਵੇਂ ਮੈਂ ਡਾ. ਗੁਰਪਾਲ ਸਿੰਘ ਸੰਧੂ ਦਾ ਜ਼ਿਕਰ ਕੀਤਾ ਹੈ। ਮੈਂ ਸੰਧੂ ਸਾਹਿਬ ਨੂੰ ਆਖਿਆ ਸੀ ਕਿ ਮੈਂ ਅਜਿਹਾ ਨਾਵਲ ਲਿਖਾਂਗਾ ਕਿ ਲੋਕ ਮੇਰਾ ਨਾਵਲ ਪੜ੍ਹਨ ਲਈ ਦੂਜਿਆਂ ਨੂੰ ਸਿਫਾਰਸ਼ ਕਰਨਗੇ। ਮੈਨੂੰ ਖ਼ੁਸ਼ੀ ਹੈ ਕਿ ਮੈਂ ਆਪਣੇ ਉਦੇਸ਼ ਵਿਚ ਸਫਲ ਹੋਇਆ ਹਾਂ।

ਮੈਂ ਪ੍ਰਕਾਸ਼ਕ ਤੋਂ ਰਾਇਲਟੀ ਨਹੀਂ ਲੈਂਦਾ। ਇਸ ਬਦਲੇ ਮੈਂ ਉਸਤੋਂ ਆਪਣੇ ਨਾਵਲ ਦੀਆਂ ਸੌ ਕਾਪੀਆਂ ਲੈ ਲੈਂਦਾ ਹਾਂ। ਇਹ ਕਾਪੀਆਂ ਮੈਂ ਵਿਦਵਾਨਾਂ, ਸੂਝਵਾਨ ਪਾਠਕਾਂ ਅਤੇ ਆਲੋਚਕਾਂ ਵਿਚ ਵੰਡ ਦਿੰਦਾ ਹਾਂ। 'ਕਾਫਰ ਮਸੀਹਾ' ਦੀ ਪਹਿਲੀ ਐਡੀਸ਼ਨ ਮੈਂ ਆਪਣੇ ਖਰਚ ਤੇ ਛਪਵਾਈ ਸੀ। ਇਸ ਤੋਂ ਪਹਿਲੇ ਪੰਜ ਨਾਵਲ ਵੀ ਮੈਂ ਪੱਲਿਉਂ ਪੈਸੇ ਖਰਚ ਕਰਕੇ ਪ੍ਰਕਾਸ਼ਤ ਕਰਵਾਏ ਸਨ।

'ਕਾਫਰ ਮਸੀਹਾ' ਨਾਵਲ ਦੀਆਂ ਕਾਪੀਆਂ ਵੀ ਮੈਂ ਯੂਨੀਵਰਸਿਟੀ ਦੇ ਵਿਦਵਾਨਾਂ ਨੂੰ ਭੇਟ ਕਰ ਦਿੱਤੀਆਂ। ਕੁਝ ਮਹੀਨਿਆਂ ਬਾਅਦ ਮੈਂ ਇਕ ਵਿਦਵਾਨ ਨੂੰ ਪੁੱਛਿਆ। "ਤੁਸੀਂ ਮੇਰਾ ਨਾਵਲ ਪੜ੍ਹ ਲਿਆ ?" ਉਨ੍ਹਾਂ ਨੇ ਪੁੱਛਿਆ "ਕਿਹੜਾ ਨਾਵਲ ?" ਮੈਂ ਆਖਿਆ, "ਕਾਫਰ ਮਸੀਹਾ।" ਉਹ ਕਹਿਣ ਲੱਗੇ ਉਹ ਨਾਵਲ ਨਹੀਂ ਬਾਇਓਗਰਾਫੀ ਹੈ। ਮੈਂ ਕਿਹਾ, "ਨਹੀਂ ਸ੍ਰੀਮਾਨ ਜੀ ਉਹ ਬਾਇਓਗ੍ਰਾਫੀ ਨਹੀਂ ਜੀਵਨਮੂਲਕ ਭਾਵ ਬਾਇਓਗ੍ਰਾਫੀਕਲ ਨਾਵਲ ਹੈ।" ਕਹਿਣ ਲੱਗੇ : "ਇਕੋ ਹੀ ਗੱਲ ਹੈ। ਮੈਨੂੰ ਤਾਂ ਇਹ ਨਾਵਲ ਤਾਲਸਤਾਏ ਦੀ ਜੀਵਨੀ ਹੀ ਜਾਪਦਾ ਹੈ।"

ਜਦ ਵਿਦਵਾਨਾਂ ਦਾ ਇਹ ਹਾਲ ਹੈ ਕਿ ਉਹ ਜੀਵਨੀਮੂਲਕ ਨਾਵਲ ਅਤੇ ਜੀਵਨੀ ਨੂੰ ਇਕ ਹੀ ਗੱਲ ਸਮਝਦੇ ਹਨ ਤਾਂ ਆਮ ਪਾਠਕਾਂ ਦਾ ਕੀ ਹਾਲ ਹੋਵੇਗਾ ਇਸ ਲਈ ਮੈਂ ਜੀਵਨਮੂਲਕ ਨਾਵਲ ਅਤੇ ਜੀਵਨੀ ਵਿਚਲੇ ਫਰਕ ਬਾਰੇ ਕੁਝ ਜ਼ਰੂਰੀ ਗੱਲਾਂ ਦੱਸਣੀਆਂ ਚਾਹੁੰਦਾ ਹਾਂ।

ਜੀਵਨੀਮੂਲਕ ਨਾਵਲ ਅਤੇ ਜੀਵਨੀ ਸਾਹਿਤ ਦੀਆਂ ਦੋ ਵੱਖ-ਵੱਖ ਵਿਧਾਵਾਂ ਹਨ। ਇਨ੍ਹਾਂ ਦੋਹਾਂ ਵਿਚ ਸਭ ਨਾਲੋਂ ਵੱਡਾ ਫਰਕ ਇਹ ਹੁੰਦਾ ਹੈ ਕਿ ਜੀਵਨੀਮੂਲਕ ਨਾਵਲ ਹਰ ਪਾਠਕ ਪੜ੍ਹਨਾ ਪਸੰਦ ਕਰਦਾ ਹੈ ਜਦ ਕਿ ਜੀਵਨੀ ਪੜ੍ਹਨਾ ਟਾਂਵੇਂ ਟਾਂਵੇਂ ਵਿਦਵਾਨਾਂ ਜਾਂ ਮੇਰੇ ਵਰਗੇ ਲੇਖਕਾਂ ਦਾ ਸ਼ੌਕ ਹੁੰਦਾ ਹੈ।

ਦੂਜਾ ਵੱਡਾ ਫਰਕ ਇਹ ਹੈ ਕਿ ਜੀਵਨੀ ਇਕ ਜੀਵਨੀਕਾਰ ਨੇ ਕਿਸੇ ਖੋਜ ਕਾਰਜ ਅਧੀਨ ਸਾਹਿਤਕਾਰਾ ਦੇ ਜੀਵਨ ਸੰਬੰਧੀ ਮਿਲਣ ਵਾਲੀ ਜਾਣਕਾਰੀ ਦੇ ਸਰੋਤਾਂ ਤੋਂ ਕਾਫੀ ਲੰਬੇ ਖੋਜ ਕਰਕੇ, ਹਰ ਸ੍ਰੋਤ ਦੇ ਹਵਾਲੇ ਦੇਕੇ ਲਿਖੀ ਹੁੰਦੀ ਹੈ। ਉਸ ਦਾ ਮੁਖ ਉਦੇਸ਼ ਆਪਣੇ ਆਪ ਨੂੰ ਵੱਡਾ ਖੋਜਕਾਰ ਅਤੇ ਵਿਦਵਾਨ ਸਾਬਤ ਕਰਨਾ ਹੁੰਦਾ ਹੈ। ਉਸਨੂੰ ਇਹ ਡਰ ਨਹੀਂ ਹੁੰਦਾ ਕਿ ਉਸਦੀ ਲਿਖੀ ਜੀਵਨੀ ਕੋਈ ਛਾਪੇਗਾ ਜਾਂ ਨਹੀਂ। ਇਸ ਨੂੰ ਕੋਈ ਪੜ੍ਹੇਗਾ ਜਾਂ ਨਹੀਂ ਕਿਉਂਕਿ ਖੋਜ ਕਾਰਜ ਉਹਨੂੰ ਕਿਸੇ ਯੂਨੀਵਰਸਿਟੀ ਵੱਲੋਂ ਮਿਲਿਆ ਪ੍ਰੋਜੈਕਟ ਹੁੰਦਾ ਹੈ ਜਿਸ ਉਪਰ ਕੀਤੀ ਜਾਣ ਲਈ ਮਿਹਨਤ



ਲਈ ਉਸਨੂੰ ਮੁਆਵਜ਼ਾ ਮਿਲਣਾ ਹੁੰਦਾ ਹੈ।

ਪਰ ਜੀਵਨੀਮੂਲਕ ਨਾਵਲ ਲੇਖਕ ਨੇ ਆਪ ਪਾਠਕਾਂ ਦੇ ਪੜ੍ਹਨ ਲਈ ਲਿਖਿਆ ਹੁੰਦਾ ਹੈ। ਉਸਨੇ ਇਹ ਨਾਵਲ ਸਾਹਿਤਕਾਰ ਦੀ ਜ਼ਿੰਦਗੀ ਤੋਂ ਪ੍ਰਭਾਵਤ ਆਪਣੇ ਅੰਦਰੋਂ ਪੈਦਾ ਹੋਈ ਪ੍ਰੇਰਨਾ ਅਧੀਨ ਲਿਖਿਆ ਹੁੰਦਾ ਹੈ। ਉਸਨੂੰ ਇਹ ਨਾਵਲ ਲਿਖਣ ਲਈ ਕਿਸੇ ਸੰਸਥਾ ਵੱਲੋਂ ਨਹੀਂ ਆਖਿਆ ਹੁੰਦਾ ਅਤੇ ਨਾ ਹੀ ਉਸ ਨੂੰ ਇਸ ਉਪਰ ਕੀਤੀ ਜਾਣ ਵਾਲੀ ਮਿਹਨਤ ਲਈ ਕੋਈ ਮਾਇਕ ਮੁਆਵਜ਼ਾ ਮਿਲਣ ਦੀ ਆਸ ਹੁੰਦੀ ਹੈ। ਉਸਨੇ ਆਪਣਾ ਨਾਵਲ ਬਿਨਾਂ ਇਤਿਹਾਸਕ ਹਵਾਲਿਆਂ ਤੋਂ ਲਿਖਿਆ ਹੁੰਦਾ ਹੈ। ਉਸਨੇ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣ ਦੀ ਬਜਾਏ ਆਪਣੇ ਆਪ ਇਕ ਵੱਖਰੀ ਕਿਸਮ ਦਾ ਨਾਵਲਕਾਰ ਸਾਬਤ ਕਰਨਾ ਹੁੰਦਾ ਹੈ। ਉਸਦਾ ਉਦੇਸ਼ ਜੀਵਨੀਕਾਰ ਨਾਲੋਂ ਬਿਲਕੁਲ ਵੱਖਰਾ ਹੁੰਦਾ ਹੈ।

ਤੀਜਾ ਵੱਡਾ ਫਰਕ ਦੋਹਾਂ ਸਾਹਿਤਕ ਵਿਧਾਵਾਂ ਵਿਚ ਹੈ ਕਿ ਜੀਵਨੀਕਾਰ ਨੇ ਸਾਹਿਤਕਾਰ ਦੇ ਜੀਵਨ ਦੀਆਂ ਘਟਨਾਵਾਂ ਨੂੰ ਇਤਿਹਾਸਕ ਕਰਮ ਅਨੁਸਾਰ ਵਿਉਂਤਿਆਂ ਹੁੰਦਾ ਹੈ। ਹਵਾਲਿਆਂ ਸਹਿਤ ਉਸਦੇ ਜਨਮ ਤੋਂ ਲੈ ਕੇ ਮਰਨ ਤੱਕ ਦੀ ਵਾਰਤਾ ਲਿਖੀ ਹੁੰਦੀ ਹੈ।

ਪਰ ਨਾਵਲਕਾਰ ਨੂੰ ਜੀਵਨੀਮੂਲਕ ਨਾਵਲ ਲਿਖਣ ਸਮੇਂ ਘਟਨਾਵਾਂ ਨੂੰ ਇਤਿਹਾਸਕ ਕਰਮ ਅਨੁਸਾਰ ਵਰਤਣ ਦੀ ਮਜ਼ਬੂਰੀ ਨਹੀਂ। ਉਹ ਆਪਣੇ ਨਾਵਲ ਦੀ ਵਿਉਂਤਬੰਦੀ ਅਨੁਸਾਰ ਘਟਨਾਵਾਂ ਦਾ ਇਤਿਹਾਸਕ ਕਰਮ ਬਦਲ ਵੀ ਸਕਦਾ ਹੈ। ਉਸਨੂੰ ਆਪਣਾ ਨਾਵਲ ਸਾਹਿਤਕਾਰ ਦੇ ਜਨਮ ਤੋਂ ਸ਼ੁਰੂ ਕਰਨ ਦੀ ਬੰਦਸ਼ ਨਹੀਂ ਹੁੰਦੀ। ਉਹ ਉਸਦੀ ਜ਼ਿੰਦਗੀ ਦੇ ਕਿਸੇ ਵੀ ਪੜਾ 'ਤੋਂ ਨਾਵਲ ਸ਼ੁਰੂ ਕਰ ਸਕਦਾ ਹੈ।

ਚੌਥਾ ਵੱਡਾ ਫਰਕ ਇਹ ਹੁੰਦਾ ਹੈ ਕਿ ਜੀਵਨੀ ਵਿਚ ਡਾਇਲਾਗ ਨਹੀਂ ਹੁੰਦੇ। ਨਾ ਹੀ ਨਾਵਲੀ ਜੁਗਤਾਂ ਵਰਤਕੇ ਉਸਨੂੰ ਦਿਲਚਸਪ ਬਣਾਉਣ ਦੀ ਕੋਸ਼ਿਸ਼ ਕੀਤੀ ਹੁੰਦੀ ਹੈ। ਕਿਉਂਕਿ ਜੀਵਨੀ ਉਸਨੇ ਦਿਲਸਚਪ ਬਣਾਉਣ ਦੇ ਉਦੇਸ ਨੂੰ ਮੁਖ ਰੱਖਕੇ ਲਿਖੀ ਹੀ ਨਹੀਂ ਹੁੰਦੀ। ਪਰ ਨਾਵਲਕਾਰ ਕਿਉਂਕਿ ਆਮ ਪਾਠਕਾਂ ਲਈ ਆਪਣਾ ਨਾਵਲ ਲਿਖ ਰਿਹਾ ਹੁੰਦਾ ਹੈ। ਇਸ ਲਈ ਉਸਦਾ ਮੁਖ ਉਦੇਸ਼ ਜਿਹੇ ਮੁਖ ਪਾਤਰ ਦਾ ਪਾਤਰ ਚਿਤਰਣ ਕਰਨਾ ਹੁੰਦਾ ਹੈ। ਉਥੇ ਆਪਣੇ ਨਾਵਲ ਨੂੰ ਵੱਧ ਤੋਂ ਵੱਧ ਰੌਚਿਕ ਬਣਾਉਣਾ ਵੀ ਹੁੰਦਾ ਹੈ। ਜੀਵਨੀਕਾਰ ਦੇ ਸਾਹਮਣੇ ਆਮ ਪਾਠਕ ਨਹੀਂ। ਉਸਦੇ ਸਾਹਮਣੇ ਸਿਰਫ ਉਹ ਯੂਨੀਵਰਸਿਟੀ ਜਾਂ ਉਹ ਸੰਸਥਾ ਹੁੰਦੀ ਹੈ ਜਿਸ ਨੇ ਉਸਨੂੰ ਖੋਜ ਕਾਰਜ ਸੌਂਪਿਆ ਹੁੰਦਾ ਹੈ।

ਮੈਨੂੰ ਕਈ ਲੋਕਾਂ ਨੇ ਪੁੱਛਿਆ ਕਿ ਤੁਹਾਡਾ ਇਹ ਨਾਵਲ ਕਿਹੜੇ ਅੰਗਰੇਜ਼ੀ ਨਾਵਲ ਦਾ ਅਨੁਵਾਦ ਹੈ। ਸੁਣਕੇ ਮੈਨੂੰ ਬਹੁਤ ਦੁੱਖ ਹੋਇਆ। ਉਨ੍ਹਾਂ ਲੋਕਾਂ ਨੂੰ ਵਿਸ਼ਵਾਸ ਹੀ ਨਹੀਂ ਆ ਰਿਹਾ ਕਿ ਪੰਜਾਬੀ ਦਾ ਕੋਈ ਲੇਖਕ ਤਾਲਸਤਾਏ ਵਰਗੇ ਰੂਸੀ ਪ੍ਰਸਿੱਧ ਸਾਹਿਤਕਾਰਾਂ ਬਾਰੇ ਨਾਵਲ ਲਿਖ ਸਕਦਾ ਹੈ।

ਮੇਰੀ ਜਾਣਕਾਰੀ ਅਨੁਸਾਰ ਇਨ੍ਹਾਂ ਮਹਾਨ ਰੂਸੀ ਸਾਹਿਤਕਾਰਾਂ ਦੀਆਂ ਜੀਵਨੀਆਂ ਤਾਂ ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਲਿਖੀਆਂ ਗਈਆਂ ਹਨ ਅਤੇ ਹੁਣ ਵੀ ਲਿਖੀਆਂ ਜਾ ਰਹੀਆਂ ਹਨ ਪਰ ਇਨ੍ਹਾਂ ਬਾਰੇ ਕਿਸੇ ਭਾਸ਼ਾ ਵਿਚ ਕੋਈ ਨਾਵਲ ਲਿਖਿਆ ਗਿਆ ਹੋਵੇ ਮੈਂ ਅਜੇ ਤੱਕ ਨਹੀਂ ਸੁਣਿਆ। ਸ਼ਾਇਦ ਮੈਂ ਦੁਨੀਆਂ ਵਿਚ ਪਹਿਲਾ ਪੰਜਾਬੀ ਲੇਖਕ ਹਾਂ ਜਿਸਨੇ ਤਾਲਸਤਾਏ, ਦਸਤੋਸਵਕੀ ਅਤੇ ਚੈਖੋਵ ਵਰਗੇ ਮਹਾਨ ਰੂਸੀ ਸਾਹਿਤਕਾਰਾਂ ਬਾਰੇ ਨਾਵਲ ਲਿਖਣ ਦਾ ਆਪਣਾ ਖਬਤ ਪੂਰਾ ਕੀਤਾ ਹੈ। ਇਨ੍ਹਾਂ ਦੀਆਂ ਰਚਨਾਵਾਂ ਸਾਰੇ ਦੇਸ਼ਾਂ ਵਿਚ ਪੜ੍ਹੀਆਂ ਜਾਂਦੀਆਂ ਹਨ। ਤਾਲਸਤਾਏ ਬਾਰੇ ਅਮਰੀਕਾ ਵਿਚ ਇਕ ਫਿਲਮ ਵੀ ਬਣੀ ਜਿਸ ਵਿਚ ਤਾਲਸਤਾਏ ਦੇ ਇਕ ਪੁੱਤਰ

ਨੇ ਜਿਸਦਾ ਨਾਉਂ ਲਿਓ ਲਿਓਵਿਚ ਤਾਲਸਤਾਏ ਸੀ, ਆਪਣੇ ਬਾਪ ਦਾ ਪਾਰਟ ਕੀਤਾ ਸੀ।

ਮੈਨੂੰ ਸ. ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' ਦੀ ਗੱਲ ਯਾਦ ਆ ਰਹੀ ਹੈ। ਜਦ ਤੀਹਵਿਆਂ ਦੇ ਦਹਾਕੇ ਵਿੱਚ 'ਚਿੱਟਾ ਲਹੂ' ਪ੍ਰਕਾਸ਼ਤ ਹੋਇਆ ਤਾਂ ਪੰਜਾਬੀ ਲੋਕਾਂ ਨੂੰ ਵਿਸ਼ਵਾਸ ਹੀ ਨਹੀਂ ਆਇਆ ਕਿ ਇਹ ਪੰਜਾਬੀ ਨਾਵਲਕਾਰ ਨਾਨਕ ਸਿੰਘ ਨੇ ਲਿਖਿਆ ਹੋਵੇਗਾ। ਉਨ੍ਹਾਂ ਦਾ ਖਿਆਲ ਸੀ ਇਹ ਕਿਸੇ ਹਿੰਦੀ ਨਾਵਲ ਦਾ ਅਨੁਵਾਦ ਹੋਵੇਗਾ। ਪੰਜਾਬੀ ਲੋਕਾਂ ਨੂੰ ਪੰਜਾਬੀ ਭਾਸ਼ਾ ਅਤੇ ਪੰਜਾਬੀ ਲੇਖਕਾਂ ਦੀ ਸਮਰੱਥਾ ਦਾ ਅਹਿਸਾਨ ਹੀ ਨਹੀਂ। ਨਾਨਕ ਸਿੰਘ ਵੇਲੇ ਵੀ ਨਹੀਂ ਸੀ। ਹੁਣ ਵੀ ਨਹੀਂ ਹੈ।

## ਮੇਰੀ ਸਿਰਜਣ ਪ੍ਰਕਿਰਿਆ-'ਲੋਹ ਹੱਡਾ'/ਮੱਖਣ ਮਾਨ

ਕਈ ਵਾਰ ਕੋਈ ਘਟਨਾ ਬਿਜਲੀ ਵਾਂਗ ਲਿਸ਼ਕਦੀ ਹੈ ਅਤੇ ਅਤੀਤ ਨੂੰ ਤੁਹਾਡੀਆਂ ਅੱਖਾਂ ਸਾਹਵੇਂ ਉਜਾਗਰ ਕਰ ਜਾਂਦੀ ਹੈ। ਇਸ ਬਿਜਲੀ ਦੀ ਚਮਕ 'ਚ ਜਿੰਨਾ ਕੁ ਦ੍ਰਿਸ਼ ਦਿਮਾਗ ਫੜ ਪਾਉਂਦਾ ਹੈ, ਚਾਹੇ ਥੋੜ੍ਹਾ ਜਿਹਾ ਹੀ ਕਿਉਂ ਨਾ ਹੋਵੇ, ਮੁੱਲਵਾਨ ਬਹੁਤ ਹੁੰਦਾ ਹੈ। ਫਿਰ ਉਹੀ ਸਿਮਰਤੀਆਂ, ਉਹੀ ਯਾਦਾਂ ਟਿਮਟਿਮਾਉਣ ਲੱਗਦੀਆਂ ਹਨ। ਲੇਖਕ ਜਾਂ ਚੇਤਨ ਲੋਕ ਉਨ੍ਹਾਂ ਨੂੰ ਫੜਨ/ਖੋਲ੍ਹਣ ਲੱਗਦੇ ਹਨ। ਮੇਰੀ ਕਹਾਣੀ 'ਲੋਹ ਹੱਡਾ' ਵੀ ਕੁਝ ਅਜਿਹੇ ਹੀ ਅਨੁਭਵ 'ਚੋਂ ਪੈਦਾ ਹੋਈ ਹੈ।

ਦਰਅਸਲ ਇੱਕ ਵਾਰ ਮੈਂ ਪਾਕਿਸਤਾਨ ਗਿਆ ਤਾਂ ਮੈਨੂੰ ਆਪਣੇ ਪੁਰਖਿਆਂ ਦੇ ਪਿੰਡ ਜਾਣ ਦੀ ਲਾਲਸਾ ਪੈਦਾ ਹੋਈ। ਲਾਲਸਾ ਪਹਿਲਾਂ ਵੀ ਕਈ ਵਾਰ ਜਾਗੀ ਜਦੋਂ ਮੇਰਾ ਵੱਡਾ ਭਾਈ ਅਕਸਰ ਭਾਪਾ ਜੀ ਨਾਲ ਗੱਲਾਂ ਕਰਦਾ ਭਾਵੁਕ ਹੋ ਜਾਂਦਾ ਸੀ। ਮੇਰਾ ਪਰਿਵਾਰ ਜਿਸ ਪਿੰਡ 'ਚੋਂ 1947 ਵੇਲੇ ਉਜੜ ਕੇ ਏਧਰ ਆਇਆ ਸੀ ਉਹ ਜੜ੍ਹਾਂਵਾਲੀ ਤਹਿਸੀਲ 'ਚ ਚੱਕ ਨੰਬਰ 53 ਸੀ। ਉਸ ਵੇਲੇ ਲਾਇਲਪੁਰ ਤੇ ਹੁਣ ਫੈਸਲਾਬਾਦ ਹੈ। ਮੇਰਾ ਪਾਕਿਸਤਾਨੀ ਸਾਹਿਤਕਾਰ ਦੋਸਤ ਤੇ ਪੱਗਵੱਟ ਭਰਾ ਮਸੂਦ ਅਹਿਮਦ ਚੌਧਰੀ ਮੈਨੂੰ ਮੇਰੇ ਪਿੰਡ ਲੈ ਗਏ। ਰਸਤੇ ਵਿੱਚ ਮੈਂ ਭਾਪਾ ਜੀ ਨੂੰ ਕਈ ਵਾਰ ਫੂਨ ਕੀਤਾ ਸੀ। ਮੈਨੂੰ ਆਪਣੇ ਪੁਰਖਿਆਂ ਦੇ ਘਰ ਦਾ ਕੋਈ ਪਤਾ ਨਹੀਂ ਕਿੱਥੇ ਹੈ? ਪਰ ਭਾਪਾ ਜੀ ਨੇ ਸਮਝਾਇਆ ਵੀ ਇਸ ਤਰੀਕੇ ਨਾਲ ਸੀ ਤੇ ਮੇਰਾ ਪਟਵਾਰੀ ਹੋਣਾ ਵੀ ਕੰਮ ਆਇਆ। ਮੈਂ ਸਿੱਧਾ ਆਪਣੇ ਘਰ ਕੋਲ ਪਹੁੰਚ ਗਿਆ ਸੀ। ਪਿੰਡ ਦੇ ਲੋਕਾਂ ਰੱਜਕੇ ਪਿਆਰ ਦਿੱਤਾ। ਪਿੰਡ ਦੀਆਂ ਕੁੜੀਆਂ ਵੀਰਾ ਵੀਰਾ ਕਰਦੀਆਂ ਆਪੋ ਆਪਣੇ ਘਰ ਜਾਣ ਨੂੰ ਖਿੱਚਣ ਲੱਗੀਆਂ। ਮੇਰੀਆਂ ਅੱਖਾਂ ਭਰ ਆਈਆਂ ਤੇ ਮੈਂ ਧਾਹਾਂ ਮਾਰਕੇ ਰੋਇਆ ਸੀ।

ਉਥੇ ਹੀ ਇਕ ਬਜ਼ੁਰਗ ਨੇ ਮੇਰੇ ਨਾਲ ਮੇਰੇ ਪਰਿਵਾਰਕ ਪਿਛੋਕੜ ਬਾਰੇ, ਮੇਰੇ ਪਿਤਾ ਜੀ ਬਾਰੇ ਬੜੀਆਂ ਗੱਲਾਂ ਕੀਤੀਆਂ। ਉਹ ਬਚਪਨ 'ਚ ਮੇਰੇ ਪਿਤਾ ਜੀ ਦਾ ਆੜੀ ਸੀ। ਉਸਦੀਆਂ ਅੱਖਾਂ ਦੀ ਚਮਕ ਵੇਖਕੇ ਮੈਨੂੰ ਬੜੀ ਖੁਸ਼ੀ ਹੋਈ। ਉਹ ਵਾਰ ਵਾਰ ਮੇਰੇ ਪਿਤਾ ਜੀ ਨੂੰ ਯਾਦ ਕਰ ਰਿਹਾ ਸੀ। "ਤੁਲਸਾ ਸਿੰਘ ਉਦੋਂ ਗੱਭਰੂ ਸੀ, ਕਿਆ ਦਰਸ਼ਨੀ ਚਿਹਰਾ ਸੀ। ਅੱਖਾਂ ਬਿੱਲੀਆਂ, ਗੋਰਾ ਰੰਗ, ਪੋਚਵੀ ਪੱਗ।" ਦਰਅਸਲ ਉਹ ਮੇਰੀ ਦਾਦੀ ਤੇ ਗਿਆ ਸੀ। ਉਹ ਕਿੱਸੇ ਗਾਉਂਦਾ ਬੁਲੰਦ ਆਵਾਜ਼ ਦਾ ਮਾਲਕ। ਉਹ ਬਜ਼ੁਰਗ ਸਾਹਮਣੇ, ਇਸ਼ਾਰਾ ਕਰਦਾ ਹੋਇਆ ਬੋਲਿਆ, 'ਜਿਥੇ ਹੁਣ ਮਸੀਤ ਹੈ, ਬੋਹੜ ਹੁੰਦੀ ਸੀ, ਉਥੇ ਤੁਲਸਾ ਸਿੰਘ ਪਰਿਆ 'ਚ ਬਹਿਕੇ ਗਾਉਣਾ। ਮੇਰੇ ਪਿੰਡ ਦੀਆਂ ਕੁੜੀਆਂ ਬੁੜੀਆਂ ਲੋਏ ਲੋਏ ਕੰਮ ਧੰਦਾ ਮੁਕਾ ਕੇ ਭਾਪਾ ਜੀ ਦੇ ਗਾਉਣ ਦੇ ਤਰਲੇ ਕਰਨੇ। ਫਿਰ ਕੀ ਸੀ....ਹੀਰ ਰਾਂਝਾ/ ਰੂਪ ਬਸੰਤ/ਕਿੱਸਾ ਕੌਲਾਂ/ਸਿੰਘਾਂ ਦੀਆਂ ਵਾਰਾਂ....ਸਾਰੀ ਸਾਰੀ ਰਾਤ ਗਾਉਣ ਦਾ ਦੌਰ ਚੱਲਣਾ...। ਕਿਆ ਕਮਾਲ ਹੁੰਦਾ ਸੀ ਉਹ ਵੇਲਾ....ਪਰ ਆਹ ਵੰਡ ਨੇ ਦਿਲ ਚੀਰ ਕੇ ਰੱਖ ਤੇ....।" ਉਹ ਬਜ਼ੁਰਗ



ਭਾਵੁਕ ਹੋ ਗਿਆ।

ਮੇਰੇ ਜ਼ਿਹਨ 'ਚ ਮੇਰੇ ਪਿਤਾ ਦੀ ਜੋ ਤਸਵੀਰ ਸੀ ਉਹਨੇ ਇਕਦਮ ਕਰਵਟ ਬਦਲ ਲਈ। ਮੈਂ ਆਪਣੇ ਪਿਤਾ ਨੂੰ ਜਿਵੇਂ ਨਕਾਰਾਤਮਕ ਤਰੀਕੇ ਨਾਲ ਸਮਝਦਾ ਸੀ, ਉਹ ਰੁੱਖ ਹੀ ਬਦਲ ਗਿਆ। ਮੈਨੂੰ ਉਸ ਉੱਤੇ ਪਿਆਰ ਆਉਣ ਲੱਗਾ। ਉਹ ਮੈਨੂੰ ਦੁਨੀਆਂ ਤੋਂ ਸਭ ਤੋਂ ਵੱਡਾ ਬੰਦਾ ਲੱਗਣ ਲੱਗਾ। ਸੰਵੇਦਨਸ਼ੀਲ! ਜਾਗਦਾ ਹੋਇਆ। ਮੋਹ ਵੰਡਦਾ ਹੋਇਆ। ਆਪਣਾ ਆਪ ਗੁਵਾ ਕੇ ਮੁਹੱਬਤਾਂ ਪਾਲਦਾ ਹੋਇਆ ਪਰ ਪਹਿਲਾਂ ਉਸ ਦੀ ਬਹੁਤ ਹੀ ਕਰੂਅਲ ਤਸਵੀਰ ਮੇਰੇ ਜ਼ਿਹਨ 'ਚ ਸੀ। ਉਹ ਸੀ ਮਾਂ ਉੱਤੇ ਜ਼ੁਲਮ ਢਾਹ ਰਿਹਾ। ਚੌਵੀਂ ਘੰਟੇ ਦਾ ਸ਼ਰਾਬੀ। ਲੜਾਈਆਂ ਝਗੜੇ ਮੁੱਲ ਲੈਣ ਵਾਲਾ। ਆਪਣੀ ਔਲਾਦ ਦੀ ਬਲੀ ਲੈਣ ਵਾਲਾ। ਮਹਾਂ ਪਾਪੀ। ਮਹਾਂ ਨਿਕੰਮਾ। ਕਈ ਵਾਰ....ਉਹ ਮਹੀਨਿਆਂ ਬੱਧੀ ਘਰੋਂ ਦੌੜ ਜਾਂਦਾ। ਘਰ 'ਚ ਮਾਤਮ ਛਾਇਆ ਰਹਿੰਦਾ। ਸਾਰੀ ਰਿਸ਼ਤੇਦਾਰੀ ਗਾਹ ਮਾਰਨੀ। ਕੋਈ ਥੁਹ ਪਤਾ ਨਾ ਮਿਲਣਾ। ਫਿਰ ਅਚਾਨਕ ਉਸਦੀ ਐਂਟਰੀ ਹੁੰਦੀ...ਪੂਰੇ ਫਿਲਮੀ ਅੰਦਾਜ਼ 'ਚ! ਹੱਥ 'ਚ ਨੰਗੀ ਕਿਰਪਾਨ। ਦਾਰੂ ਨਾਲ ਗੁੱਟ। ਲਲਕਾਰੇ ਮਾਰਦਾ ਹੋਇਆ ਆਉਂਦਾ। ਸਾਡੀ ਮਾਂ ਨੂੰ ਗਾਲ੍ਹਾਂ ਕੱਢਦਾ ਹੋਇਆ। ਅਸੀਂ ਸਾਰੇ ਬੱਚੇ ਤਾਂ ਕੀ ਸਾਰਾ ਮੁਹੱਲਾ ਸਹਿਮ ਜਾਂਦਾ। ਡਰਦਾ ਕੋਈ ਬਾਹਰ ਨਾ ਆਉਂਦਾ।

ਇਕ ਹੋਰ ਬੜੀ ਡਰਾਉਣੀ ਘਟਨਾ ਪਿਤਾ ਜੀ ਬਾਰੇ। ਸਾਰਾ ਟੱਬਰ ਡਰ ਨਾਲ ਸਹਿਮ ਗਿਆ ਸੀ। ਮਾਂ ਨੇ ਰੋ-ਰੋ ਬੁਰਾ ਹਾਲ ਕਰ ਲਿਆ ਸੀ...ਸੰਤੋਖ ਸਿੰਘ ਬਸਤੀ ਸ਼ੇਖ ਵਾਲਾ ਭਾਪਾ ਜੀ ਦਾ ਯਾਰ। ਉਨ੍ਹਾਂ ਦੀ ਪਿੰਡ ਗੱਦੋ ਆਲੀ ਜ਼ਮੀਨ ਤੇ ਕਿਸੇ ਨੇ ਕਬਜ਼ਾ ਕੀਤਾ ਸੀ...ਉਹ ਅਕਸਰ ਭਾਪਾ ਜੀ ਵੱਲ ਗੇੜੇ ਮਾਰ ਰਿਹਾ ਸੀ...ਕਬਜ਼ਾ ਛੁਡਾਉਣ ਬਾਰੇ। ਉਸ ਦਿਨ ਲਸ਼ਕਰ ਲੈਕੇ ਭਾਪਾ ਜੀ ਨੇ ਧਾਵਾ ਬੋਲ ਦਿੱਤਾ ਸੀ...ਸਾਰਾ ਟੱਬਰ ਕਮਰੇ ਅੰਦਰ ਬੰਦ ਕਰਤਾ। ਟਰੈਕਟਰ ਮੱਕੀ ਚੀਰਦਾ ਧਰਤੀ ਦੀ ਹਿੱਕ ਤੇ ਵਗ ਰਿਹਾ ਸੀ...ਭਾਪਾ ਜੀ ਤੇ ਉਸਦੇ ਵੈਲੀ ਦੋਸਤ ਸ਼ਰਾਬਾ ਪੀਂਦੇ ਮੁਰਗੇ ਉਡਾਉਂਦੇ ਲਲਕਾਰੇ ਮਾਰ ਰਹੇ ਸਨ..ਸਵੇਰ ਤੱਕ ਸਾਰੀ ਜ਼ਮੀਨ ਪੱਧਰ ਕਰਤੀ ਸੀ...ਕਮਰੇ ਅੰਦਰ ਬੰਦ ਔਰਤ ਭਾਪਾ ਜੀ ਦੇ ਤਰਲੇ ਕਰਨ ਲੱਗੀ.... "ਵੇ ਪੁੱਤਾ, ਮੇਰਾ ਢਿੱਡ ਦੁੱਖਦਾ। ਮੈਨੂੰ ਜੰਗਲ ਪਾਣੀ ਜਾ ਲੈਣ ਦੇ...।" ਭਾਪਾ ਜੀ ਨੂੰ ਤਰਸ ਆ ਗਿਆ ਸੀ ਤੇ ਨਾਲੇ ਕਬਜ਼ਾ ਵੀ ਤਾਂ ਹੋ ਚੁੱਕਾ ਸੀ...ਉਹ ਬੁੜੀ ਆੜੋ ਆੜ ਗਈ ਤੇ ਪੁਲਿਸ ਚਾੜ੍ਹ ਲਿਆਈ...ਪੂਰਾ ਪੁਲਿਸ ਮੁਕਾਬਲਾ ਹੋਇਆ...ਉਨ੍ਹਾਂ ਦਿਨਾਂ 'ਚ ਪੁਲਿਸ ਭੱਜਦੀ..ਕਿਸੇ ਨੇ ਪਹਿਲੀ ਵਾਰ ਵੇਖੀ ਸੀ...ਮੁਕੱਦਮਾ ਦਰਜ ਹੋਇਆ ਸੀ...ਭਾਪਾ ਦੀ ਜੇਲ੍ਹ ਚਲੇ ਗਏ ਸਨ...।

ਹੁਣ ਵੇਖੋ ਉਨ੍ਹਾਂ ਦੀ ਇਕ ਹੋਰ ਤਸਵੀਰ...ਜਦੋਂ ਮਾਂ ਨੇ ਕਹਿਣਾ ਕਿ "ਫਲਾਣੇ ਨੇ ਤੇਰੇ ਕੋਲ ਸਿਆਸਤ ਸਿੱਖ ਕੇ ਜ਼ਮੀਨ ਬਣਾ ਲਈ, ਵੱਡੀ ਕੋਠੀ ਪਾ ਲਈ ਤਾਂ ਉਨ੍ਹਾਂ ਦਾ ਜੁਵਾਬ ਹੋਣਾ...ਮੈਂ ਅਜਿਹੀ ਪਾਪ ਦੀ ਕਮਾਈ ਆਪਣੀ ਔਲਦ ਤੇ ਨਹੀਂ ਲੌਣੀ...ਮੈਂ ਇਨ੍ਹਾਂ ਨੂੰ ਮਿਹਨਤ ਦੀ ਕਮਾਈ ਨਾਲ ਪਾਲੂਗਾ। ਇਹ ਸੁਣ ਉਹ ਮੈਨੂੰ ਬੜੇ ਸੰਵੇਦਨਸ਼ੀਲ ਲੱਗੇ...ਉਨ੍ਹਾਂ ਦੇ ਇਹ ਵਿਚਾਰ ਬਹੁਤ ਹੀ ਉੱਚੇ ਸੁੱਚੇ...ਜਾਪਣ ਲੱਗੇ...ਇਹ ਵਿਚਾਰ ਮੇਰੇ ਮਨ 'ਚ ਟਿਮਟਿਮਾਉਣ ਲੱਗੇ...।

ਪੂਰੇ ਮੁਹੱਲੇ ਵਿੱਚ ਭਾਪਾ ਜੀ ਦਾ ਰੋਅਬ ਚਲਦਾ ਸੀ..ਲੋਕ ਉਨ੍ਹਾਂ ਦੀਆਂ ਮਿੰਨਤਾਂ ਕਰਦੇ। ਥਾਣੇ ਕਚਹਿਰੀਆਂ ਉਹ ਉਨ੍ਹਾਂ ਨਾਲ ਤੁਰਿਆ ਰਹਿੰਦਾ। ਸ਼ਰਾਬ ਪੀਂਦਾ। ਫਸਲ ਦਾ ਧਿਆਨ ਨਾ ਰੱਖਦਾ। ਫਸਲ ਖਰਾਬ ਹੋ ਜਾਂਦੀ। ਘਾਟਾ ਪੈ ਜਾਂਦਾ...ਉਹ ਘਰੋਂ ਦੌੜ ਜਾਂਦਾ। ਫਿਰ ਮਹੀਨਾ ਭਰ ਪਤਾ ਨਹੀਂ ਕਿੱਥੇ ਭਟਕਦਾ..ਜਦੋਂ ਆਉਂਦਾ ਉਹੀ ਫਿਲਮੀ ਐਂਟਰੀ।

ਮੈਨੂੰ ਉਸਦੇ ਇਸ ਰੂਪ ਤੋਂ ਹਮੇਸ਼ਾ ਨਫਰਤ ਰਹੀ ਤੇ ਪਰ ਆਹ ਅਚਾਨਕ ਉਹਦੇ ਇਸ ਰੂਪ ਦੀ ਜਸ਼ਟੀਫਿਕੇਸ਼ਨ ਮਨ 'ਚ ਆਪਣੇ ਆਪ ਬਣ ਗਈ..। ਮੈਂ ਆਪਣੀ ਮਾਨਸਿਕ ਟੁੱਟ-ਭੱਜ ਤੇ ਹੁਣ ਐਨ ਬਦਲ ਜਾਣ ਬਾਰੇ ਵੀ ਹੈਰਾਨ ਹਾਂ.....।

ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਘਟਨਾਵਾਂ ਕਰਵਟ ਲੈ ਰਹੀਆਂ ਹਨ। ਚਾਚਿਆਂ

ਦੇ ਮਾਸੂਮ ਚਿਹਰੇ। ਮੁਹੱਲੇ ਦੀਆਂ ਸਿਆਸੀ ਉਣਤਰ ਬਣਤਰ। ਇਕ ਚਾਚੀ ਦਾ ਕਰਾਰਾ ਕਿਰਦਾਰ। ਚਾਚੇ ਦਾ ਆਲਾ ਭੋਲਾ ਸੁਝਾਅ। ਬਹੁਤ ਕੁਝ ਦਿਮਾਗ ਦੀ ਕੈਨਵਸ ਹਨ। ਹੌਲੀ ਹੌਲੀ ਗੂੜ੍ਹਾ ਹੋ ਰਿਹਾ ਸੀ...ਬੱਸ ਉਹ ਉਣਤਰ ਬਣਤਰ ਦੀ ਤਸਵੀਰ ਹੈ 'ਲੋਹ ਹੱਡਾ'।

## ਮੇਰੀ ਸਿਰਜਣ ਪ੍ਰਕਿਰਿਆ/ਕੇਸਰਾ ਰਾਮ

ਪਿੰਡਾਂ ਦਾ ਸਮਾਜਵਿਗਿਆਨ ਤੇ ਮਨੋਵਿਗਿਆਨ ਵੱਖਰੀ ਕਿਸਮ ਦਾ ਹੁੰਦੈ। ਹੁਣ ਤਾਂ ਅਰਥਚਾਰਾ ਵੀ ਉੱਕਾ ਈ ਬਦਲ ਗਿਐ। ਬਹੁਤ ਪਹਿਲਾਂ ਪਿੰਡ ਮੇਰੇ ਇਕ ਦੋਸਤ ਨੇ ਆਪਣੇ ਗਵਾਂਢੀਆਂ ਦੇ ਮੁੰਡੇ ਬਾਰੇ ਇਕ ਗੱਲ ਦੱਸੀ ਸੀ। ਗਰਮੀਆਂ ਵਿਚ ਲੋਕ ਅਕਸਰ ਛੱਤਾਂ 'ਤੇ ਪੈਂਦੇ ਨੇ। ਖਾਸ ਕਰਕੇ ਨਵੇਂ ਜੋੜੇ। ਦੋਸਤ ਦੇ ਗਵਾਂਢੀ ਦਾ ਵੀ ਨਵਾਂ-ਨਵਾਂ ਵਿਆਹ ਹੋਇਆ ਸੀ। ਹੁੰਮਸ ਤੇ ਗਰਮੀ ਕਾਰਨ ਆਪ ਤਾਂ ਕਪੜੇ ਲਾਹ ਕੇ ਕੱਛੇ 'ਚ ਹੀ ਪੈ ਗਿਆ ਪਰ ਉਸਦੀ ਘਰਵਾਲੀ ਨੇ ਆਪਣੇ ਢਿੱਡ ਤੋਂ ਕਮੀਜ਼ ਜ਼ਰਾ ਉਤਾਂਹ ਚੁਕਿਆ ਹੀ ਸੀ ਕਿ ਮੁੰਡੇ ਨੂੰ ਖੌਰੇ ਕੀ ਸੁੱਝਿਆ, ਗੁੱਸੇ 'ਚ ਆ ਕੇ, ਲੱਤ ਮਾਰ ਕੇ ਉਹਨੂੰ ਮੰਜੀ ਤੋਂ ਹੇਠਾਂ ਡੇਗ ਦਿੱਤਾ। ਹੇਠਾਂ ਬੈਠੀ ਉਹ ਪਤਾ ਨਹੀਂ ਕਿੰਨਾ ਚਿਰ ਹੌਂਕੇ ਜਿਹੇ ਲੈਂਦੀ ਰਹੀ, ਅੰਦਰੋਂ-ਅੰਦਰੀ ਰੋਂਦੀ ਰਹੀ। ਮੇਰਾ ਦੋਸਤ ਕਹਿੰਦਾ, ਅਗਲੇ ਦਿਨ ਮੈਂ ਬੜਾ ਪੁੱਛਿਆ ਪਰ ਉਸਨੇ ਇਸਦਾ ਕੋਈ ਕਾਰਨ ਨਹੀਂ ਸੀ ਦੱਸਿਆ। ਮੇਰੀ ਵੀ ਉਹਦੇ ਨਾਲ ਜਾਣ-ਪਹਿਚਾਣ ਤਾਂ ਸੀ, ਪਰ ਏਨੀ ਨਹੀਂ ਕਿ ਢਿੱਡ (ਵਿਚਲੀ) ਗੱਲ ਡਿਸਕੱਸ ਕਰ ਸਕਦਾ। ਆਪੇ ਕਲਪਨਾ 'ਚ ਹੀ ਗੰਢਾਂ ਜਿਹੀਆਂ ਖੋਲ੍ਹਦਾ ਰਹਿੰਦਾ।

ਉਨ੍ਹਾਂ ਦਿਨਾਂ ਦੀ ਹੀ ਇਕ ਘਟਨਾ ਹੋਰ — ਮੇਰੇ ਇਕ ਹੋਰ ਮਿੱਤਰ ਨੇ ਦੱਸਿਆ ਸੀ ਕਿ ਉਸਨੇ ਫਲਾਣੀਆਂ ਦੋਨਾਂ ਕੁੜੀਆਂ ਨੂੰ....। ਸਕੂਲ ਵੇਲੇ ਮੇਰਾ ਸਹਿਪਾਠੀ ਸੀ ਉਹ। ਮੈਂ ਕਾਲਜ ਆ ਗਿਆ ਸਾਂ ਤੇ ਉਸਨੇ ਆਪਣੀ ਚੰਗੀ ਭਲੀ ਖੇਤੀ ਸਾਂਭ ਲਈ ਸੀ। ਕਹਿੰਦਾ, ਇਕ ਦਿਨ ਮੈਂ ਨਰਮੇ ਵਿਚ ਵੱਡੀ ਕੁੜੀ ਨਾਲ ਸਾਂ ਕਿ ਛੋਟੀ ਨੇ ਦੇਖ ਲਿਆ। ਰੌਲਾ ਪਾਉਣ ਲੱਗੀ ਤਾਂ ਅਸੀਂ ਮਸੇਂ ਸਮਝਾਇਆ ਕਿ ਐਹੋ ਜਿਹੇ ਕੰਮ ਬਾਰੇ ਰੌਲਾ ਪਾਉਣ ਵਾਲੇ ਨੂੰ ਪਾਪ ਲੱਗਦੈ। ਕਈ ਲਾਲਚ ਦੇ-ਦੂ ਕੇ ਮਸੇਂ ਗੱਲ ਠੱਪੀ। ਉਹ ਘਾਹ ਲੈਣ ਆਉਂਦੀਆਂ ਹੁੰਦੀਆਂ ਸਨ। ਫੇਰ ਕਹਿੰਦਾ, ਛੋਟੀ, ਉਮਰ ਪੱਖੋਂ ਭਾਵੇਂ ਛੋਟੀ ਸੀ ਪਰ ਜੁੱਸਾ ਚੰਗਾ ਸੀ ਤੇ ਹੌਲੀ-ਹੌਲੀ ਉਹ ਵੀ ਲਾਇਨ 'ਤੇ ਲੈ ਆਂਦੀ...।

ਉਦੋਂ ਇਹ ਗੱਲਾਂ ਬੜੀਆਂ ਅਜੀਬ ਲੱਗੀਆਂ ਸਨ, ਪਰ ਬਾਅਦ ਵਿਚ ਤਾਂ ਹੋਰ ਵੀ ਬੜਾ ਕੁਝ ਪਤਾ ਲੱਗਦਾ ਰਿਹਾ। ਸਗੋਂ ਗੁਪਤ ਗੱਲਾਂ ਵਧ ਪਤਾ ਲੱਗਦੀਆਂ ਨੇ। ਫਸਲ ਪੱਕਣ ਦੇ ਦਿਨਾਂ ਵਿਚ ਜੱਟ ਘਾਹ ਵਾਲੀਆਂ ਨੂੰ ਫਸਲ 'ਚ ਨਹੀਂ ਵੜਨ ਦਿੰਦੇ। ਅਜਿਹੇ ਸਮੇਂ ਪੱਠਿਆਂ ਦੀ ਇਕ ਪੰਡ ਦਾ ਮੁੱਲ ਵੀ ਤਾਰਨਾ ਪੈਂਦਾ। ਬੜਾ ਕੁਝ ਦੇਖਿਆ, ਸੁਣਿਆ ਸੀ ਅਤੇ ਪਿੰਡਾਂ ਦੇ ਬਦਲ ਰਹੇ ਅਰਥਚਾਰੇ ਦੀ ਸਮਝ ਵੀ ਮੈਨੂੰ ਉਦੋਂ ਬੜੀ ਚੰਗੀ ਤਰ੍ਹਾਂ ਆ ਰਹੀ ਸੀ।

ਉਨ੍ਹੀਂ ਦਿਨੀਂ ਪਿੰਡ ਵਿਚ ਇਕ ਹੋਰ ਕ੍ਰਾਂਤੀ ਵੀ ਬੜੇ ਜ਼ੋਰਾਂ-ਸ਼ੋਰਾਂ ਨਾਲ ਆਈ ਹੋਈ ਸੀ। ਪਿੰਡ 'ਚ ਨਿੱਕੇ-ਨਿੱਕੇ ਬੱਚਿਆਂ ਨੂੰ ਦਿਨ ਛਿਪਣ ਤੋਂ ਪਹਿਲਾਂ ਹੀ ਪਤਾ ਹੁੰਦਾ ਕਿ ਅੱਜ ਕਿਨ੍ਹਾਂ ਦੇ ਘਰੇ ਵੀ.ਸੀ.ਆਰ. ਚੱਲੂ। ਬੱਚੇ ਤਾਂ ਕੀ, ਬਥੇਰੇ ਨੌਜਵਾਨ ਵੀ ਹਰ ਥਾਂ ਪਹੁੰਚੇ ਹੁੰਦੇ। ਜੁਆਕ ਗੱਲਾਂ ਕਰਦੇ, ਮੈਂ ਮੇਹਰ ਮਿੱਤਲ ਦੀ ਫਲਾਣੀ ਫਿਲਮ ਵੀਹ ਵਾਰੀ ਦੇਖ ਲਈ, ਮੈਂ 'ਇਨਸਾਫ ਕਾ ਤਰਾਜੂ' ਐਨੇ ਵਾਰੀ ਦੇਖ ਲਈ। ਗਲੀਆਂ 'ਚ ਬੰਟੇ ਜਾਂ ਗੁੱਲੀ-ਡੰਡਾ ਖੇਡਦੇ



ਬੱਚਿਆਂ ਵੱਲੋਂ ਹਰ ਵੇਲੇ ਰਾਤੀਂ ਦੇਖੀਆਂ ਫਿਲਮਾਂ ਦੀਆਂ ਸਟੋਰੀਆਂ ਹੀ ਡਿਸਕੱਸ ਹੁੰਦੀਆਂ। ਬੜਾ ਅਜੀਬ ਕਿਸਮ ਦਾ ਸਮਾਂ ਸੀ ਉਹ। ਇਕ ਹਲਚਲ ਜਿਹੀ, ਜਿਵੇਂ ਕਿ ਸਮਾਂ ਕਰਵਟ ਲੈ ਰਿਹਾ ਹੋਵੇ।

ਕਾਲਜ ਦੀ ਪੜ੍ਹਾਈ ਪੂਰੀ ਹੋਈ। ਮੈਂ ਨੌਕਰੀ 'ਚ ਆ ਗਿਆ। ਫਿਰ ਵੀ ਕਰਵਟ ਲੈ ਰਹੇ ਉਸ ਸਮੇਂ ਬਾਰੇ ਕਦੇ-ਕਦਾਈਂ ਕੋਈ ਖਿਆਲ ਆ ਹੀ ਜਾਂਦਾ। ਬੇਚੈਨੀ ਜਿਹੀ ਦੀ ਅਵਸਥਾ ਪੈਦਾ ਹੋ ਜਾਂਦੀ ਅਤੇ ਮੈਂ ਸੋਚਣ ਲੱਗਦਾ। ਪਲ-ਪਲ ਬਦਲਦੀ ਜ਼ਿੰਦਗੀ ਦੇ ਹਰ ਵਰਤਾਰੇ ਬਾਰੇ ਬਹੁਤ ਸਾਰੇ ਸਵਾਲ ਮਨ 'ਚ ਉਠਦੇ...। ਢੇਰਾਂ ਸ਼ੰਕੇ...। ਇਹਨਾਂ ਨੂੰ ਸ਼ਾਂਤ ਕਰਨ ਦਾ ਜ਼ਰੀਆ ਮੈਨੂੰ ਚਾਹੀਦਾ ਸੀ। ਤੇ ਮੈਂ ਸਾਹਿਤ ਦਾ ਵਿਦਿਆਰਥੀ ਬਣ ਗਿਆ ਸਾਂ। ਇਸੇ ਦੌਰਾਨ 3 ਦਸੰਬਰ, 2000 ਦੇ 'ਪੰਜਾਬੀ ਟ੍ਰਿਬਿਊਨ' ਵਿਚ ਤਰਨਤਾਰਨ ਤੋਂ ਲੱਗੀ ਇਕ ਖ਼ਬਰ ਪੜ੍ਹੀ: 'ਗਰਭਪਾਤ ਕਰਾਉਣ ਕਾਰਨ ਵਿਆਹੁਤਾ ਦੀ ਮੌਤ'। ਕਿਸੇ ਵਿਚਲੇ ਪੇਜ ਦੇ ਆਖਰੀ ਕਾਲਮ ਵਿਚ ਛਪੀ ਇਸ ਖਬਰ ਦਾ ਸਾਰ ਤਾਂ ਬਸ ਇਹੀ ਸੀ ਕਿ ਇਕ ਗਰੀਬ ਪਰਵਾਰ ਦੀ ਵਿਆਹੁਤਾ ਧੀ ਦਾ ਗਰਭਪਾਤ ਕਰਾਉਣ ਕਾਰਨ ਦਿਹਾਂਤ ਹੋ ਗਿਆ। ਉਸਦੀ ਪਹਿਲੀ ਸ਼ਾਦੀ ਸਿਰੇ ਨਾ ਚੜ੍ਹੀ ਅਤੇ ਤਲਾਕ ਲੈਣਾ ਪਿਆ ਸੀ। ਫਿਰ ਉਸਦੀ ਸ਼ਾਦੀ ਕਿਤੇ ਹੋਰ ਕਰ ਦਿੱਤੀ, ਜਿਥੇ ਪਤੀਦੇਵ ਨੂੰ ਬਾਅਦ ਵਿਚ ਪਤਾ ਲੱਗਾ ਕਿ ਉਸਦੀ ਪਤਨੀ ਪਹਿਲਾਂ ਹੀ ਗਰਭਵਤੀ ਹੈ। ਉਸਨੇ ਗਰਭਪਾਤ ਕਰਾਉਣ ਲਈ ਕਿਹਾ ਤੇ ਫੇਰ ਜਿਵੇਂ ਗਰੀਬ-ਗੁਰਬੇ ਨਰਸਾਂ-ਦਾਈਆਂ ਦਾ ਸਹਾਰਾ ਲੈਂਦੇ ਨੇ... ਆਖਰ ਉਹ ਭਾਣਾ ਵਰਤ ਗਿਆ ਸੀ...।

ਇਸ ਨਿੱਕੀ ਜਿਹੀ ਖ਼ਬਰ ਦੇ ਹਰ ਸ਼ਬਦ ਵਿਚੋਂ ਵਿਅੰਗ, ਵਿਡੰਬਨਾ ਤੇ ਦਰਦ ਨਕਸੀਰ ਵਾਂਗ ਵਗ ਰਹੇ ਸਨ। ਖ਼ਬਰ ਪੜ੍ਹ ਕੇ ਮੇਰੇ ਅੰਦਰੋਂ ਬੜੇ ਵੇਗ ਨਾਲ ਇਕ ਸਵਾਲ ਉਠਿਆ ਸੀ ਕਿ ਇੱਕੀਵੀਂ ਸਦੀ ਦੇ ਮੁਹਾਣੇ 'ਤੇ ਖੜ੍ਹੇ ਅਸੀਂ ਕਿਸ ਤਰ੍ਹਾਂ ਦੀਆਂ ਵਿਡੰਬਨਾਵਾਂ ਵਿਚ ਜੀ ਰਹੇ ਸਾਂ? ਹੋਰ ਵੀ ਕਿੰਨੇ ਹੀ ਸਵਾਲਾਂ ਦੇ ਸਨਮੁਖ ਹੁੰਦਿਆਂ ਮੈਂ ਸੋਚਾਂ ਵਿਚ ਪੈ ਗਿਆ ਸਾਂ ਅਤੇ ਇਸ ਤਰ੍ਹਾਂ ਕਹਾਣੀ 'ਲਾਸ਼' ਦਾ ਜਨਮ ਹੋ ਚੁੱਕਾ ਸੀ। ਇਹ ਕਹਾਣੀ ਲਿਖਣ ਸਮੇਂ ਮੇਰੇ ਸਾਹਮਣੇ ਕੋਈ ਵਾਦ ਜਾਂ ਵਿਚਾਰਧਾਰਾ ਨਹੀਂ ਬਲਕਿ ਸਿਰਫ ਗੁੱਡੋ ਦਾ ਦੁੱਖ-ਦਰਦ ਹੀ ਸੀ ਜੋ ਮੈਨੂੰ ਮੇਰਾ ਆਪਣਾ ਦੁੱਖ-ਦਰਦ ਮਹਿਸੂਸ ਹੋ ਰਿਹਾ ਸੀ।

ਲਿਖਣ ਤੋਂ ਹਫਤਾ ਕੁ ਬਾਅਦ ਜਦ ਮੈਂ ਇਸ ਕਹਾਣੀ ਨੂੰ ਜ਼ਰਾ ਦੂਰੀ ਤੋਂ ਵਾਚਿਆ ਤਾਂ ਦੋ ਸਵਾਲ ਮੇਰੇ ਜ਼ਿਹਨ 'ਚ ਉਠੇ ਸਨ, ਕੀ ਇਤਿਹਾਸ ਵਿਚ ਸਭ ਕੁਝ ਮਾੜਾ ਹੀ ਹੈ? ਨਹੀਂ। ਪਰ ਉਸ ਵਿਚਲੇ ਮਾੜੇ ਵਾਇਰਸ ਸਿੱਧੇ ਹਮਲਾ ਕਰਨ ਦੀ ਬਜਾਇ ਹੁਣ ਨਵੇਂ ਰੂਪਾਂ ਵਿਚ ਸਾਡੇ ਦਰਪੇਸ਼ ਹਨ। ਇਸਦੇ ਕਈ ਸੰਕੇਤ ਕਹਾਣੀ ਵਿਚੋਂ ਮਿਲ ਜਾਣਗੇ। ਵਾਇਰਸ ਇਸ ਲਈ ਕਹਿ ਰਿਹਾਂ ਕਿਉਂਕਿ ਵਾਇਰਸ ਜਿਹੜਾ ਹੈ ਨਾ, ਜਾਂ ਤਾਂ ਕਿਸੇ ਫਾਇਲ ਨੂੰ ਖੁੱਲ੍ਹਣ ਹੀ ਨਹੀਂ ਦਿੰਦਾ ਜਾਂ ਫਿਰ ਇਕ ਦੀਆਂ ਕਈ-ਕਈ ਖੋਲ੍ਹੀ ਜਾਊ। ਉਂਝ ਤੁਲਸੀਦਾਸੀ ਨਜ਼ਰੀਏ ਤੋਂ ਇਲਾਵਾ ਇਤਿਹਾਸ ਮੋਟੇ ਤੌਰ 'ਤੇ ਇਹ ਰਿਹੈ ਕਿ ਇਕ ਧਿਰ ਜ਼ੁਲਮ ਕਰਦੀ ਸੀ, ਦੂਸਰੀ ਸਹਿੰਦੀ ਸੀ। ਅੱਜ ਜ਼ੁਲਮ ਕਰਨ ਵਾਲੀ ਧਿਰ ਇਤਿਹਾਸ ਦੁਹਰਾਉਂਦੀ ਰਹਿਣਾ ਚਾਹੁੰਦੀ ਹੈ ਪਰ ਦੂਸਰੀ ਧਿਰ ਹੁਣ ਜਾਗਰੁਕ ਹੋ ਚੁੱਕੀ ਹੈ। ਆਪਣੀ ਸਮਰੱਥਾ ਮੁਤਾਬਿਕ ਉਹ ਮੁਕਾਬਲੇ ਵਿਚ ਵੀ ਖੜੀ ਹੋ ਚੁੱਕੀ ਹੈ। ਸਿੱਟੇ ਵੱਜੋਂ ਟਕਰਾਅ ਦੀ ਸਥਿਤੀ ਪੈਦਾ ਹੋ ਜਾਂਦੀ ਹੈ।

ਦੂਸਰਾ ਸਵਾਲ, ਕੀ ਸੈਕਸ ਇਕ ਹਥਿਆਰ ਮਾਤਰ ਹੈ? ਬਦਲਾ ਲੈਣ ਜਾਂ ਘਿਰਣਾ ਪ੍ਰਗਟਾਉਣ ਦਾ ਸੌਖਾ ਤਰੀਕਾ? ਜਦਕਿ ਸਮਾਜ ਸ਼ਾਸਤਰੀ ਕਹਿੰਦੇ ਹਨ ਕਿ ਆਮ ਤੌਰ 'ਤੇ ਕੁਝ ਦਿਨਾਂ ਵਿਚ ਹੀ ਮਰਦ-ਔਰਤ ਵਿਚਾਲੇ ਅਜਿਹੇ ਸੰਬੰਧ ਉਨ੍ਹਾਂ ਵਿਚ ਕੁਝ ਹੋਰ ਨਹੀਂ ਤਾਂ

ਜ਼ਿੰਦਗੀ ਭਰ ਦਾ ਮਿਠਾਸ ਤਾਂ ਭਰ ਹੀ ਦਿੰਦੇ ਹਨ ? ਵਿਆਹ ਰੂਪੀ ਸੰਸਥਾ ਦੇ ਜ਼ਿੰਦਗੀ ਭਰ ਦੇ ਬੰਨਣ ਦਾ ਆਧਾਰ ਵੀ ਇਹੀ ਬਣਦਾ ਹੈ ? ਕੀ ਇਸ ਰੁਮਾਂਚਕ ਅਤੇ ਮਰਦ-ਔਰਤ ਨੂੰ ਨੇੜੇ ਲਿਆਉਣ ਵਾਲੀ ਖੇਡ ਦੀ ਥਾਂ ਬਦਲੇ ਦੀ ਭਾਵਨਾ ਦਾ ਆਰੋਪਣ ਸਹੀ ਹੈ ?

ਸਵਾਲ ਲੰਮਾ ਹੈ, ਪਰ ਕੀ ਬਲਾਤਕਾਰ ਅਤੇ ਸੰਜਮ-ਸਮਰਪਣ ਨਾਲ ਭਰਪੂਰ ਸੈਕਸ ਵਿਚ ਫਰਕ ਨਹੀਂ ਹੈ ? ਕੀ ਬਲਾਤਕਾਰ ਦਾ ਜ਼ਖ਼ਮ ਕਿਸੇ ਵੀ ਹਥਿਆਰ ਨਾਲ ਹੋਏ ਜ਼ਖ਼ਮ ਨਾਲੋਂ ਘੱਟ ਗਹਿਰਾ ਹੁੰਦਾ ਹੈ ? ਕੁੱਝ ਇੱਜਤ ਸੂਚਕ ਚਿੰਨ੍ਹ ਸਮਾਜ ਨੇ ਹਜ਼ਾਰਾਂ ਸਾਲਾਂ ਦੀ ਵਿਕਾਸ ਪ੍ਰਕ੍ਰਿਆ ਵਿਚੋਂ ਲੰਘਦਿਆਂ ਨਿਰਧਾਰਤ ਕੀਤੇ ਹਨ। ਤੇ ਔਰਤ ਨੂੰ ਘਰ, ਪਰਵਾਰ, ਖਾਨਦਾਨ ਦੀ ਇੱਜਤ ਮੰਨਿਆ ਗਿਆ। ਇੱਜਤ ’ਤੇ ਅਟੈਕ ਕੀ ਸਧਾਰਨ ਸੈਕਸ ਹੈ ? ਇਸੇ ਤਰ੍ਹਾਂ ਸਾਰੀਆਂ ਗਾਲ੍ਹਾਂ ਵੀ ਇਸਤ੍ਰੀ-ਲਿੰਗ ਦੇ ਸੰਬੋਧਨ ਨਾਲ ਜੁੜੀਆਂ ਹੋਈਆਂ ਹਨ। ਹੋਰ ਤਾਂ ਹੋਰ ਵਰਗਲਾ ਕੇ(ਇਕ ਕਿਸਮ ਦੀ ਰਜਾਮੰਦੀ) ਨਾਲ ਕੀਤਾ ਹੋਇਆ ਸੈਕਸ ਵੀ ਆਖਰ ਸ਼ੋਸ਼ਣ ਹੀ ਹੈ। ਇਸੇ ਪਰਿਪੇਖ ਵਿਚ ਗੁੱਡੋ ਪਾਤਰ ਦਾ ਚਿਤਰਣ ਹੋਇਐ।

ਇਸੇ ਤਰ੍ਹਾਂ ਜਾਤ-ਪਾਤ ਨੂੰ ਲੈ ਕੇ ਜਾਂ ਇਸ ਬਹਾਨੇ ਹੋ ਰਹੇ ਜੁਲਮ, ਸ਼ੋਸ਼ਣ ਤੇ ਇਸ ਦੇ ਪ੍ਰਤੀਕ੍ਰਮ ਵੱਜੋਂ ਹੋ ਰਹੀਆਂ ਘਟਨਾਵਾਂ ਕਾਰਨ ਇਕ ਅਸੁਰੱਖਿਆ ਅਤੇ ਕੁੜੱਤਣ ਦੀ ਭਾਵਨਾ ਹਰ ਧਿਰ ਦੇ ਮਨਾਂ ਅੰਦਰ ਘਰ ਕਰ ਜਾਂਦੀ ਹੈ। ਇਹੀ ਮਨੋਵਿਗਿਆਨ ਆਖਰ ਇਕ ਜੈਲੇ (ਕਹਾਣੀ ਦਾ ਪਾਤਰ) ਨੂੰ ਜਨਮ ਦਿੰਦਾ ਹੈ ਜੋ ਸਹੀ ਸੇਧ ਦੀ ਘਾਟ ਕਾਰਨ ਨਿਰਾਸ਼ਾ ਤੇ ਹਤਾਸ਼ਾ ਵਿਚ ਘਿਰ ਕੇ ਆਪਣੇ ਮਕਸਦ ਤੋਂ ਭਟਕ ਜਾਂਦਾ ਹੈ। ਆਰਥਿਕ, ਸਮਾਜਿਕ ਸਮੇਤ ਇਸ ਸਾਇਕੀ ਦੇ ਕਈ ਪਹਿਲੂ ਹਨ ਜੋ ਮੈਂ ਇਸ ਕਹਾਣੀ ਵਿਚ ਫੜਨ ਦੀ ਕੋਸ਼ਿਸ਼ ਕੀਤੀ ਸੀ। ਕਹਾਣੀ ਵਿਧਾ ਦੀਆਂ ਆਪਣੀਆਂ ਸੀਮਾਵਾਂ ਵਾਂਗ ਲੇਖਕ ਦੀਆਂ ਵੀ ਸੀਮਾਵਾਂ ਹੋ ਸਕਦੀਆਂ ਹਨ ਤੇ ਇਸ ਸਾਇਕੀ ਦਾ ਇਥੇ ਅੰਸ਼ ਮਾਤਰ ਹੀ ਸਾਹਮਣੇ ਆ ਸਕਿਆ ਹੈ। ਹਾਂ, ਇਨ੍ਹਾਂ ਮਸਲਿਆਂ ਨਾਲ ਜਿੰਨਾ ਕੁ ਮੈਂ ਇਥੇ ਨਜਿੱਠ ਸਕਿਆਂ, ਉਸ ਵਿਚੋਂ ਕਈ ਤਰ੍ਹਾਂ ਨਾਲ ਨਵੇਂਪਨ ਦਾ ਅਹਿਸਾਸ ਜ਼ਰੂਰ ਹੋਇਐ।

ਉਂਝ ਮੇਰੀ ‘ਲਾਸ਼’ ਦੀ ਕਹਾਣੀ ਤਾਂ ਐਨੀ ਕੁ ਹੀ ਹੈ ਕਿ ਇਹ ਮੈਂ ਮਰ ਕੇ ਬਣਾਈ ਐ...। ਤਾਂਈਓਂ ਤਾਂ ਅੱਜ ਘੋਰ ਬਾਜ਼ਾਰ ‘ਚ ਖੜੇ ਹੋਣ ਦੇ ਬਾਵਜੂਦ ਇਹ ਆਪਾਂ ਸਾਰਿਆਂ ਦੇ ਮੋਢਿਆਂ ’ਤੇ ਪਹੁੰਚ ਗਈ ਐ...! ਕਨੀ..?

## ‘ਇਕਬਾਲ ਹੁਸੈਨ ਮੋਇਆ ਨਹੀਂ’ ਦੀ ਪਿੱਠ ਭੂਮੀ/ਅਜਮੇਰ ਸਿੱਧੂ

ਮੈਂ ‘ਨਵਾਂ ਜ਼ਮਾਨਾ’ ਅਖ਼ਬਾਰ ਵਿੱਚ ਇਤਿਹਾਸ ਦੀਆਂ ਪੈੜਾਂ ਕਾਲਮ ਲਿਖਦਾ ਰਿਹਾ ਹਾਂ। ਇਸ ਵਿੱਚ ਪਿੰਡਾਂ ਦੇ ਵਸਣ ਦੀ ਕਹਾਣੀ, ਰਾਜਨੀਤਕ ਲਹਿਰਾਂ ਤੇ ਉਸਦੇ ਨਾਇਕ, ਸੰਤਾਲੀ ਦਾ ਬਟਵਾਰਾ, ਵੱਖ-ਵੱਖ ਖੇਤਰਾਂ ਦੀਆਂ ਸ਼ਖ਼ਸੀਅਤਾਂ ਅਤੇ ਹਰ ਖੇਤਰ ਬਾਰੇ ਜਾਣਕਾਰੀ ਹੁੰਦੀ ਸੀ, ਜੋ ਪਿੰਡ ਦਾ ਹਿੱਸਾ ਸਨ। ਮੈਂ ਕੁਝ ਪਿੰਡਾਂ ਦੀ ਸੰਤਾਲੀ ਵੇਲੇ ਦੰਗੇ ਫਸਾਦਾਂ ਦੀ ਤਰਾਸਦੀ ਲਿਖ ਸਕਿਆ ਹਾਂ। ਇਹ ਨਕਸ਼ੇ ਕਦਮ ਤਾਂ ਹੁੰਦੀਆਂ ਹੀ ਸਨ, ਪਰ ਪੀੜਾਂ ਜ਼ਿਆਦਾ ਸਨ। ਲਹਿੰਦੇ ਪੰਜਾਬ ਦੇ ਕੁਝ ਲੋਕਾਂ ਲਈ ਮੈਂ ਸੰਤਾਲੀ ਦਾ ਬੰਦਾ ਹਾਂ ਅਤੇ ਉਸ ਕਤਲੋਗਾਰਦ ਦਾ ਗਵਾਹ ਹਾਂ। ਪਰ ਮੈਂ ਇਹ ਪਾਪ ਹੁੰਦਾ ਦੇਖ ਨਹੀਂ ਸਕਿਆ। ਮੇਰਾ ਭਾਪਾ ਉਦੋਂ ਅੱਠ-ਨੌਂ ਸਾਲ ਦਾ ਸੀ। ਮੇਰਾ ਬਾਬਾ ਇਹਦਾ ਚਸ਼ਮਦੀਦ ਗਵਾਹ ਹੈ। ਉਹ ਆਪਣੇ ਇੱਕਲੌਤੇ ਪੁੱਤਰ ਤੇ ਬਾਲੜੀਆਂ ਨੂੰ ਬਾਰ ਇਲਾਕੇ ਵਿੱਚੋਂ ਬਚਾ ਕੇ ਲੈ ਆਇਆ ਸੀ।ਬਾਬੇ ਤੇ ਭਾਪੇ ਦੇ ਮਨ ਉੱਤੇ ਇਸ ਵੱਡ-ਟੁੱਕ ਦਾ ਭਾਰ



ਸੀ। ਬਾਬਾ ਤਾਂ ਆਪੇ ਮੁੱਕ ਗਿਆ ਸੀ ਪਰ ਭਾਪੇ ਦੀਆਂ ਅਜੇ ਤੱਕ ਬਾਤਾਂ ਨਹੀਂ ਮੁੱਕੀਆਂ। ਪਿੰਡ ਜਾਂਦਾ ਹਾਂ ਤਾਂ ਉਹ ਕੋਈ ਨਾ ਕੋਈ ਕਹਾਣੀ ਛੇੜ ਲਏਗਾ।

ਜਦੋਂ ਮੈਂ ਹੋਸ਼ ਸੰਭਾਲੀ, ਪੰਜਾਬ ਮੁੜ ‘ਸੰਤਾਲੀ’ ਵਿੱਚ ਪ੍ਰਵੇਸ਼ ਕਰ ਚੁੱਕਾ ਸੀ। ਸਾਕਾ ਨੀਲਾ ਤਾਰਾ, ਦਿੱਲੀ ਦੰਗੇ... ਪੰਜਾਬ ਵਿੱਚ ਕਤਲੇਆਮ ਸਿਖ਼ਰ ’ਤੇ ਸਨ। ਉਦੋਂ ਪੰਜਾਬ ਵਿੱਚ ਇੱਕ ਦਿਨ ਵੇਲੇ ਦੀ ਸਰਕਾਰ ਹੁੰਦੀ ਸੀ ਅਤੇ ਦੂਜੀ ਰਾਤ ਦੀ ਸਰਕਾਰ ਹੁੰਦੀ ਸੀ। ਦੋਨੋਂ ‘ਚੰਗਿਆੜੀ’ ਛੱਡ ਚੁੱਕੇ ਸਨ। ਜੰਗਲ ਨੂੰ ਅੱਗ ਲੱਗ ਚੁੱਕੀ ਸੀ। ਪਤਾ ਨਹੀਂ ਕਿਉਂ ਮੈਨੂੰ, ਬਾਲਮਨ ਨੂੰ ਲੱਗਣ ਲੱਗ ਪਿਆ ਸੀ ਕਿ ਇਸ ਯੁੱਗ ਦਾ ਅਤੇ ਸੰਤਾਲੀ ਦਾ ਆਪਸ ਵਿੱਚ ਰਿਸ਼ਤਾ ਹੈ। ਇਸ ਯੁੱਗ ਨੇ ਹੀ ਮੈਨੂੰ ਸੰਤਾਲੀ ਦੇ ਲਹੂ-ਲੁਹਾਣ ਇਤਿਹਾਸ ਦੀ ਜਾਣਕਾਰੀ ਦਿੱਤੀ।

ਇਤਿਹਾਸ ਦੀਆਂ ਪੈੜਾਂ ਲਿਖਦਿਆਂ ਮੇਰੀਆਂ ਅੱਖਾਂ ਸਾਹਮਣੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਪਿੰਡ ਸਿੰਬਲੀ ਸੀ। ਇਹ ਸਾਡੀ ਕਥਾਕਾਰ ਅਫ਼ਜ਼ਲ ਤੌਸੀਫ਼ ਦਾ ਜੱਦੀ ਪਿੰਡ ਹੈ। ਉਹ ਤਾਂ ਉਦੋਂ ਦਸ-ਗਿਆਰਾਂ ਸਾਲ ਦੀ ਸੀ। ਸੰਤਾਲੀ ਦਾ ਸਾਉਣ ਮਹੀਨਾ ਹੋਵੇਗਾ। ਮੀਂਹ ਤੇ ਹਨੇਰੀ ਦਾ ਜ਼ੋਰ ਸੀ। ਜਰਵਾਨਿਆਂ ਦਾ ਤਾਂ ਜ਼ੋਰ ਹੋਏਗਾ ਹੀ, ਜਿਨ੍ਹਾਂ ਪਿੰਡਾਂ ਵਿੱਚ ਲਾਸ਼ਾਂ ਦੇ ਢੇਰ ਲਾ ਦਿੱਤੇ ਸਨ। ਪਾਥੀਆਂ ਵਾਂਗ ਢਾਈ ਸੌ ਲਾਸ਼ਾਂ ਸਿੰਬਲੀ ਵਿੱਚ ਖਿਲਰੀਆਂ ਪਈਆਂ ਸਨ। ਉਨ੍ਹਾਂ ਵਿੱਚ ਅਫ਼ਜ਼ਲ ਤੌਸੀਫ਼ ਦੇ ਬਾਰਾਂ ਜੀਅ ਵੀ ਸਨ। ਵਿਹੜਾ ਖ਼ੂਨ ਨਾਲ ਲੱਥਪੱਥ ਹੋ ਗਿਆ ਸੀ। ਹਮਲਾਵਰ ਉਹਦੇ ਤਾਏ ਦੀਆਂ ਧੀਆਂ ਸਰਵਰੀ ਤੇ ਸਦੀਕਣ ਨੂੰ ਬਾਕੀ ਕੁੜੀਆਂ ਦੇ ਨਾਲ ਹੀ ਉਧਾਲ ਕੇ ਲੈ ਗਏ ਸਨ। ਬਾਕੀ ਖ਼ੂਹ ਵਿੱਚ ਛਾਲਾਂ ਮਾਰ ਗਈਆਂ ਸਨ। ਉਨ੍ਹਾਂ ਦੀਆਂ ਬੱਤਖਾਂ ਰੋਜ਼ ਵਾਂਗ ਹਵੇਲੀ ਤੋਂ ਉਸ ਸ਼ਾਮ ਵੀ ਘਰ ਮੁੜੀਆਂ ਸਨ ਪਰ ਲਹੂ ਦੇ ਛੱਪੜ ਵਿੱਚ ਨਹਾਤੀਆਂ ਗਈਆਂ ਸਨ।

ਪੰਜਾਹ ਸਾਲ ਬਾਅਦ ਵੀ ਤੌਸੀਫ਼ ਆਪਣੇ ਪਿੰਡ ਨਹੀਂ ਆਉਣਾ ਚਾਹੁੰਦੀ ਸੀ। ਉਹਨੂੰ ਉਹਦੇ ‘ਮਰੇ’ ਪੁਰਖੇ ਡਰਾਉਂਦੇ ਕਿ ਉਹ ਸਿੰਬਲੀ ਜਾ ਕੇ ‘ਪੱਥਰ’ ਦੀ ਹੋ ਜਾਵੇਂਗੀ। ਪਰ ਮੈਂ ਉਹਨੂੰ ‘ਉਹਦੇ’ ਪਿੰਡ ਲੈ ਆਇਆ ਸੀ।... ਹੁਣ ਉਹ ਹਰ ਦੂਏ ਤੀਏ ਸਾਲ ਪਿੰਡ ਗੇੜਾ ਮਾਰ ਜਾਂਦੀ ਹੈ। ‘ਆਪਣੇ’ ਹੀ ਪਿੰਡ ਮਰਨਾ ਚਾਹੁੰਦੀ ਹੈ। ਜਦੋਂ ਉਹ ਪਹਿਲੀ ਵਾਰ ਆਈ ਸੀ। ਮੇਰੇ ਘਰ ਬੈਠੀ ਬੋਲੀ ਸੀ-

“ਭਤੀਜ, ਮੈਂ ਆਪਣੀ ਭੈਣ ਸਰਵਰੀ ਨੂੰ ਮਿਲਣਾ ਚਾਹੁੰਦੀ ਆਂ। ਸਾਰੀਆਂ ਗੱਲਾਂ ਨਈਂ, ਬੱਸ ਇੱਕੋ ਗੱਲ ਪੁੱਛਣ ਲਈ।”

“ਉਹ ਕਿਹੜੀ, ਭੂਆ ਜੀ।” ਮੈਂ ਪੁੱਛਿਆ ਸੀ।

“ਉਹ ਮੁੜ ਕਦੇ ਪਿੰਡ ਆਈ ? ਆਪਣੀ ਹਵੇਲੀ ਘਰ ਵੇਖੇ ਕਦੇ ? ਕਿਸ ਤਰ੍ਹਾਂ ਦਾ ਲੱਗਾ ਆਪਣਾ ਘਰ ਦੂਜਿਆਂ ਦੇ ਕਬਜ਼ੇ ਵਿੱਚ ਵੇਖ ਕੇ ? ਉਸੇ ਤਰ੍ਹਾਂ ਦਾ ਨਾ, ਜਿਸ ਤਰ੍ਹਾਂ ਆਪਣਾ ਆਪ ਦੂਜਿਆਂ ਦੇ ਕਬਜ਼ੇ ਵਿੱਚ ਵੇਖ ਕੇ।”

ਉਹਨੇ ਹਾਉਕਾ ਲਿਆ ਸੀ। ਫ਼ੇਰ ਆਖ਼ਰੀ ਗੱਲ ਆਖੀ ਸੀ।

“ਮੈਂ ਚਾਹੁੰਦੀ ਆਂ ਅਜਮੇਰ ਸਿੱਧੂ ਆਪਣੀ ‘ਭੂਆ’ ਸਰਵਰੀ ਨੂੰ ਲੱਭ ਕੇ ਮਿਲੇ। ਉਹਦਾ ਇੰਟਰਵਿਊ ਕਰੇ। ਇਤਿਹਾਸ ਦੀ ਇੱਕ ਦਰਦ ਭਰੀ ਪੀੜ ਨੂੰ ਸੁਣੇ।”

ਮੈਂ ਸੱਚਮੁੱਚ ਸਰਵਰੀ ਭੂਆ ਨੂੰ ਲੱਭਣ ਲਈ ਤੁਰ ਪਿਆ ਸਾਂ। ਸਾਡੇ ਬਹੁਤੇ ਪਿੰਡਾਂ ਵਿੱਚ ਇੱਕਾ ਦੁੱਕਾ ਔਰਤਾਂ ਮਿਲ ਹੀ ਜਾਂਦੀਆਂ ਸਨ, ਜਿਹੜੀਆਂ ਰੌਲਿਆਂ ਵੇਲੇ ਇੱਥੇ ਰੱਖ ਲਈਆਂ ਗਈਆਂ ਸਨ। ਮੈਨੂੰ ਸਰਵਰੀ ਬਾਰੇ ਪਹਿਲੀ ਖ਼ਬਰ ਚਣਕੋਏ ਹੋਣ ਦੀ ਮਿਲੀ ਸੀ। ਚਣਕੋਏ ਕਿਵੇਂ ਹੋ ਸਕਦੀ ਹੈ ? ਮੈਂ ਆਪਣੇ ਆਪ ਨੂੰ ਸਵਾਲ ਕੀਤਾ ਸੀ, ਉੱਥੇ ਤਾਂ...। ਉਥੋਂ ਦਾ ਕਤਲੇਆਮ

ਇੰਨਾ ਦਿਲ ਕੰਬਾਊ ਅਤੇ ਹੌਲਨਾਕ ਸੀ ਕਿ ਮੇਰੇ ਤੋਂ ਇਤਿਹਾਸ ਦੀ ਪੈੜ ਨਹੀਂ ਲਿਖ ਹੋਈ ਸੀ। ਜਿੱਦਣ ਮੈਂ ਚਣਕੋਏ ਜਾਂਦਾ, ਮੇਰੇ ਤੋਂ ਹਫ਼ਤਾ ਭਰ ਮੰਜੇ ਤੋਂ ਨਹੀਂ ਸੀ ਉੱਠ ਹੁੰਦਾ। ਮੈਨੂੰ ਉੱਥੇ ਦਾ ਦ੍ਰਿਸ਼ ਕਦੇ ਭੁੱਲ ਹੀ ਨਹੀਂ ਸਕਦਾ।

******

ਆਲੇ ਦੁਆਲੇ ਪਿੰਡਾਂ ਦੇ ਮੁਸਲਮਾਨ ਚਣਕੋਏ ਇੱਕਠੇ ਹੋ ਗਏ ਸਨ। ਉਨ੍ਹਾਂ ਪਿੰਡ ਦੇ ਚਾਰੇ ਪਾਸੇ ਮੋਰਚੇ ਮੱਲ ਲਏ ਸਨ। ਹਮਲਾਵਰ ਆਉਂਦੇ ਪਰ ਮੂੰਹ ਦੀ ਖਾ ਕੇ ਮੁੜ ਜਾਂਦੇ। ਜਿੰਨੇ ਵੀ ਜਥੇ ਗਏ, ਜਾਨੀ ਨੁਕਸਾਨ ਕਰਵਾ ਕੇ ਆਏ। ਫ਼ੇਰ ਬਲਾਚੌਰ, ਗੜ੍ਹਸ਼ੰਕਰ, ਮਾਹਿਲਪੁਰ ਤੱਕ ਜਿੰਨੇ ਜਥੇ ਸਰਗਰਮ ਸਨ, ਸਭ ਇੱਕਠੇ ਹੋ ਗਏ। ਸਾਂਝਾ ਹਮਲਾ ਕੀਤਾ ਗਿਆ। ਤਿੰਨ ਦਿਨ ਟੱਕਰ ਚਲਦੀ ਰਹੀ। ਪਰ ਇਹ ਉਨ੍ਹਾਂ 'ਤੇ ਜਿੱਤ ਪ੍ਰਾਪਤ ਨਾ ਕਰ ਸਕੇ। ਆਖ਼ਰ ਚੌਥੇ ਦਿਨ ਜਥਿਆਂ ਨੇ ਪਿੰਡ ਨੂੰ ਅੱਗ ਲਾ ਦਿੱਤੀ। ਅੱਗ ਦੀਆਂ ਲਪਟਾਂ ਜਿਉਂ ਹੀ ਉੱਚੀਆਂ ਹੋਈਆਂ, ਉਹ ਬਾਹਰ ਆ ਗਏ ਸਨ। ਇਨ੍ਹਾਂ ਅੱਧ ਝੁਲਸਿਆਂ ਨੂੰ ਦਬੋਚ ਲਿਆ। ਮੂਲੀਆਂ-ਗਾਜਰਾਂ ਵਾਂਗ ਸਿਰ ਕੱਟੇ ਗਏ ਸਨ। ਪਿੰਡ ਵਿੱਚ ਤਿੰਨ ਖੂਹ ਸਨ। ਔਰਤਾਂ ਤੇ ਜੁਆਨ ਕੁੜੀਆਂ ਨੇ ਖੂਹਾਂ ਵਿੱਚ ਛਾਲਾਂ ਮਾਰ ਦਿੱਤੀਆਂ ਸਨ। ਤਿੰਨੋਂ ਖੂਹ ਭਰ ਗਏ ਸਨ। ਬੰਦਿਆਂ ਨੂੰ ਕੱਟਿਆ ਵੱਢਿਆ ਜਾ ਰਿਹਾ ਸੀ। ਚੌਥਾ ਦਿਨ ਹਮਲਾਵਰਾਂ ਦੀ ਜਿੱਤ ਦੇ ਜਸ਼ਨ ਦਾ ਦਿਨ ਸੀ। ਸਾਰਾ ਪਿੰਡ ਸੜ ਕੇ ਸੁਆਹ ਹੋ ਗਿਆ ਸੀ। ਇੱਕ ਹਵੇਲੀ ਕੁੜੀਆਂ ਨਾਲ ਭਰੀ ਮਿਲ ਗਈ ਸੀ।

"ਜੇ ਹਮਲਿਆਂ ਸਮੇਂ ਕਿਸੇ ਨੂੰ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਜਾਂਦਾ ਹੈ, ਉਹ ਹੈ ਔਰਤ ਜਾਤੀ।" ਇਹ ਗੱਲ ਅਫ਼ਜ਼ਲ ਤੌਸੀਫ਼ ਨੇ ਆਪਣੇ ਘਰ ਮੋਹਰੇ ਖੂਹ ਦੀ ਮੌਣ 'ਤੇ ਖੜ੍ਹ ਕੇ ਕਹੀ ਸੀ। ਉਹ ਖੂਹ ਵਿੱਚ ਡੁੱਬੀਆਂ ਭੈਣਾਂ ਨੂੰ ਚੇਤੇ ਕਰਕੇ ਰੋ ਰਹੀ ਸੀ।

ਉਨ੍ਹਾਂ ਕੁੜੀਆਂ ਨੂੰ ਹਵੇਲੀ ਵਿੱਚੋਂ ਕੱਢ ਲਿਆ ਗਿਆ ਸੀ। ਜਥੇਦਾਰਾਂ ਵੱਲੋਂ ਅਲਫ਼ ਨੰਗੀਆਂ ਕਰਕੇ ਜਲੂਸ ਕੱਢਣ ਦਾ ਹੁਕਮ ਹੋਇਆ ਸੀ । ਕਹਿੰਦੇ ਸਭ ਤੋਂ ਮੋਹਰਲੀ ਕੁੜੀ ਨੇ ਕੱਪੜੇ ਉਤਾਰਨ ਤੋਂ ਸਾਫ਼ ਨਾਂਹ ਕਰ ਦਿੱਤੀ ਸੀ। ਉਸੇ ਵਕਤ ਕਿਰਪਾਨ ਉੱਠੀ ਸੀ। ਉਹਦੀਆਂ ਛਾਤੀਆਂ ਕੱਟੀਆਂ ਗਈਆਂ ਸਨ। ਖੂਨ ਦਾ ਪਰਨਾਲਾ ਧਾਰ ਬਣ ਕੇ ਬਹਿ ਗਿਆ ਸੀ। ਸਾਰੇ ਪਾਸੇ 'ਚੁੱਪ' ਵਰਤ ਗਈ ਸੀ। ਦੂਜੀ ਕੁੜੀ ਅੱਗੇ ਹੋਈ ਸੀ। ਉਹ ਗਰਭਵਤੀ ਸੀ। ਉਹ ਕੰਬ ਰਹੀ ਸੀ। ਉਸ ਤੋਂ ਖੜ੍ਹਿਆ ਨਹੀਂ ਸੀ ਜਾ ਰਿਹਾ। ਉਹ ਕਿਸੇ ਵਕਤ ਵੀ ਡਿੱਗ ਸਕਦੀ ਸੀ। ਕੱਪੜੇ ਉਤਾਰਨ ਤੋਂ ਉਹਨੇ ਵੀ ਸਿਰ ਫ਼ੇਰ ਦਿੱਤਾ ਸੀ।... ਕਿਰਪਾਨ ਉਹਦੇ ਪੇਟ ਵਿੱਚ ਖੁਭ ਗਈ ਸੀ। ਕਿਰਪਾਨ ਬਾਹਰ ਆਈ ਤਾਂ ਨਾਲ ਆਂਦਰਾਂ ਵੀ ਸਨ। ਦੂਜੇ ਵਾਰ ਵੇਲੇ ਸੱਤ ਅੱਠ ਮਹੀਨੇ ਦਾ ਬੱਚਾ। ਉਸੇ ਵੇਲੇ ਸਭ ਕੱਪੜੇ ਉਤਾਰਨ ਲੱਗ ਪਈਆਂ ਸਨ।

******

ਸਵਰਨ ਸੁੰਹ ਵੀ ਹਮਲਾ ਕਰਨ ਵਾਲੇ ਜਥੇ ਦੇ ਦਸਤੇ ਦਾ ਮੈਂਬਰ ਹੁੰਦਾ ਸੀ। ਉਹਨੀਂ ਲੰਗੜੋਏ ਹਮਲਾ ਕੀਤਾ ਸੀ।

"ਬਾਬਾ, ਫ਼ੇਰ ਨਫੀਸਾ ਕਿਵੇਂ ਕਾਬੂ ਕੀਤੀ ?" ਮੇਰੇ ਨਾਲ ਦੇ ਨੇ ਉਹਦੇ 'ਬਹਾਦਰੀ' ਭਰੇ ਕਾਰਨਾਮੇ ਸੁਣਦਿਆਂ ਪੁੱਛਿਆ ਸੀ।

ਉਹਨੇ ਲੰਬੀ ਦਾੜ੍ਹੀ ਨੂੰ ਦੋ ਤਿੰਨ ਵਾਰ ਮਲਿਆ ਸੀ। ਫ਼ੇਰ ਹੁੱਬ ਕੇ ਬੋਲਿਆ ਸੀ-

"ਬੰਦੇ ਤਾਂ ਸਾਲੇ ਜਾਂਦੇ ਈ ਟੰਗ ਦਿੱਤੇ। ਕੋਈ ਮੁਸ਼ਕਲ ਨਈਂ ਆਈ।... ਮੁਸ਼ਕਲ ਤਾਂ ਨਫੀਸਾ ਨੇ ਖੜ੍ਹੀ ਕੀਤੀ। ਇਹ ਐਵੇਂ ਸੋਲ੍ਹਾਂ-ਸਤਾਰਾਂ ਸਾਲ ਦੀ ਹੋਣੀ ਆ। ਛੋਟਾ ਜਿਹਾ ਕੱਦ ਸੀ। ਗਠਿਆ ਸਰੀਰ। ਪੂਰਾ ਖਿੱਚ ਪਾਉਂਦਾ ਸੀ। ਬੰਦੇ ਦੇਖ ਕੇ ਈ ਬੇਈਮਾਨ ਹੋ ਗਏ। ਅਸੀਂ ਚਾਰ ਪੰਜ



ਜਣਿਆਂ ਨੇ ਚੁੱਕ ਲਈ। ਘੋੜੀ 'ਤੇ ਬਿਠਾਉਣ ਲੱਗੇ ਸੀ। ਸਾਡੇ ਕੋਲੋਂ ਛੁੱਟ ਕੇ ਆਪਣੀ ਮਾਂ ਦੇ ਗਲ ਚੁੰਬੜ ਗਈ। ਅਸੀਂ ਮਸੀਂ ਛੁਡਾਈ। ਲੈ ਕੇ ਘੋੜੀ ਤੱਕ ਆਏ। ਫ਼ੇਰ ਛੁਡਾ ਕੇ ਭੱਜ ਗਈ। ਮੁੜ ਗਲ ਨੂੰ ਚੁੰਬੜ ਗਈ।... ਬਈ ਸੁੰਹ ਵਾਹਿਗੁਰੂ ਦੀ। ਪਤਾ ਨਈਂ ਸੌਹਰੀ ਦੇ ਵਿੱਚ ਜਾਨ ਕਿਥੋਂ ਆ ਗਈ ਸੀ। ਅਸੀਂ ਗਲੇ ਤੋਂ ਕੜਿੰਗੜਦੀ ਛੁਡਾ ਕੇ ਲਿਆਉਂਦੇ। ਇਹ ਮੁੜ ਮਾਂ ਨੂੰ ਚੁੰਬੜ ਜਾਂਦੀ।... ਹਾਰ ਕੇ ਕੁਹਾਰ ਵਾਲੇ ਕਿਹਰ ਸੁੰਹ ਨੇ ਇਹਦੀ ਮਾਂ ਦੀ ਧੌਣ ਲਾਹ ਕੇ ਔਹ ਮਾਰੀ। ਬੱਸ ਚੀਕਾਂ ਮਾਰਦੀ ਰਹਿ ਗਈ। ਅਸੀਂ ਘੋੜੀ 'ਤੇ ਬਿਠਾ ਕੇ ਭਜਾ ਲਿਆਏ ਸਾਂ। ਸਵਰਨ ਸੁੰਹ ਨੇ ਖਿੱਚ ਕੇ ਖੰਗੂਰਾ ਮਾਰਿਆ ਸੀ।

"ਸਗ੍ਹਾਲ ਕਾਜ਼ੀਆਂ ਵੀ ਗਏ ਸੀ ?" ਮੈਂ ਉਥੋਂ ਦੀ ਵੀ ਵਾਰਤਾ ਸੁਣਨਾ ਚਾਹੁੰਦਾ ਸੀ। ਆਖ਼ਰ ਕਵੀ ਮਜ਼ਹਰ ਤਿਰਮਜ਼ੀ ਦਾ ਪਿੰਡ ਆ।

"ਗਏ ਸੀ। ਗੱਲ ਨਈਂ ਬਣੀ। ਪਹਿਲੋਂ ਤੁਰ ਗਏ ਸਨ।.... ਪਿੱਛੇ ਰਹਿ ਗਿਆ ਸੀ ਬਾਲਾ ਪੀਰ ਦਾ ਰੌਜ਼ਾ। ਮੁਸਲਮਾਨ ਕਹਿੰਦੇ ਹੁੰਦੇ ਸੀ ਪੀਰ ਨੇ ਥਾਪੀ ਦੇ ਕੇ ਕੰਧ ਤੋਰ ਲਈ ਸੀ। ਇਹ ਵੀ ਸੁਣਿਆ ਸੀ ਬਈ ਅਕਬਰ ਬਾਦਸ਼ਾਹ ਨੂੰ ਪੁੱਤ ਦੀ ਦਾਤ ਵੀ ਉਥੋਂ ਮਿਲੀ ਸੀ।... ਉਸ ਦਿਨ ਤਾਂ ਪੀਰ ਵੀ ਨਈਂ ਕੁਸਕਿਆ।" ਉਹਨੇ ਹੰਕਾਰ ਵਿੱਚ ਫੁੰਕਾਰਾ ਮਾਰਿਆ ਸੀ।

ਮੈਂ ਤਾਂ ਉਹਦੇ ਕੋਲੋਂ ਸਰਵਰੀ ਬਾਰੇ ਪੁੱਛਣ ਗਿਆ ਸੀ। ਉਹਨੇ ਕਈ ਕਿੱਸੇ ਸੁਣਾਉਦਿਆਂ ਨਾਲ ਦੇ ਪਿੰਡ ਵਾਲੀ ਰੇਸ਼ਮਾ 'ਤੇ ਸ਼ੱਕ ਕੀਤੀ। ਉਹਨੂੰ ਉਹ ਸਰਵਰੀ ਲੱਗੀ। ਮੈਂ ਰੇਸ਼ਮਾ ਕੋਲ ਜਾ ਪੁੱਜਾ ਸੀ। ਮੁਲਾਕਾਤ ਕਰਨ ਬਹਿ ਗਿਆ ਸੀ।

******

- ਨਈਂ, ਮੈਂ ਸਿੰਬਲੀ ਤੋਂ ਨਈਂ ਆਂ। ਭੀਣ ਤੋਂ ਆਂ। ਘੋੜੇਵਾਹ ਰਾਜਪੂਤਾਂ ਦੀ ਧੀ ਆਂ। ਮੇਰੇ ਅੱਬਾ ਧੜੱਲੇਦਾਰ ਰਾਜਪੂਤ ਸਨ। ਪੈਂਤੀ ਘੁਮਾਂ ਦੇ ਮਾਲਕ ਸਨ। ਚੋਹੜੇ ਵਾਲੇ ਪਾਸੇ ਸਾਡਾ ਅੰਬਾਂ, ਸੰਤਰਿਆਂ ਤੇ ਮਾਲਟਿਆਂ ਦਾ ਬਾਗ ਸੀ।—- ਹੂੰ ! ਇੱਥੇ ? ਬਾਰ੍ਹਾਂ ਕਨਾਲ ਥਾਂ ਸੀ।

-ਰੌਲੇ ਪੈਣ ਤੋਂ ਪਹਿਲਾਂ ਮੇਰਾ ਤੇ ਛੋਟੀ ਭੈਣ ਦਾ ਵਿਆਹ ਰੱਖਿਆ ਹੋਇਆ ਸੀ। ਮੇਰਾ ਮੰਗੇਤਰ ਫੌਜੀ ਸੀ ਤੇ ਛੋਟੀ ਭੈਣ ਦਾ ਖੇਤੀ ਕਰਦਾ ਸੀ। ਵਿਆਹ ਦਾ ਸਾਹਾ ਬੰਨ੍ਹਿਆ ਹੋਇਆ ਸੀ। ਖੱਟ ਖਰੀਦੀ ਹੋਈ ਸੀ। ਗਹਿਣਾ ਗੱਟਾ ਤੇ ਕੱਪੜਾ ਲੀੜਾ ਵੀ। ਰੌਲਾ ਪੈ ਗਿਆ ਸੀ। ਸੋਚਿਆ ਦੋ ਦਿਨ ਦਾ ਰੌਲਾ ਆ। ਮੁੜ ਆਵਾਂਗੇ। ਮੇਰੇ ਅੱਬਾ ਸਾਨੂੰ ਤਿੰਨਾਂ ਭੈਣਾਂ, ਅੰਮਾ ਤੇ ਭਰਾ ਨੂੰ ਲੈ ਕੇ ਤੁਰ ਪਿਆ। ਭਰੇ ਭਰਾਏ ਘਰ ਛੱਡ ਕੇ ਤੁਰ ਪਏ। ਭੁੱਖੇ ਤਿਰਹਾਏ ਪਛੂਆਂ ਨੂੰ ਦੇਖਿਆ ਨਹੀਂ ਜਾਂਦਾ ਸੀ।

- ਮਹਾਲੋਂ ਇਕੱਠੇ ਹੋਏ ਸਾਂ। ਇੱਕ ਵੱਡੀ ਸਾਰੀ ਹਵੇਲੀ ਸੀ। ਹਵੇਲੀ ਵਿੱਚ ਤੀਵੀਆਂ ਤੂੜੀਆਂ ਹੋਈਆਂ ਸਨ। ਪੈਰ ਰੱਖਣ ਨੂੰ ਥਾਂ ਨਹੀਂ ਸੀ। ਹਵੇਲੀ ਦੇ ਬਾਹਰ ਬੰਦੇ ਪਹਿਰਾ ਦੇ ਰਹੇ ਸਨ।

- ਰਾਤ ਨੂੰ ਈ ਹਮਲਾ ਹੋ ਗਿਆ ਸੀ। ਪਹਿਲਾਂ ਬਾਹਰ ਵੱਢ ਵਢਾਂਗਾ ਤੇ ਫ਼ੇਰ ਅੰਦਰ ਆ ਗਏ ਔਂਤਰੇ। ਭਗਦੜ ਮੱਚ ਗਈ। ਚੁੱਕ ਲੋ ਚੁੱਕ ਲੋ ਹੋ ਗਈ। ਮਾਰ ਕਿਤੇ ਚੀਕ ਚਿਹਾੜਾ। ਪਿੱਟ ਸਿਆਪਾ। ਮੈਨੂੰ ਬਾਂਹ ਤੋਂ ਫੜਿਆ ਤੇ ਧੂਹ ਕੇ ਹਨੇਰੇ ਵਿੱਚ ਗੁੰਮ ਹੋ ਗਏ।

- ਫੌਜੀ ਗੁਲਜ਼ਾਰਾ ਸਿੰਘ ਜਥੇ ਦਾ ਮੁਖੀ ਸੀ। ਇਸ ਪਿੰਡ ਸੱਤ ਕੁੜੀਆਂ ਲਿਆਂਦੀਆਂ ਗਈਆਂ ਸਨ। ਕਹਿਣ ਲੱਗਾ - ਬੰਦਿਆਂ ਵਾਂਗ ਤੁਰੀਆਂ ਆਵੋ। ਤੁਹਾਡੇ ਨਾਲ ਵਿਆਹ ਕਰਾਵਾਂਗੇ। ਨਈਂ ਤਾਂ ਕੁੱਤਿਆਂ ਨੇ ਨਈਂ ਝੱਲਣੀਆਂ।

- ਇੱਥੇ ਕੀ ਹੋਣਾ ਸੀ। ਲੁੱਟ ਦਾ ਮਾਲ ਸੀ। ਇੱਕ ਹਵੇਲੀ ਵਿੱਚ ਵਾੜ ਦਿੱਤੀਆਂ। ਹਫ਼ਤਾ ਦੱਸ ਦਿਨ—। ਪਤਾ ਹੀ ਨਈਂ ਲੱਗਾ। ਬੱਸ ਇੱਕੋ 'ਕੰਮ' ਹੁੰਦਾ ਸੀ। ਫ਼ੇਰ ਇਹ 'ਰੱਜ' ਗਏ।

ਹੋਰ 'ਮਾਲ' ਹੱਥ ਲੱਗ ਗਿਆ ਸੀ। ਸਾਡੀਆਂ ਵੰਡੀਆਂ ਪਾ ਦਿੱਤੀਆਂ ਗਈਆਂ।

– ਮੈਂ ਦੇਵਾ ਸੁੰਹ ਦੇ ਹਿੱਸੇ ਆਈ। ਸੜਿਆ ਜਿਹਾ ਬੰਦਾ। ਡੋਡਿਆਂ ਨੇ ਜਾਬ੍ਹਾਂ ਵਿੱਚ ਨੂੰ ਵਾੜੀਆਂ ਹੋਈਆਂ। ਮੁਸਕ ਆਵੇ। ਮੈਨੂੰ ਉਹਨੂੰ ਦੇਖ ਕੇ ਉਲਟੀ ਆਈ ਜਾਣੀ। ਮੇਰੇ ਨਾਲੋਂ ਉਮਰ ਵਿੱਚ ਤਿੱਗਣਾ।

– ਪਹਿਲਾਂ ਚੌਂਕੇ ਨਾ ਚਾੜ੍ਹੀਆਂ। ਕਹਿੰਦੇ ਘਰ ਭਿੱਟ ਜਾਊਗਾ। ਪਿੰਡ ਦੇ ਗੁਰਦੁਆਰੇ ਲੈ ਗਏ। ਉੱਥੇ ਅੰਮ੍ਰਿਤ ਛਕਾਇਆ। ਸਾਡੇ ਨਾਂ ਬਦਲੇ। ਫ਼ੇਰ ਘਰ ਲੈ ਗਏ। ਮੈਂ ਚਾਰ-ਪੰਜ ਦਿਨ ਨਾ ਰੋਟੀ ਖਾਧੀ ਨਾ ਮੂੰਹ ਪਾਣੀ ਲਾਇਆ। ਮੈਨੂੰ ਗਸ਼ੀਆਂ ਪੈਣ। ਮੇਰਾ ਸਹੁਰਾ ਭਲਾ ਪੁਰਸ਼ ਸੀ। ਉਹਨੇ ਮੇਰੇ ਪੈਰੀਂ ਪੱਗ ਰੱਖੀ। ਮੈਂ ਮੰਨਣ ਵਾਲੀ ਕਿੱਥੇ ਸੀ। ਉਹ ਰਾਹੋਂ ਕੈਂਪ ਵਿੱਚ ਛੱਡਣ ਚਲਾ ਗਿਆ।

– ਰਾਹ ਵਿਚ ਪਾਕਿਸਤਾਨ ਤੋਂ ਆਈ ਇੱਕ ਕੁੜੀ ਮਿਲ ਪਈ। ਘਰਦਿਆਂ ਨੇ ਝੱਲੀ ਨਹੀਂ ਸੀ। ਉਹ ਮੁੜ ਪਾਕਿਸਤਾਨ ਜਾਣ ਲਈ ਤੁਰੀ ਹੋਈ ਸੀ। ਮੈਂ ਸਹੁਰੇ ਨਾਲ ਵਾਪਸ ਆ ਗਈ। ਰਾਹ ਵਿੱਚ ਹਰ ਹਰ ਮਹਾਂਦੇਵ ਅਤੇ ਬੋਲੇ ਸੋ ਨਿਹਾਲ ਦੇ ਨਾਅਰੇ ਗੂੰਜ ਰਹੇ ਸਨ।

– ਮੈਨੂੰ ਅਨੰਦਪੁਰ ਸਾਹਿਬ ਲੈ ਗਏ। ਪਿੱਛੋਂ ਬਾਕੀ ਕੁੜੀਆਂ ਨੂੰ ਬਲੋਚਸਤਾਨ ਦੀ ਮਿਲਟਰੀ ਲੈ ਗਈ। ਇਹ ਸੁਣ ਕੇ ਮੈਂ ਕਈ ਦਿਨ ਧਾਹਾਂ ਮਾਰਦੀ ਰਹੀ।

– ਮੈਂ ਪਾਕਿਸਤਾਨ ਨਾ ਜਾਣ ਦਾ ਫ਼ੈਸਲਾ ਕਰ ਲਿਆ। ਮੈਂ ਫ਼ੌਜੀ ਗੁਲਜ਼ਾਰੇ ਨੂੰ ਮਾਰਨ ਬਾਰੇ ਸੋਚਦੀ ਰਹਿੰਦੀ। ਬੜੀਆਂ ਤਰਕੀਬਾਂ ਘੜੀਆਂ। ਇਹ ਬਦਲੇ ਦੀ ਅੱਗ ਮੇਰੇ ਅੰਦਰ ਪਈ ਸੀ। ਮੇਰੀ ਆਤਮਾ ਤੜਫ਼ਦੀ ਰਹਿੰਦੀ। ਮੈਂ ਆਪਣੇ ਭਰਾ ਦਾ, ਭੈਣਾਂ ਦਾ, ਅੰਮਾ ਤੇ ਅੱਬਾ ਦੇ ਕਤਲ ਦਾ ਬਦਲਾ ਲੈਣਾ ਚਾਹੁੰਦੀ ਸਾਂ।

– ਪੰਜਾਹ ਸਾਲ ਹੋ ਗਏ ਇਸ ਪਿੰਡ ਰਹਿੰਦੀ ਨੂੰ। ਇਹ ਅੱਜ ਵੀ ਪਿੰਡ ਮੇਰਾ ਨਈਂ। ਕੰਜਰੀਆਂ ਜੱਟੀਆਂ ਮੁਸਲੀ ਸੱਦਦੀਆਂ। ਮੈਂ ਰੋਜ਼ ਸਿਆਪਾ ਕਰਦੀਂ ਆਂ ਤੇ ਅੱਲ੍ਹਾ ਤਾਲਾ ਨੂੰ ਕਹਿੰਦੀ ਆਂ-ਇਨ੍ਹਾਂ ਨਾਲ ਵੀ ਇੱਦੇਂ ਹੋਵੇ। ਇਹ ਵੀ ਰੰਡੀਆਂ ਹੋਣ। ਇਹ ਵੀ ਲੁੱਟੀਆਂ ਪੁੱਟੀਆਂ ਜਾਣ। ਫ਼ੇਰ ਮੇਰੇ ਕਾਲਜੇ ਠੰਡ ਪਊ।

– ਉਹ ਕੁੱਤੇ ਦਾ ਹੱਡ ਗੁਲਜ਼ਾਰਾ ਕਿਸੇ ਨੇ ਮਾਰ ਦਿੱਤਾ ਸੀ। ਮੈਨੂੰ ਬਹੁਤ ਦੁੱਖ ਹੋਇਆ। ਉਹ ਮੇਰੇ ਹੱਥੋਂ ਕਿਉਂ ਨਈਂ ਮਰਿਆ। ਮੇਰਾ ਮਾਸ ਚਰੂੰਡਣ ਵਾਲਾ...।

******

ਪੰਜਾਬ ਕਾਲੇ ਦੌਰ ਵਿੱਚੋਂ ਲੰਘ ਚੁੱਕਾ ਸੀ। ਪਰ ਜ਼ਖ਼ਮ ਅਜੇ ਹਰੇ ਹਨ। ਇਹ ਭਰਨੇ ਵੀ ਨਹੀਂ ਹਨ। ਡੇਢ ਦਹਾਕਾ ਪੰਜਾਬ ਦੇ ਲੋਕ ਅੱਗ ਵਿੱਚ ਝੁਲਸ ਹੁੰਦੇ ਰਹੇ ਹਨ। ਲੁਧਿਆਣੇ ਜ਼ਿਲ੍ਹੇ ਦਾ ਢਾਡੀ ਮੈਨੂੰ ਕਦੇ ਨਹੀਂ ਭੁੱਲਿਆ। ਉਹ ਸਾਡੇ ਪਿੰਡਾਂ ਦੇ ਗੁਰਦੁਆਰਿਆਂ ਵਿੱਚ ਆਉਂਦਾ। ਉਹ ਸਿੱਖ ਇਤਿਹਾਸ ਦੇ ਨਾਇਕਾਂ ਨੂੰ ਲੋਕਾਂ ਵਿੱਚ ਜੀਉਂਦੇ ਖੜ੍ਹੇ ਕਰ ਦਿੰਦਾ। ਉਹ ਨਾਇਕ ਜਿਹੜੀ ਸਿੱਖੀ ਦੀ ਖਾਤਰ ਬੰਦ-ਬੰਦ ਕਟਵਾ ਗਏ ਸਨ। ਚਰਖੜ੍ਹੀਆਂ 'ਤੇ ਚਾੜ੍ਹ ਦਿੱਤੇ ਗਏ ਸਨ। ਆਰਿਆਂ ਨਾਲ ਚੀਰ ਦਿੱਤੇ ਗਏ ਸਨ। ਪਰ ਉਹਨੀ ਧਰਮ ਨੂੰ ਆਂਚ ਨਹੀਂ ਆਉਣ ਦਿੱਤੀ ਸੀ। ਉਹ ਨਿੱਕੇ ਕੱਦ ਵਾਲਾ ਢਾਡੀ ਉਂਗਲੀ ਖੜ੍ਹੀ ਕਰਕੇ ਜ਼ਾਲਮਾਂ ਨੂੰ ਵੰਗਾਰਦਾ। ਸੰਗਤ ਵਿੱਚ ਜੋਸ਼ ਭਰ ਦਿੰਦਾ। ਸੰਗਤ ਧਰਮ ਲਈ ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦੀ।

ਮੇਰੇ ਕੋਲ ਸਿੱਖੀ ਦਾ ਜੁਝਾਰੂ ਵਿਰਸਾ ਸੀ। ਇਹ ਉਹ ਵਿਰਸਾ ਸੀ ਜਿਹੜਾ ਹਾਰ ਨਹੀਂ ਮੰਨਦਾ ਸੀ। ਆਪਣੇ ਧਰਮ ਲਈ ਕੁਰਬਾਨ ਹੁੰਦਾ ਸੀ। ਦੂਜਿਆਂ ਨੂੰ ਜ਼ਬਰੀ ਧਰਮ ਬਦਲਾਉਣ ਦੇ ਵਿਰੁੱਧ ਸੀ। ਜਿਓ ਤੇ ਜਿਉਣ ਦੇ ਹੱਕ ਵਿੱਚ ਸੀ। ਉਹ ਢਾਡੀ ਤਾਂ ਇੱਕ ਪਾਸੜ ਜ਼ਹਿਰ ਉਗਲਦਾ



ਸੀ। ਉਹ ਸਿੱਖਾਂ ਨੂੰ ਉਕਸਾਉਂਦਾ ਸੀ। ਮੇਰੇ ਅੰਦਰਲਾ ਢਾਡੀ ਆਪਣੇ ਧਰਮ ਵਿੱਚ ਪਰਪੱਕ ਹੋਣ ਦਾ ਹੋਕਾ ਦਿੰਦਾ ਸੀ। ਜ਼ਬਰਦਸਤੀ ਦੇ ਵਿਰੁੱਧ ਸੀ। ਤਾਹੀਓਂ ਮੈਂ ਇੱਕ ਮੁਸਲਮਾਨ ਪਾਤਰ ਕੋਲੋਂ ਸਿੱਖੀ ਦੀਆਂ ਵਾਰਾਂ ਸੁਣਨ ਤੋਂ ਬਾਅਦ ਬਗਾਵਤ ਕਰਾਉਂਦਾ ਹਾਂ।

******

ਜਦੋਂ ਤੱਕ ਮੈਂ ਸਰਵਰੀ ਤੱਕ ਪੁੱਜਾ। ਉਹ ਫ਼ੌਤ ਹੋ ਚੁੱਕੀ ਸੀ। ਪਰ ਮੇਰੇ ਅੰਦਰ ਤਾਂ ਰੇਸ਼ਮਾ ਵੜ ਗਈ ਸੀ। ਜਿਹੜੀ ਹਰ ਹੀਲੇ ਗੁਲਜ਼ਾਰੇ ਦਾ ਕਤਲ ਕਰਨਾ ਚਾਹੁੰਦੀ ਸੀ। ਇਹ ਮੇਰਾ ਖਹਿੜਾ ਨਈਂ ਛੱਡ ਰਹੀ ਸੀ। ਇਹ ਮੈਨੂੰ ਸੁਪਨਿਆਂ ਵਿੱਚ ਦਿਖਣ ਲੱਗ ਪਈ। ਚਣਕੋਏ ਵਿੱਚ ਛਾਤੀਆਂ ਵੱਢੀਆਂ ਜਾ ਰਹੀਆਂ ਹਨ। ਗਰਭਵਤੀ ਦੀਆਂ ਆਂਦਰਾਂ ਕਿਰਪਾਨ ਉੱਤੇ ਟੰਗੀਆਂ ਹੋਈਆਂ ਹਨ। ਜਦੋਂ ਚਣਕੋਏ ਅੰਤਲੇ ਸਮੇਂ ਹਮਲਾ ਹੁੰਦਾ, ਰੇਸ਼ਮਾ ਦੀ ਕਿਰਪਾਨ ਘੁੰਮਦੀ ਨਜ਼ਰ ਆਉਂਦੀ। ਲੰਗੜੋਏ ਵਾਲੀ ਨਫੀਸਾ ਨਾ ਹੁੰਦੀ। ਉਥੇ ਵੀ ਰੇਸ਼ਮਾ ਹੁੰਦੀ। ਉਹਦੀ ਮਾਂ ਦਾ ਸਿਰ ਵੱਢਿਆ ਹੁੰਦਾ। ਉਹਦੇ ਹੱਥਾਂ ਵਿੱਚ ਗਰਦਨ ਹੁੰਦੀ। ਸਰ੍ਹਾਲਾਂ ਵਾਲੇ ਕਾਜ਼ੀਆਂ ਦੀ ਅਣਖ ਉਹਦੇ ਅੰਦਰ ਹੁੰਦੀ। ਉਹ ਗੁਲਜ਼ਾਰੇ ਨੂੰ ਲੱਭਦੀ ਫ਼ਿਰਦੀ ਦਿਖਦੀ। ਉਹ ਮੇਰੇ ਬੁਰੀ ਤਰ੍ਹਾਂ ਖਹਿੜੇ ਪੈ ਗਈ ਸੀ। ਅੰਤ ਉਹ ਇਕਬਾਲ ਹੁਸੈਨ ਦੀ ਪੋਤੀ ਬਣ ਕੇ ਨਿਤਰੀ ਤੇ ਮੇਰੇ ਕੋਲੋਂ ਮੁਕਤ ਹੋਈ।

## ਮੇਰੀ ਸਿਰਜਣ ਪ੍ਰਕਿਰਿਆ/ਵਿਸ਼ਵਜੋਤੀ ਧੀਰ

ਮੈਂ ਬੜੇ ਚਿਰਾਂ ਤੋਂ ਚੇਤਨਾ ਨੂੰ ਤਲਾਸ਼ ਰਹੀ ਸੀ। ਉਹ ਕਿਧਰੇ ਵੀ ਨਹੀਂ ਲੱਭ ਰਹੀ ਸੀ। ਮੈਨੂੰ ਤਾਂ ਹਰ ਪਾਸੇ ਕੋਮਲ ਹੀ ਨਜ਼ਰ ਆਉਂਦੀ। ਇਹ ਬੜੀ ਮਾਸੂਮ, ਕੋਮਲਤਾ ਭਰਪੂਰ ਅਤੇ ਵੇਖਣ ਨੂੰ ਬੜੀ ਚੰਗੀ ਲੱਗਦੀ ਹੈ। ਪਰਿਵਾਰ ਤੇ ਸਮਾਜ ਵੀ ਇਸੇ ਕੋਮਲਤਾ ਨੂੰ ਪਸੰਦ ਕਰਦਾ ਹੈ। ਪ੍ਰੰਤੂ ਕੋਮਲਤਾ ਨੂੰ ਪਸੰਦ ਕਰਨ ਵਾਲਾ ਸਮਾਜ ਬੜਾ ਖਿੰਘਰ ਹੈ। ਜਿਸ ਨਾਲ ਵੱਜ ਵੱਜ ਕੇ ਕੋਮਲਤਾ ਲਹੂਲੁਹਾਨ ਹੁੰਦੀ ਹੈ। ਜੇ ਉਹ ਚੇਤਨਾ ਤੱਕ ਨਹੀਂ ਪਹੁੰਚਦੀ ਤਾਂ ਰਾਹ ਵਿਚ ਵੀ ਖਿੰਘਰਾਂ ਨਾਲ ਵਜ ਵੱਜ ਕੇ ਦਮ ਤੋੜ ਦੇਵੇਗੀ। ਜੇ ਕੋਮਲ ਪਾਰੰਪਰਿਕ ਰੋਕਾਂ ਦੀ ਕੁੰਜ ਲਾਹ ਸੁੱਟੇ, ਆਪਣੇ ਆਪ ਵਿੱਚ ਦ੍ਰਿੜ ਹੋ ਜਾਵੇ, ਉਸ ਵਿੱਚ ਵੀ ਕੋਈ ਜਾਗ੍ਰਿਤੀ ਦੀ ਪਹਿਲੀ ਕੰਬਣੀ ਛਿੜ ਜਾਵੇ ਤਾਂ ਉਹ ਚੇਤਨਾ ਤੱਕ ਜ਼ਰੂਰ ਪਹੁੰਚ ਸਕੇਗੀ। ਮੇਰੀ ਕਹਾਣੀ ਦੀ ਕੋਮਲ ਵੀ ਇਸੇ ਤਰ੍ਹਾਂ ਚੇਤਨਾ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਹੈ।

ਇਸ ਕਹਾਣੀ ਦੇ ਬਹੁਤੇ ਪਾਤਰ ਔਰਤਾਂ ਹਨ। ਔਰਤ ਕਹਾਣੀਕਾਰ ਹੋਣ ਦੇ ਨਾਤੇ ਇਹਨਾਂ ਦੀਆਂ ਸਮੱਸਿਆਵਾਂ ਨੂੰ ਸਮਝਣਾ ਕੁਦਰਤੀ ਹੀ ਹੈ। ਕਹਾਣੀ ਦਾ ਕੋਈ ਵੀ ਪਾਤਰ ਘੜਿਆ ਹੋਇਆ ਨਹੀਂ। ਇਹ ਸਭ ਔਰਤਾਂ ਮੇਰੇ ਆਲੇ ਦੁਆਲੇ ਦੇ ਸਮਾਜ ਵਿੱਚ ਅਕਸਰ ਮੇਰੇ ਨਾਲ ਟਕਰਾਉਂਦੀਆਂ ਰਹੀਆਂ। ਪਿਛਲੇ ਕਈ ਸਾਲਾਂ ਤੋਂ 'ਵੂਮੈਨ ਸੈਲ' ਦੀ ਮੈਂਬਰ ਹੋਣ ਦੇ ਨਾਤੇ ਮੈਂ ਬਹੁਤੀਆਂ ਔਰਤਾਂ ਦੇ ਨਿੱਜ ਨੂੰ ਸਮਝਣ ਦਾ ਸੁਚੇਤ ਰੂਪ ਵਿੱਚ ਉਪਰਾਲਾ ਕੀਤਾ। ਮੈਨੂੰ ਵੱਖ-ਵੱਖ ਜਮਾਤਾਂ ਦੀਆਂ ਔਰਤਾਂ, ਵੱਖ ਵੱਖ ਹਾਲਾਤਾਂ ਵਿੱਚ ਖੜੀਆਂ ਸੰਕਟ ਭੋਗਦੀਆਂ ਨਜ਼ਰ ਆਈਆਂ। ਆਪਣੇ ਆਸ ਪਾਸ ਮੱਧਵਰਗੀ ਪਰਿਵਾਰਾਂ ਵਿੱਚ ਬਹੁਤੀਆਂ ਔਰਤਾਂ ਕੋਮਲ ਦੀ ਦਾਦੀ, ਮਾਂ ਅਤੇ ਭੈਣ ਵਰਗੀਆਂ ਹੀ ਹਨ ਜਿਹੜੀਆਂ ਪੂਰੀ ਤਰ੍ਹਾਂ ਸਿਸਟਮ ਦੇ ਅਧੀਨ ਹਨ ਅਤੇ ਪਰੰਪਰਾਵਾਂ ਵਿੱਚ ਬੱਝੀਆਂ ਹੋਈਆਂ ਹਨ। ਪਰੰਪਰਾ ਦੀ ਸ਼ਕਤੀ ਉਹਨਾਂ ਲਈ ਕਾਨੂੰਨ ਦਾ ਕੰਮ ਕਰ ਰਹੀ ਹੈ। ਕੋਮਲ ਦੀ ਦਾਦੀ ਇਨੀ ਰੂੜੀ ਹੈ। ਇਸਰੂੜੀ ਨੇ ਕੰਟਰੋਲ ਕਰਨ ਲਈ ਵਾਰਿਸ ਜੰਮਿਆ ਹੋਇਆ ਹੈ। ਕੋਮਲ ਦੀ ਮਾਂ ਨੈਤਿਕਤਾ ਵਿਚ ਬੱਝੀ ਹੋਈ ਹੈ ਤੇ ਪਿਤਾ ਪੁਰਖੀ ਸਿਸਟਮ ਨੂੰ ਵੀ ਬੰਨ੍ਹ ਕੇ ਰੱਖਣਾ ਚਾਹੁੰਦੀ ਹੈ। ਮਾਂ ਅਤੇ ਭੈਣ ਦੋਹੇਂ ਮੱਧ ਵਰਗੀ ਸ਼ੁੱਧਤਾ ਨੂੰ ਹਰ ਪਾਸਿਉਂ ਬਰਕਰਾਰ ਰੱਖਣਾ ਚਾਹੁੰਦੀਆਂ ਹਨ। ਤਕਲੀਫਾਂ

ਸਹਿ ਲੈਣਗੀਆਂ ਪਰ ਕਦੀ ਸ਼ਿਕਾਇਤ ਨਹੀਂ ਕਰਨਗੀਆਂ। ਅਜਿਹੀਆਂ ਔਰਤਾਂ ਸੜੀਆਂ ਗਲੀਆਂ ਰਵਾਇਤਾਂ ਉਪਰ ਡੰਡਾ ਲੈ ਕੇ ਪਹਿਰੇਦਾਰੀ ਕਰਦੀਆਂ ਨਜ਼ਰ ਆਉਂਦੀਆਂ ਹਨ। ਇਹੀ ਔਰਤਾਂ ਹੀ ਔਰਤ ਦੀ ਮੁਕਤੀ ਨਹੀਂ ਹੋਣ ਦਿੰਦੀਆਂ।

ਜਿਹੜੀਆਂ ਔਰਤਾਂ 'ਵੂਮੈਨ ਸੈੱਲ' ਵਿਚ ਆਪਣੀਆਂ ਸਮੱਸਿਆਵਾਂ ਲੈ ਕੇ ਪੇਸ਼ ਹੁੰਦੀਆਂ ਹਨ, ਉਹ ਮੈਨੂੰ ਦੂਜੀਆਂ ਨਾਲੋਂ ਕੁਝ ਵੱਖਰੀਆਂ ਜਾਪੀਆਂ। ਖਾਸ ਗੱਲ ਇਹ ਸੀ ਕਿ ਇਹ ਘਰ ਦੀ ਦਹਿਲੀਜ਼ ਨੂੰ ਪਾਰ ਕਰਕੇ, ਬਿਨਾਂ ਸੋਸਾਇਟੀ ਦੇ ਦਬਾਅ ਤੋਂ ਆਪਣੇ ਸੰਕਟ ਦਾ ਹੱਲ ਲੱਭਣ ਤੁਰ ਪਈਆਂ। ਇਹਨਾਂ ਵਿਚੋਂ ਬਹੁਤੀਆਂ ਨਿਮਨ ਵਰਗ ਦੀਆਂ ਔਰਤਾਂ ਸਨ। ਜਿਹਨਾਂ ਨੇ ਸਹਿਜੇ ਹੀ ♥✥✵⬅▲⬇ "▲✵✥✥↔ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਮਸਲਨ ਇਕ ਮੀਨਾ ਵਰਗੀ ਨੇਪਾਲਨ ਆਈ ਜਿਹੜੀ ਬੜੇ ਉੱਚੇ ਸੁਰ ਵਿਚ ਕਹਿੰਦੀ ਸੀ, 'ਮੈਡਮ ਮੈਨੇ ਤੋਂ ਆਪਣੇ ਮਰਦ ਕੋ ਛੋਡਣਾ ਹੈ..ਜਬ ਖੁਦ ਹੀ ਕਮਾਂਅ ਕੇ ਖਾਨਾ ਹੈ ਤੋ ਕਿਉਂ ਇਸਕੇ ਸਾਥ ਨਰਕ ਭੋਂਗੂ।" ਉਹ ਸਮਾਜ ਨੂੰ ਚੈਲੇਜ ਕਰਕੇ ਅਗਾਂਹ ਦੀ ਜ਼ਿੰਦਗੀ ਆਪਣੀ ਚਾਹਤ ਅਨੁਸਾਰ ਜਿਉਣਾ ਚਾਹੁੰਦੀ ਸੀ। ਫੇਰ ਕਾਂਤੀ ਵਰਗੀ ਇਕ ਪਰੈਸ ਕਰਨ ਵਾਲੀ ਔਰਤ ਵੀ ਆਈ। ਜਿਹੜੀ ਘਰੋਂ ਬਾਗੀ ਹੋ ਕੇ ਆਪਣੇ ♣✚✚☚✚↔↔⬅✥✪ ਨੂੰ ਘਟਾਉਣ ਦਾ ਯਤਨ ਕਰ ਰਹੀ ਸੀ। ਮੈਂ ਇਹ ਮਹਿਸੂਸ ਕੀਤਾ ਕਿ ਹੇਠਲੇ ਵਰਗ ਦੀਆਂ ਇਹਨਾਂ ਔਰਤਾਂ ਕੋਲ ਭਾਵੇਂ ਕੋਈ ਦਿਸ਼ਾ ਨਹੀਂ, ਇਹ ਮੁਕਤ ਵੀ ਨਹੀਂ, ਪਰ ਆਪਣੀ ਹੋਂਦ ਲਈ, ਮੁਕਤੀ ਲਈ ਲੜ ਜ਼ਰੂਰ ਰਹੀਆਂ ਹਨ। ਜੋ ਇਕ ਮੱਧਵਰਗੀ ਔਰਤ ਦੇ ਵੱਸ ਵਿੱਚ ਨਹੀਂ। ਇਸੇ ਕਰਕੇ ਜਦੋਂ ਕੋਮਲ ਵਰਗੀਆਂ ਔਰਤਾਂ ਮੁਕਤੀ ਵੱਲ ਨੂੰ ਰੁਖ ਕਰਦੀਆਂ ਹਨ ਤਾਂ ਉਹਨਾਂ ਨੂੰ ਬਖ਼ਸ਼ਿਆ ਨਹੀਂ ਜਾਂਦਾ। ਇਹ ਵੱਖ-ਵੱਖ ਔਰਤਾਂ ਸਦਾ ਹੀ ਮੇਰੇ ਅਵਚੇਤਨ ਮਨ ਅੰਦਰ ਖੋਰੂ ਪਾਉਂਦੀਆਂ। ਕੁਝ ਸਹਿਕਦੀਆਂ, ਕੁਝ ਲੜਾਈ ਲੜਦੀਆਂ ਹੋਈਆਂ ਅੱਧ ਵਿਚਾਲੇ ਹਾਰਦੀਆਂ ਨਜ਼ਰ ਆਉਂਦੀਆਂ। ਪਰ ਇਕ ਅਜਿਹੀ ਔਰਤ ਵੀ ਸੀ ਜਿਸਨੇ ਸਮਾਜ ਨਾਲੋਂ ਟੁੱਟ ਕੇ ਵਿਕਾਸ ਕੀਤਾ। ਇਹ ਹੈ ਚੇਤਨਾ ਦੀ ਮਾਂ ਜੋ ਕਿ ਨਿੱਜੀ ਜ਼ਿੰਦਗੀ ਵਿੱਚ ਮੇਰੇ ਬਹੁਤ ਕਰੀਬ ਹੈ। ਮੈਂ ਉਸਨੂੰ ਹਮੇਸ਼ਾ ਹੀ ਆਪਣੀ ਹੋਂਦ ਵਾਸਤੇ ਸਟਰਗਲ ਕਰਦਿਆਂ ਵੇਖਿਆ। ਆਪਣੀ ਜ਼ਿੰਦਗੀ ਵਿਚ ਉਸਨੇ ਸਵੈ ਭਰੋਸੇ ਨਾਲ ਸਮਾਜ ਵਿੱਚ ਉੱਚੀ ਪਦਵੀ ਵੀ ਹਾਸਿਲ ਕੀਤੀ। ਮੈਨੂੰ ਇਹ ਔਰਤ ਹਮੇਸ਼ਾ ਊਰਜਾ ਦੀ ਰੋਸ਼ਨ ਮਸ਼ਾਲ ਲੈ ਕੇ ਖੜ੍ਹੀ ਜਾਪਦੀ। ਜਿਵੇਂ ਕਿਸੇ ਰਿਲੇਅ ਰੇਸ ਦੀ ਮੋਢੀ ਹੋਵੇ। ਇਹੀ ਮਸ਼ਾਲ ਉਸਨੇ ਆਪਣੀ ਬੇਟੀ ਚੇਤਨਾ ਨੂੰ ਫੜਾ ਦਿੱਤੀ ਸੀ ਜੋ ਉਸ ਤੋਂ ਵੀ ਕਈ ਕਦਮ ਅਗਾਂਹ ਨਿਕਲ ਗਈ ਸੀ। ਇਹ ਚੇਤਨਾ ਮੈਨੂੰ ਚਿੰਤਨ ਦੇ ਗਹਿਰੇ ਸਾਗਰ ਵਿਚੋਂ ਮਿਲੀ। ਇਸ ਚੇਤਨਾ ਨੂੰ ਮੈਂ ਜਦੋਂ ਜਹਿਦ ਕਰਦੀਆਂ ਔਰਤਾਂ ਦੇ ਸਾਹਮਣੇ ਬੜੇ ਪ੍ਰਬਲ ਰੂਪ ਵਿੱਚ ਲਿਆ ਖੜ੍ਹਾ ਕੀਤਾ। ਚੇਤਨਾ-ਨਵੀਨ ਜਾਗ੍ਰਿਤੀ, ਨਿੱਗਰ ਸੋਚ ਅਤੇ ਸੁਤੰਤਰ ਚੇਤੰਨ ਨਾਰੀ ਦਾ ਬਿੰਬ ਹੈ, ਜੋ ਸਥਿਤੀਆਂ ਨੂੰ ਸਮਝਦੀ ਹੈ ਪਰ ਸਮਝੌਤਾ ਨਹੀਂ ਕਰਦੀ। ਇਹ ਰੂੜੀਵਾਦੀ ਰਵਾਇਤਾਂ ਨੂੰ ਬੁਰੀ ਤਰ੍ਹਾਂ ਖਤਮ ਹੀ ਨਹੀਂ ਕਰਦੀ ਬਲਕਿ ਔਰਤਾਂ ਮਰਦ ਦੇ ਤੈਅਸ਼ੁਦਾ ਰਿਸ਼ਤਿਆਂ ਤੋਂ ਵੀ ਪਾਰ ਦੀ ਗੱਲ ਕਰਦੀ ਹੈ। ਉਸ ਅਨੁਸਾਰ ਉਹ ਹਰ ਖੇਤਰ ਵਿਚ ਪੁਰਸ਼ ਦੀ ਸਾਥੀ ਬਣ ਸਕਦੀ ਹੈ ਪਰ ਪਿੱਛੇ ਨਹੀਂ ਤੁਰੇਗੀ। ਉਸਦਾ ਵਾਸਵਿਕਤਾ ਪ੍ਰਤੀ ਅਟੱਲ ਵਿਸ਼ਵਾਸ ਅਤੇ ਇਸਤਰੀ ਗੌਰਵ ਹੀ ਕੋਮਲ ਵਰਗੀਆਂ ਔਰਤਾਂ ਨੂੰ ਨਵੇਂ ਰਾਹ ਤਲਾਸ਼ਣ ਵਿੱਚ ਸਹਾਈ ਹੋਵੇਗਾ।

ਵਿਰਾਸਤ ਵਿੱਚ ਮਿਲੀ ਕਹਾਣੀ ਅੰਦਰ ਵੀ ਔਰਤਾਂ ਇਸੇ ਤਰ੍ਹਾਂ ਦਮਨ ਦਾ ਸ਼ਿਕਾਰ ਨੇ। ਦਲੀਪ ਕੌਰ ਟਿਵਾਣਾ ਦੀਆਂ ਪਾਤਰ ਔਰਤਾਂ, ਜੋ ਮੋਰੈਲਿਟੀ ਨੂੰ ਕਾਇਮ ਰੱਖਦੀਆਂ ਨੇ, ਹਾਲਾਤਾਂ ਮੁਤਾਬਕ ਰਹਿਣਾ ਸਿੱਖ ਗਈਆਂ, ਪਰੰਪਰਾਵਾਂ ਦੀ ਪਹਿਰੇਦਾਰੀ ਕਰਦਿਆਂ ਹੋਇਆਂ ਹਾਲੇ ਵੀ ਜਿਉਂਦੀਆਂ ਹਨ ਜਿਹਨਾਂ ਨੂੰ ਜੈ 'ਰਿਲੇਅ ਰੇਸ' ਕਹਾਣੀ ਅੰਦਰ ਦਾਦੀ, ਮਾਂ, ਭੈਣ ਦੇ ਰੂਪ ਵਿੱਚ ਪੇਸ਼ ਕੀਤਾ। ਅਜੀਤ ਕੌਰ ਦੀਆਂ ਕਹਾਣੀਆਂ ਵਿਚਲੀਆਂ ਔਰਤਾਂ ਵਿਰੋਧ ਵੀ ਕਰਦੀਆਂ ਨੇ ਤੇ ਵਿਦਰੋਹ



ਵੀ। ਪਰ ਉਹਨਾਂ ਕੋਲ ਮੁਕਤੀ ਦੀ ਕੋਈ ਗੱਲ ਨਹੀਂ। ਜਿਵੇਂ ਕਿ 'ਰਿਲੇਅ ਰੇਸ' ਵਿਚ ਮੀਨਾ ਤੇ ਕਾਂਤੀ। ਵੀਨਾ ਵਰਮਾ ਦੀਆਂ ਕਹਾਣੀਆਂ ਵੀ ਔਰਤਾਂ ਦੀਆਂ ਸਮੱਸਿਆਵਾਂ ਤੇ ਜਿਨਸੀ ਰਿਸ਼ਤਿਆਂ ਨੂੰ ਉਜਾਗਰ ਕਰਦੀਆਂ ਹਨ। ਇਸੇ ਤਰ੍ਹਾਂ ਸੁਖਵੰਤ ਕੌਰ ਮਾਨ ਦੀਆਂ ਪਾਤਰ ਔਰਤਾਂ ਵੀ ਉਸੇ ਤਰ੍ਹਾਂ ਪੇਸ਼ ਹੋ ਰਹੀਆਂ ਜਿਵੇਂ ਉਹ ਪਰਿਸਥਿਤੀਆਂ ਵਿੱਚ ਬਿਹੇਵ ਕਰਦੀਆਂ ਹਨ। ਇਸੇ ਤਰ੍ਹਾਂ ਮੇਰੀ ਆਪਣੀ ਕਿਤਾਬ, 'ਆਖਿਰ ਸਿਕੰਦਰ ਜਿੱਤ ਗਿਆ' ਦੀਆਂ ਕਹਾਣੀਆਂ ਵਿੱਚ ਵੀ ਮੈਂ ਨਾਰੀ ਦੀਆਂ ਸਮੱਸਿਆਵਾਂ ਨੂੰ ਸਮਝਿਆ ਹੈ। ਉਹਨਾਂ ਦਾ ਵਿਵਹਾਰ ਵੀ ਪ੍ਰਗਟ ਕੀਤਾ ਹੈ। ਪਰ ਉਹਨਾਂ ਨੂੰ ਦਿਸ਼ਾ ਨਹੀਂ ਦੇ ਸਕੀ। ਇਸ ਕਿਤਾਬ ਤੋਂ ਬਾਅਦ ਵਾਲੀਆਂ ਕਹਾਣੀਆਂ ਵਿਚ ਮੇਰੀ ਔਰਤ ਪਾਤਰ ਤੁਹਾਨੂੰ ਦਿਸ਼ਾ ਵੱਲ ਨੂੰ ਤੁਰਦੀ ਨਜ਼ਰ ਆਏਗੀ। ਚਿੰਤਨ ਅਤੇ ਚੇਤਨਾ ਦੀ ਰੋਸ਼ਨੀ ਵਿੱਚ ਮੇਰੇ ਪਾਤਰਾਂ ਨੇ ਸਕਾਰਤਮਕ ਦਿਸ਼ਾ ਵੱਲ ਨੂੰ ਵਿਕਾਸ ਕੀਤਾ ਹੈ। ਇਸ ਵਿਕਾਸਕ੍ਰਮ ਵਿੱਚ ਮੇਰੀ ਕਹਾਣੀ ਦਾਮਨ-ਏ-ਕੋਡ, ਅਤੇ ਰਿਲੇਅ ਰੇਸ ਦੇ ਪਾਤਰ ਦਮਨ ਵਿਚੋਂ ਨਿਕਲਣ ਲਈ ਭਰਪੂਰ ਯਤਨ ਕਰ ਰਹੇ ਹਨ। ਇਹਨਾਂ ਕਹਾਣੀਆਂ ਵਿੱਚ ਮੈਂ ਦਿਸ਼ਾ ਤੇ ਮੁਕਤੀ ਦੀ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੁਕਤੀ ਲਈ ਸੁਚੇਤ ਰੂਪ ਵਿੱਚ ਨਵੀਂ ਦ੍ਰਿਸ਼ਟੀ ਪਾਠਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਕਹਾਣੀ ਨੂੰ ਪੰਨਿਆਂ ਤੇ ਉਤਾਰਣ ਵੇਲੇ ਮੈਂ ਕਈ ਤਰ੍ਹਾਂ ਦੀਆਂ ਜੁਗਤਾਂ ਦਾ ਇਸਤੇਮਾਲ ਕੀਤਾ ਹੈ। 'ਰਿਲੇਅ ਰੇਸ' ਕਹਾਣੀ ਇੱਕ ਨਹੀਂ ਬਲਕਿ ਕਈ ਪਾਤਰਾਂ ਦੇ ਦੁਆਲੇ ਘੁੰਮਦੀ ਹੈ। ਉਹਨਾਂ ਦੀ ਬਾਹਰੀ ਤੇ ਮਾਨਸਿਕ ਦਸ਼ਾ ਨੂੰ ਚਿਤਰਦੀ ਹੈ। ਮੈਂ ਆਪਣੇ ਪਾਤਰਾਂ ਨੂੰ ਪਰਿਸਥਿਤੀਆਂ ਨਾਲ ਲੜਦਿਆਂ ਵਿਖਾਇਆ ਹੈ ਨਾ ਕੇ ਸਮਝੌਤਾ ਕਰਦਿਆਂ। ਉਹਨਾਂ ਦੀ ਜ਼ਿੰਦਗੀ ਵਿੱਚ ਵਾਪਰਨ ਵਾਲੇ ਨਿੱਕੇ ਨਿੱਕੇ ਹਾਦਸਿਆਂ ਨੂੰ ਬਿੰਬਾਂ ਰਾਹੀਂ ਉਘਾੜਣ ਦੀ ਕੋਸ਼ਿਸ਼ ਕੀਤੀ ਹੈ। ਹਰ ਪਾਤਰ ਦਾ ਨਾਮਕਰਨ ਮੈਂ ਸੁਚੇਤ ਰੂਪ ਵਿੱਚ ਪ੍ਰਤੀਕਆਤਮਕ ਕੀਤਾ ਹੈ। ਕਹਾਣੀ ਦੀ ਸ਼ੁਰੂਆਤ ਮੈਂ ਵਿਸਫੋਟਕ ਢੰਗ ਨਾਲ ਕੀਤੀ ਹੈ ਤਾਂ ਜੋ ਪਾਠਕ ਹੈਰਾਨੀ ਅਤੇ ਉਤਸੁਕਤਾ ਨਾਲ ਸ਼ੁਰੂ ਵਿਚ ਹੀ ਕਹਾਣੀ ਨਾਲ ਜੁੜ ਸਕੇ। ਅੰਤ ਵਿੱਚ ਕਹਾਣੀ ਨੂੰ ਮੈਂ ਖੁੱਲ੍ਹਾ ਛੱਡ ਦਿੱਤਾ ਤਾਂ ਜੋ ਹਰ ਪਾਠਕ ਆਪਣੇ ਅਥਾਹ ਵਿਚਾਰਾਂ ਦੇ ਸਮੁੰਦਰ ਵਿੱਚੋਂ ਆਪੇ ਹੀ ਅੰਤ ਲੱਭਣ ਦਾ ਯਤਨ ਕਰੇ! ਕਹਾਣੀ ਦਾ ਸਿਰਲੇਖ 'ਰਿਲੇਅ ਰੇਸ' ਵੀ ਸ਼ਕਤੀ ਦੀ ਲੰਬੀ ਲੜਾਈ ਲਈ ਰੇਸ ਦਾ ਪ੍ਰਤੀਕ ਹੈ ਜਿਸਦਾ ਮੋਢੀ ਮੈਂ ਉਸ ਪਾਤਰ ਨੂੰ ਬਣਾਇਆ ਹੈ ਜਿਸਦੇ ਹੱਥ ਵਿੱਚ ਚਿੰਨ ਅਤੇ ਚੇਤਨਾ ਦੀ ਰੌਸ਼ਨ ਮਸ਼ਾਲ ਹੈ। ਇਸ ਰੌਸ਼ਨੀ ਨੇ ਅਗਾਂਹ ਤੋਂ ਅਗਾਂਹ ਸੰਚਾਰ ਕਰਨਾ ਹੈ ਅਤੇ ਸ਼ਕਤੀ ਦੇ ਨਵੇਂ ਰਾਹਾਂ ਦੀ ਤਲਾਸ਼ ਕਰਨੀ ਹੈ।

**ਕਹਾਣੀਆਂ**

# ਉਹ ਅਜੇ ਨਹੀਂ ਮਰਿਆ/ਬਲਜੀਤ ਕੌਰ ਬਲੀ

ਅੱਜ ਸਵੇਰੇ ਸਵੇਰੇ ਰੂਬੀ ਮਿਲੀ।

ਉਸਦਾ ਇਉਂ ਮਿਲ ਪੈਣਾ ਮੇਰੇ ਲਈ ਅਚੰਭਾ ਸੀ।

ਅਚਾਨਕ ਸਵੇਰੇ ਸਵੇਰੇ, ਪਾਰਕ ਵਿੱਚ ? ਮੈਂ ਸੋਚ ਨਹੀਂ ਸਾਂ ਸਕਦੀ।

ਉਹ ਤਾਂ ਹਮੇਸ਼ਾਂ ਕਿਹਾ ਕਰਦੀ ਸੀ, 'ਸੈਰ ਕਰਨੀ ਵਿਹਲੇ ਬੰਦਿਆਂ ਦਾ ਕੰਮ ਹੁੰਦਾ। ਸਵੇਰੇ ਸਵੇਰੇ ਛੱਤੀ ਕੰਮ ਹੁੰਦੇਆ ਕਰਨ ਵਾਲੇ। ਸਾਡੀਆਂ ਕਾਹਦੀਆਂ ਸੈਰਾਂ।' ਜੇ ਕਦੀਂ ਕਦਾਈਂ ਮੈਂ ਉਸਨੂੰ ਕਹਿ ਬੈਠਦੀ ਕਿ 'ਰੂਬੀ ਤੂੰ ਮੋਟੀ ਹੋ ਰਹੀ ਏਂ" ਮੇਰੇ ਨਾਲ ਸੈਰ ਕਰਨ ਜਾਇਆ ਕਰ,' ਤਾਂ ਅੱਗੋਂ ਭੱਜਕੇ ਪੈਂਦੀ, 'ਮੈਂ ਵਿਹਲੀ ਨੀਂ ਥੋਡੇ ਬਾਂਗੂੰ।' ਸਵੇਰੇ ਸਵੇਰੇ ਤਾਂ ਉਹ ਉੱਠਣ ਦਾ ਨਾਂ ਨਹੀਂ ਸੀ ਲੈਂਦੀ ਅਖੇ, 'ਮੇਰੀ ਨੀਂਦ ਖਰਾਬ ਹੁੰਦੀ ਆ।' ਜੇ ਕਦੀ ਮੈਂ ਛੁੱਟੀ ਵਾਲੇ ਦਿਨ ਵੀ ਉਸਨੂੰ ਬੁਲਾਉਣ ਚਲੀ ਜਾਂਦੀ ਤਾਂ ਅੱਗੋਂ ਖਿੱਝਕੇ ਪੈਂਦੀ, 'ਆਂਟੀ ਥੋਨੂੰ ਹੋਰ ਕੋਈ ਕੰਮ ਨੀਂ ਸੈਰ ਕਰਨ ਤੋਂ ਬਿਨਾਂ ?'

"ਬਥੇਰੇ ਕੰਮ ਆ ਰੂਬੀ ! ਪਰ ਮੈਂ ਸੈਰ ਕਰਨੀ ਜ਼ਰੂਰੀ ਸਮਝਦੀ ਆਂ।" "ਕੋਈ ਬਥੇਰੇ ਕੰਮ ਕੁੰਮ ਨੀਂ, ਜੇ ਬਥੇਰੇ ਕੰਮ ਹੋਣ ਸਵੇਰੇ ਸਵੇਰੇ ਆ ਕੇ ਮੇਰਾ ਬੂਹਾ ਨਾ ਖੜਕਾਓਂ ?" "ਮੈਂ ਵੀ ਕਿੱਡੀ ਬੇਸ਼ਰਮ ਹਾਂ ਮੁੜ ਮੁੜ ਤੇਰੇ ਕੋਲ ਆ ਜਾਂਦੀ ਹਾਂ।" ਕਹਿ ਮੈਂ ਵਾਪਿਸ ਪਰਤ ਆਉਂਦੀ। ਪਤਾ ਨਹੀਂ ਕਿਉਂ ਮੈਨੂੰ ਵੀ ਉਸਦੇ ਕੌੜੇ ਬੋਲ ਸੁਣਨ ਦੀ ਜਿਵੇਂ ਆਦਤ ਜਿਹੀ ਪੈ ਗਈ ਸੀ।

ਦਰਅਸਲ ਰੂਬੀ ਮੈਨੂੰ 'ਗੁਆਂਢਣ ਆਂਟੀ' ਨਹੀਂ ਸੀ ਸਮਝਦੀ ਕੁਝ ਹੋਰ ਸਮਝਦੀ ਸੀ। ਅੰਦਰੋਂ ਅੰਦਰੀਂ ਜਿਵੇਂ ਉਸਨੇ ਮੈਨੂੰ ਮਾਵਾਂ ਵਰਗਾ ਦਰਜਾ ਦਿੱਤਾ ਹੋਇਆ ਸੀ। ਤੇ ਮੈਨੂੰ ਵੀ ਉਸਨੂੰ ਮਿਲਕੇ ਕੁਝ ਇਸੇ ਤਰ੍ਹਾਂ ਦਾ ਅਹਿਸਾਸ ਹੁੰਦਾ। ਕਦੀ ਕਦੀ ਮੇਰੇ ਨਾਲ ਉਹ ਮਾਵਾਂ ਧੀਆਂ ਵਾਂਗ ਟਿਕਕੇ ਬੈਠਕੇ ਆਪਣੇ ਦੁੱਖ ਵੀ ਸਾਂਝੇ ਕਰਦੀ। ਆਪਣੇ ਪਤੀ ਦੀਆਂ ਸ਼ਿਕਾਇਤਾਂ ਲਗਾਉਂਦੀ। ਹੋਰ ਵੀ ਘਰ ਪਰਿਵਾਰ ਦੀਆਂ ਸਲਾਹਾਂ ਲੈਂਦੀ। ਕਹਿੰਦੀ ਭਾਵੇਂ ਉਹ ਮੈਨੂੰ 'ਮਿੰਨੀ ਆਂਟੀ' ਹੀ ਸੀ ਪਰ ਸਮਝਦੀ ਇਸ ਤੋਂ ਵੱਧ ਸੀ। ਦਰਅਸਲ ਛੇ ਸੱਤ ਸਾਲ ਅਸੀਂ ਇਕੋ ਅਦਾਰੇ ਵਿੱਚ ਰਹੀਆਂ ਸਾਂ। ਉਦੋਂ ਮੈਂ ਐਮ. ਏ. ਕਲਾਸਾਂ ਪੜ੍ਹਾਉਂਦੀ ਸਾਂ ਤੇ ਇਹ ਮੇਰੇ ਕੋਲ ਐਮ. ਏ. ਕਰਦੀ ਸੀ। ਵਿਦਿਆਰਥੀਆਂ ਦੀ ਸਾਹਿਤ ਸਭਾ 'ਪੰਜਾਬੀ ਸੱਥ' ਦੀ ਇਹ ਪ੍ਰਧਾਨ ਸੀ। ਵਿਦਿਆਰਥੀ ਜਥੇਬੰਦੀ ਵਿਚ ਵੀ ਇਹ ਮੋਹਰੀ ਹੁੰਦੀ ਸੀ। ਮੁੰਡਿਆਂ ਵਿਚ ਵਿਚਰਨ ਦਾ ਇਸਨੂੰ ਉੱਕਾ ਝਾਕਾ ਨਹੀਂ ਸੀ। ਪਹਿਰਾਵੇ ਤੋਂ ਭਾਵੇਂ ਬਿਲਕੁਲ ਦੇਸੀ ਜਿਹੀ ਲਗਦੀ ਸੀ ਪਰ ਸੀ ਬੜੀ ਖਰਾਂਟ। ਸਭ ਨੂੰ ਅੱਗੇ ਲਾ ਲੈਂਦੀ। ਹਰ ਇਕ ਤੋਂ ਕੰਮ ਕਢਵਾ ਲੈਂਦੀ। ਸਾਰੇ ਡਿਪਾਰਟਮੈਂਟ ਵਿਚ 'ਰੂਬੀ ਰੂਬੀ' ਹੁੰਦੀ। ਨਾਂ ਭਾਵੇਂ ਇਸਦਾ ਰਬਿੰਦਰ ਸੀ ਪਰ ਕਹਿੰਦੇ ਸਭ ਰੂਬੀ ਸਨ। ਉਦੋਂ ਇਹ ਮੈਨੂੰ ਮੈਡਮ ਕਿਹਾ ਕਰਦੀ ਸੀ ਪਰ ਜਦੋਂ ਮੈਨੂੰ ਇਸਦੇ ਅੰਤਰ-ਜਾਤੀ ਵਿਆਹ ਵਿਚ ਅਹਿਮ ਭੂਮਿਕਾ ਨਿਭਾਉਣੀ ਪਈ ਤਾਂ ਇਹ ਮੈਨੂੰ 'ਮਿੰਨੀ ਆਂਟੀ' ਕਹਿਣ ਲੱਗ ਪਈ। ਇਹ ਰਿਸ਼ਤਾ ਸ਼ਾਇਦ ਉਸਨੇ ਸੁਤੇ ਸਿੱਧ ਅਪਣਾਇਆ ਸੀ। ਪਰ ਮੈਨੂੰ ਲਗਦਾ ਜਿਵੇਂ ਉਹ ਮੇਰਾ ਛੋਟਾ ਨਾਂ ਲੈ ਕੇ ਮੇਰੇ ਵਧੇਰੇ ਨੇੜੇ ਹੋਣਾ ਚਾਹੁੰਦੀ ਹੈ। ਪਰ ਇਸ ਰਿਸ਼ਤੇ ਦੇ ਪਿੱਛੇ ਜੋ ਉਸਦੀ ਭਾਵਨਾ ਸੀ ਉਹ 'ਆਂਟੀ' ਜਾਂ 'ਮਿੰਨੀ ਆਂਟੀ' ਵਾਲੀ ਨਹੀਂ ਸੀ ਅਚੇਤ ਹੀ ਮਾਂ ਵਰਗੀ ਭਾਵਨਾ ਸੀ। ਸ਼ਾਇਦ ਇਸੇ ਕਰਕੇ ਮੈਂ ਵੀ ਉਸਦੀਆਂ ਤੱਤੀਆਂ ਠੰਢੀਆਂ ਸੁਣਨ ਦੀ ਆਦੀ ਹੋ ਗਈ ਸੀ। ਪਰ ਅੱਜ ? ਅਚਾਨਕ ਉਸਦਾ ਇਉਂ ਪਾਰਕ ਵਿਚ ਮਿਲ ਪੈਣਾ ਮੇਰੇ ਲਈ ਅਚੰਭੇ ਨਾਲੋਂ ਘੱਟ ਨਹੀਂ ਸੀ।

ਉਸਦਾ ਪਤੀ ਸੈਜੀ ਅਕਸਰ ਮੈਨੂੰ ਇਸ ਪਾਰਕ ਵਿਚ ਸੈਰ ਕਰਦਾ ਮਿਲ ਜਾਇਆ ਕਰਦਾ ਸੀ। ਮੈਂ ਕਦੇ ਰੂਬੀ ਨੂੰ ਉਸਦੇ ਨਾਲ ਨਹੀਂ ਸੀ ਵੇਖਿਆ। ਮੈਂ ਜਦ ਵੀ ਉਸਨੂੰ ਰੂਬੀ ਬਾਰੇ ਪੁੱਛਦੀ ਤਾਂ



ਹੱਸਕੇ ਕਹਿ ਦਿੰਦਾ, 'ਅਰਾਮ ਫਰਮਾ ਰਹੀ ਹੈ।' ਉਹ ਜਦੋਂ ਵੀ ਮਿਲਦਾ ਮਜ਼ਾਕ ਵਾਂਗ ਹੱਸਕੇ ਮਿਲਦਾ। ਮਖੌਲ ਨਾਲ ਗੱਲ ਕਰਦਾ। ਮੇਰੇ ਬਾਰੇ ਕੋਈ ਨਾ ਕੋਈ ਕੁਮੈਂਟ ਜ਼ਰੂਰ ਪਾਸ ਕਰਦਾ। ਹੁਣ ਵੀ ਜਦੋਂ ਕਦੀ ਮੈਂ ਇਸ ਪਾਰਕ 'ਚ ਸੈਰ ਲਈ ਆਉਂਦੀ ਹਾਂ ਮੈਨੂੰ ਉਸਦਾ ਝੌਲਾ ਜਿਹਾ ਪੈਂਦਾ ਹੈ। ਘਰੋਂ ਤੁਰਦਿਆਂ ਮੈਨੂੰ ਉਸਦਾ ਖਿਆਲ ਆ ਜਾਂਦਾ ਹੈ। ਦੋ ਸਾਲ ਪਹਿਲਾਂ ਜਦੋਂ ਉਹ ਹੁੰਦਾ ਸੀ ਮੈਂ ਜਦੋਂ ਉਸਦੇ ਪਾਰਕ ਵਿਚ ਮਿਲ ਪੈਣ ਬਾਰੇ ਚਿਤਵਦੀ ਤਾਂ ਉਹ ਜ਼ਰੂਰ ਮਿਲ ਪੈਂਦਾ। ਕਦੀ ਹੱਸਦਾ ਹੋਇਆ ਮਿਲਦਾ, ਕਦੀ ਉਸਦਾ ਮੂੰਹ ਲਟਕਿਆ ਹੁੰਦਾ। ਕਦੀ ਕਦੀ ਉਸਦੇ ਚਿਹਰੇ ਤੇ ਰਾਤ ਦੀ ਪੀਤੀ ਦਾ ਪ੍ਰਭਾਵ ਵੀ ਹੁੰਦਾ। ਪਰ ਮੇਰੇ ਚੇਤਿਆਂ ਵਿਚ ਜਿਵੇਂ ਉਸਦਾ ਹੱਸਦਾ, ਮਖੌਲੀਆ ਤੇ ਟਿੱਚਰਾਂ ਕਰਦਾ ਚਿਹਰਾ ਠਹਿਰ ਗਿਆ ਸੀ। ਅੱਜ ਵੀ ਜਦੋਂ ਮੈਂ ਘਰੋਂ ਤੁਰਨ ਲੱਗੀ ਸਾਂ ਤਾਂ ਮੈਨੂੰ ਸੈਜੀ ਦਾ ਖਿਆਲ ਆਇਆ ਸੀ। ਮੈਂ ਸਾਰੇ ਰਾਹ ਉਸ ਬਾਰੇ ਸੋਚਦੀ ਆਈ ਸਾਂ। ਪਤਾ ਨਹੀਂ ਕੀ ਕੀ ਸੋਚੀ ਗਈ ਸਾਂ....

ਪਹਿਲਾਂ ਵਾਂਗ ਹੀ ਇਕ ਵੱਡਾ ਚੱਕਰ ਕੱਢਣ ਪਿਛੋਂ ਜਦੋਂ ਮੈਂ ਬੈਂਚ ਤੇ ਆਣ ਬੈਠੀ ਤਾਂ ਮੈਨੂੰ ਇਉਂ ਲੱਗਿਆ ਜਿਵੇਂ ਸੈਜੀ ਮੇਰੇ ਸੱਜੇ ਪਾਸੇ ਖੜ੍ਹਾ ਮੈਨੂੰ ਕੁਝ ਕਹਿ ਰਿਹਾ ਹੋਵੇ :

"ਅੱਛਾ ! ਲੱਗੇ ਹੋਏ ਓਂ ਆਂਟੀ ਉਮਰ ਵਧਾਉਣ ?"

"ਉਮਰ ਵਧਾਉਣ ? ਜੇ ਸੈਜੀ ਇਉਂ ਉਮਰਾਂ ਵਧਦੀਆਂ ਹੋਣ ਤਾਂ ਮੈਂ ਜ਼ਰੂਰ ਦੋ ਤਿੰਨ ਘੰਟੇ ਇਥੇ ਬੈਠਕੇ ਪ੍ਰਾਣਾਯਾਮ ਕਰ ਲਿਆ ਕਰਾਂ। ਬੰਦੇ ਨੇ ਇਕ ਦਿਨ ਮਰਨਾ ਤਾਂ ਹੁੰਦਾ ਈ ਐ, ਕਮਸੇਕਮ ਰੀਂਗ ਰੀਂਗ ਕੇ ਜਾਂ ਬੀਮਾਰੀ ਨਾਲ ਤਾਂ ਨਾ ਮਰੇ।"

"ਪਰ ਆਂਟੀ ਮੈਂ ਤਾਂ ਅੱਜ ਕੱਲ੍ਹ ਉਮਰ ਘਟਾਉਣ ਲੱਗਿਆ ਹੋਇਆਂ।"

"ਉਹ ਕਿਉਂ ?"

"ਮੈਂ ਇਸ ਜ਼ਿੰਦਗੀ ਤੋਂ ਫੈਡ-ਅੱਪ ਹੋ ਗਿਆਂ।"

"ਪਰ ਤੂੰ ਤਾਂ ਕਹਿਨੈਂ ਹੁੰਨੈ ਤੇਰੇ ਵੱਡੇ ਵੱਡੇ ਸੁਪਨੇ ਨੇ, ਫੇਰ ਉਨ੍ਹਾਂ ਦਾ ਸੁਪਨਿਆਂ ਦਾ ਕੀ ਬਣੂੰ ?"

"ਸੁਪਨੇ ਤਾਂ ਆਂਟੀ ਬਹੁਤ ਵੱਡੇ ਸੀ ਪਰ ਹੁਣ ਨੀਂ.....।"

"ਦਾਰੂ ਪੀ ਪੀ ਕੇ ਰੱਜਿਆ ਨੀਂ ਅਜੇ ? ਇਹ ਸਭ ਦਾਰੂ ਕਰਕੇ ਆ ਡਿਪਰੈਸ਼ਨ।"

"ਕੀ ਕਰਾਂ ਆਂਟੀ ਰੂਬੀ ਮੇਰਾ ਸਾਥ ਨਹੀਂ ਦਿੰਦੀ, ਮੇਰੇ ਨਾਲ ਲੜਦੀ ਰਹਿੰਦੀਆ।"

"ਨਾ ਪੀਆ ਕਰ ਨਾ ਦਾਰੂ ਸੈਜੀ। ਤੇਰਾ ਆਪਣੇ ਆਪ ਨਾਲ ਕੋਈ ਵੈਰ ਆ ?"

"ਮੈਂ ਕਾਹਨੂੰ ਪੀਨੈਂ ਆਂਟੀ ਦੋਸਤ ਮਿੱਤਰ ਹੀ ਐਨੇ ਆਂ ਖਹਿੜਾ ਨਹੀਂ ਛੱਡਦੇ।"

"ਦਾਰੂ ਪੀਣੇ ਨਿੱਤ ਨਵੇਂ ਥਾਂ ਤੇ ਨਵੇਂ ਬਹਾਨੇ ਲੱਭ ਹੀ ਲੈਂਦੇ ਆ। ਕਹਿੰਦੇ ਨੀਂ ਹੁੰਦੇ ਅਖੇ, 'ਦਿਨ-ਤਿਹਾਰ, ਵਾਰ-ਐਤਵਾਰ, ਬਾਕੀ ਆਇਆ ਗਿਆ'। ਤੇਰੀ ਤਾਂ ਉਹ ਗੱਲ ਆ।"

"ਬਹਾਨੇ ਨਹੀਂ ਆਂਟੀ ਅਸਲ ਵਿਚ ਮੇਰੇ ਸਾਰੇ ਦੋਸਤ ਤਕੜੇ ਘਰਾਂ ਦੇ ਮੁੰਡੇ ਨੇ। ਮੈਂ ਉਨ੍ਹਾਂ ਨੂੰ ਜੁਆਬ ਨੀਂ ਦੇ ਸਕਦਾ। ਉਨ੍ਹਾਂ ਨੂੰ ਮੇਰੀ ਕੰਪਨੀ ਬਹੁਤ ਪਸੰਦ ਆ। ਕਹਿਣਗੇ ਤੇਰੇ ਬਿਨਾਂ ਮਹਿਫਲ ਹੀ ਨਹੀਂ ਸਜਦੀ। ਕਈ ਕਈ ਘੰਟੇ ਗੀਤ ਗਾਈਦੇ ਨੇ। ਪਾਲੇਟਿਕਸ ਦੀਆਂ ਗੱਲਾਂ ਕਰਦੇ ਆਂ। ਘਰ ਵਾਲੀਆਂ ਦੀਆ ਵੀ।" ਕਹਿੰਦਾ ਉਹ ਹੱਸ ਪਿਆ।

"ਉਨ੍ਹਾਂ ਵੱਡਿਆਂ ਦਾ ਤੈਨੂੰ ਕੀ ਨਿੱਘ ? ਉਹ ਤਾਂ ਆਪਣਾ ਮਨੋਰੰਜਨ ਕਰਨ ਆਉਂਦੇ ਨੇ ਤੇ ਤੂੰ ....? ਸੈਜੀ, ਘਰ ਦਾ ਮਹੌਲ ਠੀਕ ਰੱਖਿਆ ਕਰ। ਐਮੇਂ ਨਾ ਕੁੜੀ ਨੂੰ ਤੰਗ ਕਰਿਆ ਕਰ।"

"ਲਓ ? ਆਂਟੀ ਕੁੜੀ ਨੂੰ ਤੰਗ ਮੈਂ ਕਰਦੈਂ ਕਿ ਉਹ ਮੈਨੂੰ ਕਰਦੀ ਆ। ਆਹ ਦੇਖੋ ਰਾਤੀਂ ਉਹਨੇ ਮੈਨੂੰ ਕੁੱਟਿਆ।" ਉਸਨੇ ਪਿੱਠ ਪਿਛੋਂ ਸ਼ਰਟ ਉੱਚੀ ਕਰਕੇ ਦਖਾਉਂਦਿਆਂ ਕਿਹਾ। ਮੈਂ ਦੇਖਿਆ ਉਥੇ ਨੀਲੇ ਜਾਮਨੀ ਰੰਗੇ ਕਈ ਨਿਸ਼ਾਨ ਸਨ।

"ਮੈਂ ਨੀਂ ਮੰਨਦੀ ਸੈਜੀ। ਤੂੰ ਜ਼ਰੂਰ ਕਿਧਰੋਂ ਹੋਰ ਕੁੱਟ ਖਾ ਕੇ ਆਇਆ ਹੋਏਂਗਾ। ਜਾਂ ਪਹਿਲਾਂ ਵਾਂਗੂੰ ਰਾਤੀਂ ਲੇਟ ਆਉਣ ਲੱਗਿਆ ਕੋਈ ਐਕਸੀਡੈਂਟ ਕਰਕੇ ਆਇਆ ਹੋਏਂਗਾ। ਦਾਰੂ ਪੀ ਕੇ ਤੈਨੂੰ ਕਿਹੜਾ ਪਤਾ ਲਗਦੈ।"

"ਨਾ ਮੰਨੋ ਆਂਟੀ। ਤੁਸੀਂ ਹਮੇਸ਼ਾਂ ਰੂਬੀ ਦੀ ਸਾਈਡ ਈ ਲੈਂਦੇ ਓਂ। ਤੁਹਾਡੀ ਸੋਚ ਸਾਵੀਂ ਹੋ ਈ ਨੀਂ ਸਕਦੀ।"

"ਬਿਲਕੁਲ ਗਲਤ ਆ ਸੈਜੀ। ਮੇਰੇ ਬਾਰੇ ਤੂੰ ਇਹ ਨੀਂ ਕਹਿ ਸਕਦਾ। ਪਰ ਤੂੰ ਸਵੀਪਿੰਗ ਸਟੇਟਮੈਂਟ ਜ਼ਰੂਰ ਦੇਣੀ ਹੁੰਦੀ ਆ, ਹੈ ਨਾ ? ਮੈਂ ਤੈਨੂੰ ਸੌ ਵਾਰੀ ਕਿਹਾ ਤੂੰ ਇਸ ਤਰ੍ਹਾਂ ਦੀਆਂ ਸਟੇਟਮੈਂਟਸ ਨਾ ਦਿਆ ਕਰ।"

"ਚਲੋ ਛੱਡੋ ! ਹੋਰ ਗੱਲ ਕਰੋ ਆਂਟੀ।"

"ਕਿਹੜੀ ਹੋਰ ਗੱਲ ਕਰਾਂ ਮੈਂ ? ਗੱਲਾਂ ਤਾਂ ਅੱਜ ਕੱਲ੍ਹ ਤੈਨੂੰ ਫੁਰਦੀਆਂ, ਰੰਗ ਬਿਰੰਗੀਆਂ ਸ਼ਰਾਬਾਂ ਪੀ ਕੇ ? "

"ਕਾਹਨੂੰ ਆਂਟੀ ਮੈਂ ਤਾਂ ਮਾਂ ਦਾ ਸਾਊ ਪੁੱਤ ਆਂ ? "

"ਤਾਂਹੀਓਂ ਪੀ ਪੀ ਕੇ ਬੁੱਧੀ ਭਰਿਸ਼ਟ ਕਰ ਰੱਖੀ ਐ ? ਰੂਬੀ ਪਤਾ ਨੀਂ ਤੈਨੂੰ ਕਿਵੇਂ ਬਰਦਾਸ਼ਤ ਕਰਦੀ ਆ। ਹੁਣ ਵੀ ਸੈਜੀ ਤੇਰੇ ਮੂੰਹ 'ਚੋਂ ਸ਼ਰਾਬ ਦੀ ਬੋਅ ਮਾਰਦੀਆ। ਥੂਅ!" ਕਹਿੰਦਿਆਂ ਜਿਵੇਂ ਮੈਂ ਉਸਨੂੰ ਪਰ੍ਹਾਂ ਧੱਕ ਦਿੱਤਾ ਹੋਵੇ।

ਆਪਣੇ ਆਪ ਵਿਚ ਆਉਂਦਿਆਂ ਮੈਂ ਮੁੜ ਬੈਂਚ ਤੇ ਸਾਵਧਾਨ ਹੋ ਕੇ ਬੈਠ ਜਾਂਦੀ ਹਾਂ। ਤੇ ਅੱਖਾਂ ਬੰਦ ਕਰਦਿਆਂ ਪ੍ਰਾਣਾਯਾਮ ਕਰਨ ਲੱਗ ਪੈਂਦੀ ਹਾਂ। ਕੁਝ ਹੀ ਮਿੰਟਾਂ ਪਿਛੋਂ ਅੰਤਰ ਧਿਆਨ ਹੋ ਜਾਂਦੀ ਹਾਂ। ਅਲੋਮ-ਵਿਲੋਮ ਕਰਦਿਆਂ ਮਨ ਸਥਿਰ ਹੋਣ ਲੱਗਦਾ ਹੈ। ਹਵਾ ਦੀ ਤਾਜ਼ਗੀ ਮਨ ਨੂੰ ਅਨੰਦਤ ਕਰਨ ਲਗਦੀ ਹੈ। ਮੈਂ ਇਸ ਕਰਮ ਨੂੰ ਲਗਾਤਾਰ ਜਾਰੀ ਰੱਖਦੀ ਹੋਈ ਹੋਰ ਡੂੰਘੇ ਸਾਹ ਲੈਣ ਲੱਗ ਜਾਂਦੀ ਹਾਂ। ਅਚਾਨਕ ਮੈਨੂੰ ਆਪਣੇ ਸੱਜੇ ਪਾਸੇ ਕਿਸੇ ਦੇ ਬੈਠਣ ਦੀ ਸਰਸਰਾਹਟ ਜਿਹੀ ਸੁਣਾਈ ਦਿੰਦੀ ਹੈ। ਮੈਂ ਅੱਧੀ ਕੁ ਅੱਖ ਖੋਲ੍ਹਦਿਆਂ ਦੇਖਦੀ ਹਾਂ। ਮੇਰੇ ਸੱਜੇ ਪਾਸੇ ਰੂਬੀ ਬੈਠੀ ਹੋਈ ਹੈ। ਮੈਂ ਇਕ ਦਮ ਚੌਂਕ ਕੇ ਪੁੱਛਦੀ ਹਾਂ :

"ਰੂਬੀ ! ਤੂੰ ? ? ਸਵੇਰੇ ਸਵੇਰੇ ? ? ?"

"ਕਿਉਂ ? ਮੈਂ ਨੀਂ ਆ ਸਕਦੀ ? ਮੈਨੂੰ ਐਥੇ ਆਉਣਾ ਬੈਨ ਆ ?" ਉਹ ਤਮ੍ਹਕ ਕੇ ਬੋਲਦੀ ਹੈ।

"ਬੈਨ ਤਾਂ ਨੀਂ ਪਰ ਤੂੰ ਐਸ ਵੇਲੇ ਆਈ ਕਿਥੋਂ.... ?"

"ਢੱਠੇ ਖੂਹ ਚੋਂ...।"

"ਕਦੇ ਸਿੱਧੀ ਗੱਲ ਵੀ ਕਰ ਲਿਆ ਕਰ ?"

"ਮੈਨੂੰ ਨੀਂ ਪਤਾ, ਸਿੱਧੀ ਕਿਹੜੀ ਆ ਤੇ ਪੁੱਠੀ ਕਿਹੜੀਆ ?"

"ਅੱਛਾ ਇਹ ਦੱਸ, ਤੂੰ ਢੱਠੇ ਖੂਹ 'ਚੋਂ ਨਿਕਲ ਕਿਉਂ ਆਈ ਫੇਰ ?"

"ਜਣਦਿਆਂ ਨੂੰ ਰੋਣ।"

"ਹੁਣ ਤੂੰ ਜਣਦਿਆਂ ਨੂੰ ਨੀਂ ਕੁਸ਼ ਕਹਿ ਸਕਦੀ, ਆਪਣੇ ਆਪ ਨੂੰ ਰੋਣ ਕਹਿੰਦੀ ਤਾਂ ਗੱਲ ਜਚਦੀ। ਜਣਦਿਆਂ ਦਾ ਇਹਦੇ 'ਚ ਹੁਣ ਕੋਈ ਕਸੂਰ ਨੀਂ। ਇਹ ਤੇਰੀ ਆਪਣੀ ਲੱਭਤ ਆ। ਆਪਣੇ ਫੈਸਲੇ।"

"ਆਉਂਦੀਆਂ ਨੇ ਗੱਲਾਂ ਥੋਨੂੰ।" ਉਸਨੇ ਗੱਲ ਨੂੰ ਚਿੱਥਕੇ ਕਿਹਾ।

"ਆਪੇ ਫਾਥੜੀਏ ਤੈਨੂੰ ਕੌਣ ਛੁਟਾਵੇ।" ਮੈਂ ਮਲ੍ਹਮੀ ਜਿਹੀ ਜੀਭ ਨਾਲ ਕਿਹਾ।



"ਇਹੀ ਤਾਂ ਦੁੱਖ ਆ, ਜੀਹਦੀ ਖਾਤਰ ਮੈਂ ਐਨੇ ਐਨੇ ਜਫ਼ਰ ਜਾਲੇ...."

"ਬੱਸ ਬੱਸ, ਹੁਣ ਸਵੇਰੇ ਸਵੇਰੇ ਰੋਣ ਨਾ ਬਹਿਜੀਂ ?"

"ਰੋਣਾ ਤਾਂ ਹੁਣ ਸਾਰੀ ਉਮਰ ਦਾ ਪੱਲੇ ਪੈ ਗਿਆ।"

"ਅੱਛਾ, ਛੱਡ ! ਹਰ ਵੇਲੇ ਉਹੀ ਗੱਲ ਨੀਂ ਕਰਿਆ ਕਰਦੇ। ਪਹਿਲਾਂ ਇਹ ਦੱਸ ਸਵੇਰੇ ਸਵੇਰੇ ਵਕਤ ਕਿਵੇਂ ਲੱਭਿਆ ? ਮਾਨਵ ਸਕੂਲ ਨਹੀਂ ਗਿਆ ਅੱਜ....... ?"

"ਲੱਭਿਆ ਵਕਤ ? ਕਦੇ ਆ ਕੇ ਪੁੱਛਿਆ ਬਈ ਕੀ ਹਾਲ ਆ। ਉਹਦੇ ਹੁੰਦੇ ਤੋਂ ਤਾਂ ਬਥੇਰੇ ਗੇੜੇ ਮਾਰਿਆ ਕਰਦੇ ਸੀ। ਹੁਣ ਕਿਉਂ ਵੱਜਣੋ ਹਟਗੇ ? ਏਸ ਲਈ ਬਈ ਮੈਂ ਕੋਈ ਸੁਆਲ ਨਾ ਪਾ ਦਿਆਂ ?"

"ਰੂਬੀ, ਮੈਂ ਤੇਰੀ ਗੱਲ ਦਾ ਜੁਆਬ ਦੇ ਸਕਦੀ ਆਂ, ਪਰ ਦੇਵਾਂਗੀ ਨਹੀਂ। ਕਿਉਂਕਿ, ਇਸ ਸਮੇਂ ਤੈਨੂੰ ਮੇਰੀ ਗੱਲ ਚੰਗੀ ਨੀਂ ਲੱਗਣੀ।"

"ਦਿਓ, ਨਾ ਦਿਓ, ਮੈਨੂੰ ਕੋਈ ਫ਼ਰਕ ਨੀਂ ਪੈਂਦਾ। ਜਿਧਰ ਗਿਆ ਬਾਣੀਆ ਉਧਰ ਗਿਆ ਬਜ਼ਾਰ। ਹੋਰ ਵੀ ਤਾਂ ਪੰਜਾਹ ਲੋਕ ਸੀ ਜਿਹੜੇ ਪਹਿਲਾਂ ਸੈਜੀ ਨਾਲ ਮਰਨ ਦਾ ਦਮ ਭਰਦੇ ਸੀ ਹੁਣ ਕੋਈ ਇਕ ਦਿਨ ਨੀਂ ਆਕੇ ਖੜ੍ਹਿਆ।"

"ਮੇਰੀ ਕਹੀ ਕਿਸੇ ਵੀ ਗੱਲ ਦੀ ਹੁਣ ਤੈਨੂੰ ਸਮਝ ਨਹੀਂ ਆਉਣੀ ਰੂਬੀ।"

ਉਸਨੇ ਮੇਰੀ ਗੱਲ ਸੁਣਦਿਆਂ ਚਿੱਟੀ ਜਿਹੀ ਅੱਖਾਂ ਕੱਢਦਿਆਂ ਤੇ ਵਿੰਗੀ ਜਿਹੀ ਖਾਖ ਕਰਦਿਆਂ ਨਫ਼ਰਤ ਨਾਲ ਕੇਵਲ ਨੱਕ ਰਾਹੀਂ 'ਹੂੰਅ' ਕੀਤਾ।

ਮੈਂ ਖਾਲੀ ਖਾਲੀ ਨਜ਼ਰਾਂ ਨਾਲ ਉਸਦੇ ਚਿਹਰੇ ਵੱਲ ਵੇਖਦੀ ਰਹੀ। ਮੈਨੂੰ ਇਉਂ ਲੱਗਿਆ ਜਿਵੇਂ ਰੂਬੀ ਅੰਤਾਂ ਦੀ ਥੱਕੀ ਟੁੱਟੀ ਤੇ ਪਿਆਸੀ ਹੋਵੇ 'ਤੇ ਉਸਦੇ ਬੁੱਲ੍ਹਾਂ ਤੇ ਦਹਿਕਦੀ ਕ੍ਰੋਧ ਦੀ ਜੁਆਲਾ। ਮੈਂ ਬੜੇ ਪਿਆਰ ਨਾਲ ਉਸਦਾ ਹੱਥ ਫੜਦਿਆਂ ਪੁਚਕਾਰਦਿਆਂ ਕਿਹਾ, "ਰੂਬੀ ਬੇਟੇ ! ਹੁਣ ਛੱਡ ਵੀ ਗੁੱਸੇ ਨੂੰ ਇਹ ਦੱਸ ਅੱਜ ਮਾਨਵ ਸਕੂਲ ਨੀਂ ਗਿਆ ?"

"ਅੱਜ ਮੈਂ ਉਸਨੂੰ ਸਕੂਲ ਦੀ ਬੱਸ 'ਚ ਚੜ੍ਹਾਕੇ ਆਈ ਆਂ ?" ਉਸਨੇ ਡੁੱਲ੍ਹਣ ਡੁੱਲ੍ਹਣ ਕਰਦੇ ਮਨ ਨਾਲ ਕਿਹਾ।

"ਕੋਈ ਗੱਲ ਨੀ ਫੇਰ। ਮੈਂ ਤਾਂ ਤੈਨੂੰ ਇਹ ਗੱਲ ਕਹਿਣ ਨੂੰ ਤਿਆਰ ਸਾਂ। ਫੇਰ ਸੋਚਿਆ ਤੂੰ ਕਿਤੇ ਮੇਰੀ ਗੱਲ ਫੀਲ ਨਾ ਕਰਲੇਂ।"

"ਬਥੇਰਾ ਚਮ੍ਹਲਾ ਲਿਆ। ਹੋਰ ਕਿਹੜਾ ਲੋਕਾਂ ਦੇ ਬੱਚੇ ਨੀਂ। ਉਹ ਵੀ ਤਾਂ ਬਸਾਂ ਤੇ ਸਕੂਲ ਜਾਂਦੇ ਆ। ਇਹ ਕੋਈ ਨਵਾਬਜ਼ਾਦੇ ਦਾ ਪੁੱਤ ਐ। ਮੈਂ ਕਾਰ ਤੇ ਛੱਡਣ ਜਾਣਾ ਅਫੋਰਡ ਈ ਨੀਂ ਕਰਦੀ। ਕਹਿੰਦੇ ਨੀ ਹੁੰਦੇ ਅੰਨ੍ਹਿਆਂ ਦੀਆਂ ਮੱਖੀਆਂ ਸੁਜਾਖਿਆਂ ਨੂੰ ਦੁਖ ਦਿੰਦੀਆਂ।"

"ਬੱਚਿਆਂ ਨੂੰ ਐਨਾ ਵੀ ਡੀਪੈਂਡੈਂਟ ਨੀਂ ਬਣਾਉਣਾ ਚਾਹੀਦਾ। ਸਾਡੀ ਮਿਡਲ ਕਲਾਸ ਨੂੰ ਇਹ ਬੀਮਾਰੀ ਆ। ਬੱਸ ਸਟੈਂਡ ਭਾਵੇਂ ਘਰ ਦੇ ਚਾਰ ਕਦਮਾਂ ਤੇ ਹੋਵੇ ਉਹ ਬੱਚੇ ਨੂੰ ਲੈਣ ਵੀ ਜਾਣਗੇ ਤੇ ਛੱਡਣ ਵੀ। ਆਪਾਂ ਕਿਹੜਾ ਸਕੂਲ ਨੀਂ ਸੀ ਜਾਂਦੇ।"

"ਇਹ ਤਾਂ ਉਹਦੇ ਚੱਜ ਸੀ। ਚਮ੍ਹਲਾ ਗਿਆ ਮੁੰਡੇ ਨੂੰ। ਹੁਣ ਮੇਰੇ ਵੀ ਕਾਬੂ ਨੀਂ ਆਉਂਦਾ। ਮੈਂ ਤਾਂ ਇਹਨੂੰ ਐਨੇ ਮਹਿੰਗੇ ਸਕੂਲ 'ਚ ਪੜ੍ਹਾਉਣਾ ਈ ਨੀਂ ਸੀ ਚਾਹੁੰਦੀ। ਪਰ ਓਸ ਨੇ ਪੱਟੀ ਨੀਂ ਬੱਝਣ ਦਿਤੀ। ਫੇਰ ਕਾਰ 'ਚ ਛੱਡਣ ਜਾਣਾ ਲੈਣਾ ਜਾਣਾ। ਉਹ ਤਾਂ ਵਿਹਲਾ ਹੁੰਦਾ ਸੀ ਸਾਰਾ ਦਿਨ ਪਰ ਮੈਨੂੰ ਵਿਹਲ ਕਿੱਥੇ। ਮੈਂ ਤਾਂ ਦੋ ਸਾਲ ਮਸਾਂ ਪੂਰੇ ਕੀਤੇ ਆ ਬਈ ਬੱਚਾ ਇਹ ਨਾ ਸੋਚੇ 'ਜੇ ਮੇਰਾ ਡੈਡੀ ਹੁੰਦਾ ਤਾਂ...... ?"

"ਉਹ ਤਾਂ ਤੇਰੀ ਗੱਲ ਠੀਕ ਐ ਰੂਬੀ ਪਰ ਇਹ ਅਹਿਸਾਸ ਤਾਂ ਉਸਨੂੰ ਫੇਰ ਵੀ ਸਾਰੀ

ਉਮਰ ਰਹੇਗਾ ਈ। ਡੈਡੀ ਵਾਲਾ ਘਾਟਾ ਤਾਂ ਕਿਸੇ ਤਰ੍ਹਾਂ ਪੂਰਾ ਨੀਂ ਕੀਤਾ ਜਾ ਸਕਦਾ। ਪਰ ਬੱਚੇ ਨੂੰ ਇਹ ਅਹਿਸਾਸ ਤਾਂ ਕਰਾਇਆ ਜਾ ਸਕਦਾ, ਬਈ ਮੈਂ ਇਕੱਲੀ ਕਮਾਉਣ ਵਾਲੀ ਹਾਂ।"

"ਆਪ ਤਾਂ ਮਰ ਗਿਆ। ਤੁਰ ਗਿਆ। ਮੈਨੂੰ ਪਾ ਗਿਆ ਬਖਤਾਂ 'ਚ। ਸਿਰ ਤੇ ਧਰ ਗਿਆ ਕਰਜ਼ੇ ਦੀ ਪੰਡ। ਉਦੋਂ ਮੈਂ ਬਥੇਰਾ ਪਿਟਦੀ ਰਹੀ, 'ਨਾ ਲੈ ਐਨੇ ਕਰਜ਼ੇ। ਕੀ ਲੈਣਾ ਉਪਰ ਪਾ ਕੇ। ਰਹਿਣ ਜੋਗਾ ਬਥੇਰਾ ਪੈ ਗਿਆ।' ਪਰ ਮੇਰੀ ਕਿੱਥੇ ਸੁਣਦਾ ਸੀ, ਉਹਨੂੰ ਤਾਂ ਬੱਸ ਲੋਕਾਂ ਦੀ ਰੀਸ ਸੀ। ਮਨ ਮਰਜੀ ਕਰਦਾ ਸੀ।"

"ਮੈਂ ਵੀ ਇਕ ਦਿਨ ਉਸਨੂੰ ਕਿਹਾ ਸੀ, 'ਸੈਜੀ, ਕਿਉਂ ਆਪਣੇ ਸਿਰ ਕਰਜ਼ਾ ਚੜ੍ਹਾਉਨੈ।' ਅੱਗੋਂ ਪਤੈ ਕੀ ਬੋਲਿਆ, 'ਆਂਟੀ ਥੋਡੀ ਸੋਚ ਬਹੁਤ ਛੋਟੀ ਐ।' ਮੈਂ ਕਿਹਾ, 'ਮੈਂ ਹੁਣ ਇਹਨੂੰ ਵੱਡੀ ਤਾਂ ਨੀਂ ਬਣਾ ਸਕਦੀ ਪਰ ਧਰਤੀ ਤੇ ਤੇਰੇ ਵੀ ਪੈਰ ਹੈ ਨੀਂ।"

"ਉਹਨੂੰ ਤਾਂ ਆਪਣੀ ਜਾਤ ਦਾ ਕੰਪਲੈਕਸ ਖਾ ਗਿਆ।"

"ਸ਼ਾਇਦ! ਪਰ ਨਹੀਂ!! ਉਹ ਸੁਭਾਅ ਦਾ ਈ ਫੁਕਰਾ ਸੀ।"

"ਕੰਪਲੈਕਸ ਕਿਉਂ ਨੀਂ ਸੀ? ਤਾਹੀਓਂ ਤਾਂ ਵੱਡੇ ਵੱਡੇ ਬੰਦਿਆਂ ਨਾਲ ਯਾਰੀਆਂ ਲਾਉਂਦਾ ਸੀ। ਚੰਗਾ ਬਣ ਬਣ ਦਖਾਉਂਦਾ ਸੀ। ਅਸਲ ਵਿਚ ਉਹ ਮੇਰੇ ਸਿਰ 'ਤੇ ਵੱਡਾ ਬਣਨਾ ਚਾਹੁੰਦਾ ਸੀ। ਮੈਂ ਹੀ ਕਮਲੀ ਸੀ ਜਿਹੜੀ ਉਸਦੇ ਝਾਂਸੇ 'ਚ ਆਗੀ। ਉਦੋਂ ਮਰਦਾ ਸੀ ਤਾਂ ਮਰਨ ਦਿੰਦੀ। ਇਹ ਤਾਂ ਉਹਦੇ ਮੈਨੂੰ ਫੁਸਲਾਉਣ ਦੇ ਢੰਗ ਸੀ। ਜੇ ਮਰਨਾ ਸੀ ਤਾਂ ਦਸ ਸਾਲ ਪਹਿਲਾਂ ਮਰ ਜਾਂਦਾ, ਮੈਂ ਇਹ ਦੁਖੜੇ ਤਾਂ ਨਾ ਭੋਗਦੀ। ਹੁਣ ਮੈਂ ਕਿਸੇ ਪਾਸੇ ਜੋਗੀ ਨੀਂ ਰਹੀ। ਕੁੱਤਾ, ਕਮੀਨਾ, ਜੂਠ ਕਿਸੇ ਥਾਂ ਦੀ। ਚੜ੍ਹੱਤ ਦਾ ਚੜ੍ਹੱਤ ਹੀ ਰਿਹਾ ਨਾ ਫੇਰ।" ਸੈਜੀ ਨੂੰ ਗਾਲ੍ਹਾਂ ਕੱਢਦੀ ਰੂਬੀ ਇਕ ਦਮ ਬਹਿਕ ਉੱਠੀ। ਪਤਾ ਨਹੀਂ ਕਦੋਂ ਕੁ ਦਾ ਲਾਵਾ ਉਸਦੇ ਅੰਦਰ ਡੱਕਿਆ ਹੋਇਆ ਸੀ ਇਕ ਦਮ ਫਟ ਗਿਆ। ਮੈਂ ਉਸਦੇ ਮੂੰਹ ਅੱਗੇ ਹੱਥ ਦਿੰਦਿਆਂ ਕਿਹਾ: "ਬੱਸ ਕਰ ਰੂਬੀ, ਬੱਸ ਕਰ! ਕੋਲੋਂ ਲੰਘਦੇ ਲੋਕ ਕੀ ਆਖਣਗੇ?"

"ਮੈਂ ਨੀ ਪ੍ਰਵਾਹ ਕਰਦੀ ਇਨ੍ਹਾਂ ਦੰਭੀ, ਦੋਗਲੇ, ਮਤਲਬੀ ਲੋਕਾਂ ਦੀ। ਸਾਰੇ ਦੇ ਸਾਰੇ ਜਾਹਲੀ ਨੇ। ਉਹਨੂੰ ਦਾਰੂ ਪਿਆ ਪਿਆ ਕੇ ਵਰਤਦੇ ਰਹੇ ਆ। ਹੁਣ ਕੁੱਤੇ ਮੂੰਹ ਪਰ੍ਹਾਂ ਕਰਕੇ ਇਉਂ ਲੰਘ ਜਾਂਦੇ ਆ ਜਿਵੇਂ ਜਾਣਦੇ ਈ ਨਾ ਹੋਣ। ਜੂਠਾਂ ਕਿਸੇ ਥਾਂ ਦੀਆਂ।"

"ਚੁੱਪ ਕਰ ਰੂਬੀ। ਲੋਕਾਂ ਬਾਰੇ ਕਿਉਂ ਮੰਦਾ ਚੰਗਾ ਬੋਲਦੀ ਐਂ? ਆਪਣੇ ਬਾਰੇ ਸੋਚ। ਹੁਣ ਪਿਛਲੀ ਜ਼ਿੰਦਗੀ ਨੂੰ ਮਾੜੇ ਵੇਖੇ ਸੁਪਨੇ ਵਾਂਗ ਭੁਲਾ ਦੇਹ।"

"ਭੁਲਾ ਦਿਆਂ? ਜੀ ਕਰਦਾ ਉਹ ਇਕ ਵਾਰੀ ਮੇਰੇ ਸਾਹਮਣੇ ਆਵੇ ਤੇ ਮੈਂ ਉਹਨੂੰ ਪੁੱਛਾਂ, 'ਕੁੱਤਿਆ ਕਮੀਨਿਆ ਤੂੰ ਏਸੇ ਕਰਕੇ ਮੇਰੇ ਨਾਲ ਵਿਆਹ ਕਰਾਇਆ ਸੀ ਬਈ...? ਮੇਰਾ ਦੀਨ ਭਰਿਸ਼ਟ ਕਰਕੇ ਆਪ ਤਾਂ ਲੋਕਾਂ ਤੋਂ ਸ਼ਾਲਾਂ ਪੁਆਕੇ ਤੁਰ ਗਿਆ। ਮੈਨੂੰ ਕਿਸੇ ਪਾਸੇ ਜੋਗੀ ਨੀ ਛੱਡਕੇ ਗਿਆ? ਵੱਡਾ ਆਇਆ!"

"ਰੂਬੀ, ਹੁਣ ਸੱਪ ਲੰਘੇ ਤੋਂ ਲਕੀਰ ਕੁੱਟਣ ਦਾ ਕੀ ਫਾਇਦਾ? ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਸ਼ੁਰੂ ਕਰ। ਆਪਣੀ ਮਰਜੀ ਮੁਤਾਬਕ ਜੀਅ।"

"ਕਿਹੜੀ ਮਰਜੀ? ਕਿਹੜੇ ਢੰਗ ਤਰੀਕੇ? ਤੂੰ ਹੀ ਦੱਸ ਆਂਟੀ, ਚਾਲੀਵੇਂ ਸਾਲ 'ਚ ਕਿਵੇਂ ਸ਼ੁਰੂ ਕਰਾਂ ਜ਼ਿੰਦਗੀ? ਕਿਥੋਂ ਕਰਾਂ? ਵਾਲ ਵਾਲ ਤਾਂ ਕਰਜ਼ੇ ਨਾਲ ਵਿੰਨ੍ਹਕੇ ਤੁਰ ਗਿਆ। ਜੇ ਮੈਂ ਚਾਹਵਾਂ ਵੀ ਤਾਂ ਉਹਦੇ ਬੀਜੇ ਕੰਡੇ ਮੈਂ ਸਾਰੀ ਉਮਰ ਨੀਂ ਚੁਗ ਸਕਦੀ। ਉਹਦੇ ਦੁਸ਼ਮਣ ਤਾਂ ਦੁਸ਼ਮਣ ਉਹਦੇ ਦੋਸਤ ਵੀ ਹੁਣ ਦੁਸ਼ਮਣ ਬਣਗੇ। ਹੁਣ ਬੜੀਆਂ ਬੜੀਆਂ ਗੱਲਾਂ ਕਰਦੇ ਨੇ ਉਹਦੇ ਮਰਨ ਮਗਰੋਂ। ਕੰਜਰ ਉਹਦੀ ਮੌਤ ਵੀ ਕੈਸ਼ ਕਰਨੀ ਚਾਹੁੰਦੇ ਆ।"

"ਰੂਬੀ ਛੱਡ ਇਨ੍ਹਾਂ ਗੱਲਾਂ ਨੂੰ ਇਨ੍ਹਾਂ ਚੋਂ ਕੁਸ਼ ਨੀਂ ਨਿਕਲਣਾ। ਆਪਣੇ ਮੁੰਡੇ ਨੂੰ ਸਾਂਭ। ਹੁਣ ਤਾਂ ਉਹੀ ਤੇਰੀ ਦੌਲਤ ਆ।"

"ਮੁੰਡਾ ਕਿਹੜਾ ਘੱਟ ਆ। ਕੰਜਰ ਪਿਉ ਤੋਂ ਵੀ ਚਾਰ ਰੱਤੀ ਉਪਰ ਦੀ ਆ। ਕੱਲ੍ਹ ਪੁੱਛ ਬੈਠੀ ਕਿ, 'ਬੇਟੇ! ਸੱਚੋ ਸੱਚ ਦੱਸ ਤੇਰੇ ਡੈਡੀ ਦਾ ਕਸੂਰ ਸੀ ਜਾਂ ਮੇਰਾ?' ਕੁੱਤਾ ਪਤਾ ਕੀ ਬੋਲਿਆ, 'ਮੰਮੀ ਤੁਸੀਂ ਡੈਡੀ ਨਾਲ ਕਿਉਂ ਲੜਦੇ ਸੀ? ਗਾਲ੍ਹਾਂ ਕਿਉਂ ਕੱਢਦੇ ਹੁੰਦੇ ਸੀ? ਤਾਂ ਹੀ ਮਰਗੇ ਡੈਡੀ।' ਮਰਨ ਤੋਂ ਪਹਿਲਾਂ ਪਤਾ ਨ੍ਹੀਂ ਕੀ ਕੀ ਭਰ ਗਿਆ ਮੁੰਡੇ 'ਚ।"

"ਰੂਬੀ ਛੱਡਿਆ ਵੀ ਕਰਦੇ ਆ। ਹਰ ਵੇਲੇ ਇਕੋ ਰਟ ਨਾ ਲਾਈ ਰੱਖਿਆ ਕਰ। ਤੁਰ ਜਾਣ ਵਾਲਿਆਂ ਨਾਲ ਕਾਹਦੇ ਰੋਸੇ। ਗੁੱਸੇ ਗਿਲੇ ਤਾਂ ਜਿਉਂਦਿਆਂ ਨਾਲ ਹੁੰਦੇ ਆ।"

"ਰੋਸੇ! ਰੋਸੇ ਕਿਉਂ ਨਾ ਹੋਣ। ਮੇਰੀ ਜ਼ਿੰਦਗੀ ਤਬਾਹ ਕਰਕੇ ਤੁਰ ਗਿਆ। ਮੈਨੂੰ ਕਿਸੇ ਪਾਸੇ ਜੋਗੀ ਨੀਂ ਛੱਡਕੇ ਗਿਆ।"

"ਪਰ ਉਹਨੂੰ ਕੀ ਪਤਾ ਸੀ ਉਹਦਾ ਐਕਸੀਡੈਂਟ ਹੋਜੂ।"

"ਪਤਾ ਕਿਉਂ ਨੀਂ ਸੀ? ਤਿੰਨ ਵਾਰੀ ਤਾਂ ਐਕਸੀਡੈਂਟ ਹੋ ਚੁੱਕਿਆ ਸੀ। ਮੈਂ ਨਿੱਤ ਕਹਿੰਦੀ ਸੀ ਕਿਸੇ ਦਿਨ ਤੂੰ ਸੜਕ ਤੇ ਈ ਰਹਿ ਜਾਣਾ। ਅੱਗੋਂ ਚਾਮ੍ਹਲ ਕੇ ਦੰਦੀਆਂ ਕੱਢਦਾ ਤੇ ਮੈਨੂੰ ਡਰਾਉਣ ਲਈ ਸ਼ਿਵ ਕੁਮਾਰ ਦਾ ਗੀਤ ਗਾਉਣ ਲੱਗ ਪੈਂਦਾ, "ਅਸੀਂ ਤਾਂ ਜੋਬਨ ਰੁੱਤੇ ਮਰਨਾ...." ਉਹ ਤਾਂ ਆਪਣੇ ਆਪ ਨੂੰ ਸ਼ਿਵ ਕੁਮਾਰ ਸਮਝੀ ਬੈਠਾ ਸੀ। ਦੋ ਵਾਰੀ ਪੰਦਰਾਂ ਅਗਸਤ ਨੂੰ ਦਿੱਲੀ ਦੀ ਸਟੇਜ ਤੇ ਗੀਤ ਤਾਂ ਕੀ ਗਾ ਆਇਆ ਧਰਤੀ ਤੇ ਪੈਰ ਕਿਹੜਾ ਟਿਕਦਾ ਸੀ ਉਹਦਾ।"

"ਚੱਲ ਛੱਡ ਰੂਬੀ! ਉਹ ਹੁਣ ਚਲਾ ਗਿਆ। ਕੀਹਤੇ ਗੁੱਸਾ ਕੱਢਦੀ ਐਂ?"

"ਅਜੇ ਕਿੱਥੇ ਮਰਿਆ ਮੈਨੂੰ ਮਾਰਕੇ ਮਰੂ। ਮੈਂ ਉਸਦੇ ਹੁੰਦਿਆਂ ਵੀ ਮਰਦੀ ਰਹੀ ਹਾਂ ਤੇ ਉਸਦੇ ਪਿਛੋਂ ਵੀ। ਉਹ ਨੀਂ ਮਰਿਆ, ਮਰੀ ਤਾਂ ਮੈਂ ਹਾਂ ਜਿਹੜੀ ਜਿਊਣ ਜੋਗੀ ਨੀਂ ਰਹੀ।"

ਰੂਬੀ ਦੀ ਅਖੀਰਲੀ ਗੱਲ ਨੇ ਮੈਨੂੰ ਹਿਲਾ ਕੇ ਰੱਖ ਦਿੱਤਾ। ਮੈਂ ਡੂੰਘੀ ਸੋਚ ਵਿਚ ਲਹਿ ਗਈ, 'ਸੱਚਮੁੱਚ ਮਰਨ ਵਾਲੇ ਤਾਂ ਮਰ ਜਾਂਦੇ ਆ ਪਰ ਜਿਉਂਦਾ ਉਹ ਪਿਛਲਿਆਂ ਨੂੰ ਵੀ ਨਹੀਂ ਛੱਡਦੇ।' ਰੂਬੀ ਦੀਆਂ ਗੱਲਾਂ ਭਾਵੇਂ ਤਿੱਖੀਆਂ, ਕੌੜੀਆਂ ਤੇ ਅੱਤ ਦੀਆਂ ਗਾਲ੍ਹਾਂ ਨਾਲ ਭਰੀਆਂ ਹੋਈਆਂ ਸਨ ਪਰ ਵਜ਼ਨਦਾਰ ਸਨ। ਕਿਉਂਕਿ ਉਸਦੇ ਅੰਦਰਲੇ ਸੱਚ ਤੱਕ ਕੋਈ ਨਹੀਂ ਸੀ ਪਹੁੰਚਦਾ। ਪਹਿਲਾਂ ਹੀ ਉਸਦੇ ਤਿੱਖੇ ਬੋਲਾਂ ਨਾਲ ਵਿੰਨ੍ਹਿਆ ਜਾਂਦਾ। ਉਸਨੂੰ ਜਿਵੇਂ ਸਾਰੀ ਦੁਨੀਆ ਪ੍ਰਤੀ ਰੋਸਾ ਹੈ। ਕਿਸੇ ਨੂੰ ਮਾਫ਼ ਕਰਨ ਦਾ ਸ਼ਬਦ ਉਸਦੀ ਜੁਬਾਨ ਤੇ ਨਹੀਂ ਟਿਕਦਾ। ਸ਼ਾਇਦ ਉਸਦੇ ਇਸ ਕੌੜੇ ਸੁਭਾਅ ਕਰਕੇ ਲੋਕ ਉਸਤੋਂ ਪਿੱਛੇ ਹੱਟਦੇ ਚਲੇ ਗਏ ਹਨ। ਮੈਂ ਰੂਬੀ ਬਾਰੇ ਸੋਚ ਹੀ ਰਹੀ ਸਾਂ ਕਿ ਅਚਾਨਕ ਜਿਵੇਂ ਮੇਰੇ ਸਾਹਮਣੇ ਸੈਜੀ ਆਣ ਖੜ੍ਹਾ ਹੋਵੇ....

"ਆਂਟੀ, ਬਕਵਾਸ ਕਰਦੀ ਆਂ ਇਹ ਔਰਤ! ਸਭਦਾ ਸਭ ਬਕਵਾਸ ਹੈ! ਝੂਠ ਬੋਲਦੀ ਆਂ। ਡਰਾਮਾ ਕਰਦੀ ਐ। ਇਹਨੂੰ ਪੁੱਛੋ ਕਿੰਨੀਆਂ ਗਾਲ੍ਹਾਂ ਕੱਢਦੀ ਰਹੀ ਆਂ ਮੈਨੂੰ। ਕਿੰਨੇ ਜਾਤ ਬਾਰੇ ਮਿਹਣੇ ਦਿੰਦੀ ਰਹੀ ਆਂ। ਇਹਨੂੰ ਪੁੱਛੋ ਤਾਂ ਸਹੀ, ਕਿੱਡੇ-ਕਿੱਡੇ ਮਿਹਣੇ ਮੇਰੇ ਭੈਣ ਭਰਾਵਾਂ ਤੇ ਮੇਰੇ ਮਾਂ▾▾-ਬਾਪ ਨੂੰ ਦਿੰਦੀ ਰਹੀ ਆ ਕਿੰਨਾ ਗੰਦ ਬਕਿਆ ਇਹਨੇ ਮੈਨੂੰ। ਮੇਰੀ ਥਾਂ ਕੋਈ ਹੋਰ ਹੁੰਦਾ ਤਾਂ ਇਹਦੇ ਨਾਲ ਇਕ ਦਿਨ ਨਾ ਰਹਿੰਦਾ। ਮੈਂ ਦਸ ਸਾਲ ਪਤਾ ਨਹੀਂ ਕਿਵੇਂ ਕੱਢੇ ਆ ਇਹਦੇ ਨਾਲ। ਮੇਰੇ ਘਰਦਿਆਂ ਨੂੰ ਘਰ ਆਉਣੋਂ ਰੋਕਦੀ ਰਹੀ ਆਂ। ਅਖੇ 'ਆਉਂਦੇ ਨੇ ਇਥੇ ਜਾਤ ਦਖਾਉਣ। ਮੈਨੂੰ ਕਿਤੇ ਤਾਂ ਢਕੀ ਰਹਿਣ ਦਿਉ।' ਇਨ੍ਹਾਂ ਗੱਲਾਂ ਦਾ ਏਹਨੂੰ ਪਹਿਲਾਂ ਨੀਂ ਸੀ ਪਤਾ? ਉਦੋਂ ਤਾਂ ਕਾਮਰੇਡੀ ਕਰਦੀ ਕਹਿੰਦੀ ਸੀ। ਪਿਆਰ ਦੀ ਕੋਈ ਜਾਤ ਨੀਂ ਹੁੰਦੀ ਤੇ ਹੁਣ.....?"

"ਪਰ ਸੈਜੀ ਹਰ ਗੱਲ ਦਾ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦੈ। ਕਿਸੇ ਗੱਲ ਕਰਕੇ ਹੀ ਇਹ ਇਸ ਤਰ੍ਹਾਂ ਦੀ ਕਰੂਰ ਬਣੀ ਹੋਏਗੀ? ਪਹਿਲਾਂ ਤਾਂ ਇਹਦਾ ਸੁਭਾਅ ਇਹੋ ਜਿਹਾ ਨੀਂ ਸੀ। ਮੈਂ ਛੇ ਸੱਤ

ਸਾਲ ਦੇਖਦੀ ਰਹੀ ਹਾਂ।"

"ਕਾਰਨ ਕੀ ਹੋਣਾ ਸੀ—ਸੁਆਹ ਤੇ ਖੇਹ। ਹੁਣ ਮੈਂ ਇਹਦੇ ਪਿੱਛੇ ਸ਼ਰਾਬ ਪੀਣੀ ਵੀ ਬੰਦ ਕਰ ਦਿਆਂ ? " ਦੋਸਤਾਂ ਮਿੱਤਰਾਂ ਨਾਲ ਬੈਠਣਾ ਉੱਠਣਾ ਛੱਡ ਦਿਆਂ ? ਨਾਲੇ ਇਹਦੇ ਯੂਨੀਵਰਸਿਟੀ ਵਾਲੇ ਦੋਸਤ ਮਿੱਤਰ ਵੀ ਤਾਂ ਘਰ ਆਉਂਦੇ ਆ। ਮੈਂ ਕਦੇ ਕੱਢੀਆਂ ਉਨ੍ਹਾਂ ਨੂੰ ਗਾਲ੍ਹਾਂ ?"

"ਤੂੰ ਰਾਤੀਂ ਲੇਟ ਨਾ ਆਇਆ ਕਰ ਸੈਜੀ। ਬਹੁਤੀ ਲੜਾਈ ਏਸ ਕਰਕੇ ਹੁੰਦੀ ਆ।"

"ਨਹੀਂ ਆਂਟੀ ਜੇ ਜਲਦੀ ਘਰ ਆਜਾਂ ਲੜਾਈ ਫੇਰ ਵੀ ਹੁੰਦੀ ਆ। ਫੇਰ ਕੋਈ ਨਾ ਕੋਈ ਦੋਸਤ ਘਰ ਆ ਜਾਂਦਾ। ਬੱਸ ਫਿਰ ਛਿੜ ਪੈਂਦੀ ਆ। ਰਾਤ ਨੂੰ ਜੇ ਕਦੀ ਲੇਟ ਹੋਜਾਂ ਤਾਂ ਬੂਹਾ ਨੀਂ ਖੋਲ੍ਹਦੀ। ਮੈਨੂੰ ਪਿਛਲੀ ਕੰਧ ਟੱਪਣੀ ਪੈਂਦੀ ਆ। ਜਦੋਂ ਮੇਰੀ ਕਾਰ ਗਲੀ ਦਾ ਮੋੜ ਮੁੜਦੀ ਆ ਤਾਂ ਇਹ ਝੱਟ ਆਪਣੇ ਕਮਰੇ ਦੀ ਬੱਤੀ ਬੁਝਾਕੇ ਸੁੱਤੀ ਹੋਣ ਦਾ ਡਰਾਮਾ ਕਰਦੀ ਆ। ਜੇ ਬਲਾਉਨੈਂ ਤਾਂ ਬੋਲਦੀ ਨੀਂ। ਉਲਟਾ ਮੈਨੂੰ ਗਾਲ੍ਹਾਂ ਕੱਢੇਗੀ। ਮੈਨੂੰ ਦਸੋ ਮੈਂ ਉਸ ਵੇਲੇ ਕੀ ਕਰਾਂ ? ਕੀਹਦੇ ਕੋਲ ਜਾਵਾਂ ?"

"ਸੈਜੀ, ਇਹਦਾ ਮਤਲਬ ਉਹ ਗਿਆਰਾਂ ਬਾਰਾਂ ਵਜੇ ਤੱਕ ਤੇਰੀ ਉਡੀਕ ਵਿਚ ਜਾਗਦੀ ਰਹਿੰਦੀ ਆ। ਤਾਂ ਹੀ ਤੇਰੇ ਆਉਣ ਦਾ ਉਹਨੂੰ ਪਤਾ ਲੱਗਦਾ ਹੋਏਗਾ। ਜਿਹੜੀ ਔਰਤ ਬਾਰਾਂ ਵਜੇ ਤੱਕ ਮਰਦ ਨੂੰ ਉਡੀਕਦੀ ਰਹੀ ਹੋਵੇ ਤੇ ਮਰਦ ਸ਼ਰਾਬ ਦਾ ਰੱਜਿਆ ਮਹਿਫਲਾਂ ਅਟੈਂਡ ਕਰਕੇ ਆਇਆ ਹੋਵੇ ਤੇਰਾ ਕੀ ਮਤਲਬ ਉਹ ਤੈਨੂੰ ਘਰ ਆਏ ਨੂੰ ਗਰਮ ਰੋਟੀ ਤੇ ਨਿੱਘਾ ਬਿਸਤਰਾ ਦੇਊਗੀ ? ਆਖਰ ਉਹ ਪੜ੍ਹੀ ਲਿਖੀ, ਨੌਕਰੀ ਕਰਦੀ, ਖ਼ੁੱਦਦਾਰ ਔਰਤ ਹੈ। ਕਿੰਨੀਆਂ ਡਿਗਰੀਆਂ ਨੇ ਉਹਦੇ ਕੋਲੇ ? "

"ਇਹ ਡਿਗਰੀਆਂ ਕਰਕੇ ਹੀ ਇਉਂ ਕਰਦੀ ਐ ? ਡਿਗਰੀਆਂ ਨੇ ਦਮਾਗ ਖਰਾਬ ਕੀਤਾ।"

"ਡਿਗਰੀਆਂ ਕਰਕੇ ਨੀਂ ਤੇਰੇ ਸੁਭਾਅ ਕਰਕੇ।"

"ਜੇ ਘਰ ਬੈਠਕੇ ਪੀਨੈਂ ਫੇਰ ਕਿਹੜਾ ਬਰਦਾਸ਼ਤ ਕਰਦੀ ਐ। ਗੱਲ ਗੱਲ ਤੇ ਮੇਰਾ ਮੂਡ ਖਰਾਬ ਕਰ ਦਿੰਦੀ ਆ।"

"ਸੈਜੀ, ਜੀਹਦਾ ਆਪਣਾ ਮੂਡ ਖਰਾਬ ਹੋਵੇ ਉਹ ਤੇਰਾ ਮੂਡ ਠੀਕ ਕਿਵੇਂ ਰੱਖ ਸਕਦੀ ਐ ? ਕਦੀ ਪੁੱਛਿਆ ਤੂੰ ਉਹਨੂੰ ਕਿ ਅੱਜ ਤੂੰ ਉਦਾਸ ਕਿਉਂ ਐਂ ? ਕਦੀ ਕਿਤੇ ਬਾਹਰ ਲੈ ਕੇ ਗਿਆਂ ਉਹਨੂੰ ? ਕਦੇ ਕੋਈ..... ?"

"ਪਰ ਉਹਦਾ ਮੂਡ ਤਾਂ ਕਦੇ ਵੀ ਠੀਕ ਨੀਂ ਹੁੰਦਾ, ਹਰ ਵੇਲੇ ਖਿਝੀ ਰਹਿੰਦੀ ਆ।"

"ਪਰ ਸੈਜੀ ਤੇਰੇ ਨਾਲ ਵਿਆਹ ਕਰਾਉਣ ਤੋਂ ਪਹਿਲਾਂ ਤਾਂ ਉਹ ਯੂਨੀਵਰਸਿਟੀ 'ਚ ਸਭ ਤੋਂ ਵਧੀਆ ਮੂਡ ਵਾਲੀ ਕੁੜੀ ਹੁੰਦੀ ਸੀ। ਕੈ ਵਰ੍ਹੇ ਤੂੰ ਵੀ ਇਹਦੇ ਨਾਲ ਫਿਰਦਾ ਰਿਹਾਂ, ਉਦੋਂ ਤਾਂ ਤੈਨੂੰ ਇਹਦਾ ਸੁਭਾਅ ਵੀ ਪਸੰਦ ਸੀ ਤੇ ਇਸਦੀ ਅਵਾਰਗੀ ਵਾਲੀ ਨੇਚਰ ਵੀ। ਉਦੋਂ ਤਾਂ ਤੈਨੂੰ ਵੀ ਆਮ ਕੁੜੀਆਂ ਵਰਗੀ ਕੁੜੀ ਪਸੰਦ ਨਹੀਂ ਸੀ, ਅਖੇ, 'ਆਮ ਨਾਲੋਂ ਵੱਖਰੀ ਤਰ੍ਹਾਂ ਦੀ ਕੁੜੀ ਹੋਣੀ ਚਾਹੀਦੀ ਐ। ਥੋਡਾ ਵਿਆਹ ਕਰਾਉਣ ਲਈ ਮੈਨੂੰ ਵੀ ਕਿੰਨੇ ਸੱਚ ਝੂਠ ਬੋਲਣੇ ਪਏ, ਯਾਦ ਐ ਨਾ ? ਕਿੰਨੀਆਂ ਮਿੰਨਤਾਂ ਕਰਦਾ ਹੁੰਦਾ ਸੀ ਮੇਰੀਆਂ। ਤੇ ਅੱਜ ? ਕਿਉਂ ਨੀਂ ਸਹਿੰਦੇ ਇਕ ਦੂਜੇ ਦੀਆਂ ਆਦਤਾਂ।"

ਅਚਾਨਕ ਰੂਬੀ ਨੇ ਮੇਰੇ ਮੋਢੇ ਤੇ ਹੱਥ ਧਰਦਿਆਂ ਕਿਹਾ, "ਕਿੱਥੇ ਗੁਆਚਗੇ ਮਿੰਨੀ ਆਂਟੀ ? ਵਾਪਸ ਆਓ। ਮੇਰਾ ਤਾਂ ਦੁੱਧ ਵਾਲਾ ਆਕੇ ਮੁੜ ਜਾਣਾ। ਉਠੋ !"

"ਹੁਣੇ ਹੁਣੇ ਮੈਨੂੰ ਸੈਜੀ ਮਿਲਿਆ ਸੀ। ਮੈਂ ਉਸ ਨਾਲ ਗੱਲਾਂ ਕਰ ਰਹੀ ਸਾਂ। ਗੱਲਾਂ ਨੀਂ, ਲੜ ਰਹੀ ਸਾਂ।"

"ਇਹੀ ਤਾਂ ਮੈਂ ਥੋਨੂੰ ਕਹਿ ਰਹੀ ਹਾਂ ਕਿ ਉਹ ਅਜੇ ਮਰਿਆ ਨੀਂ, ਮੈਨੂੰ ਮਾਰਕੇ ਮਰੂਗਾ।"

"ਤੂੰ ਕਿਉਂ ਮਰ ਰਹੀ ਏਂ ਰੂਬੀ, ਹੁਣ ਭੁੱਲ ਜਾਹ ਉਹਨੂੰ। ਕਿਉਂ ਚਿੰਬੜੀ ਬੈਠੀ ਏਂ ਅਤੀਤ



ਨਾਲ। ਇਕੱਲਿਆਂ ਜ਼ਿੰਦਗੀ ਨੀਂ ਕਟਦੀ ਹੁੰਦੀ। ਕੋਈ ਨਾ ਕੋਈ ਸਾਥੀ ਲੱਭ ਲੈ। ਐਡੀ ਵੱਡੀ ਦੁਨੀਆਂ 'ਚ ਕੋਈ ਤਾਂ ਹੋਊਗਾ ਜੋ ਤੈਨੂੰ ਸਮਝੂ।"

"ਹੂੰਅ ! ਅਖੇ ਲੱਭ ਲੈ ਸਾਥੀ। ਤੁਸੀਂ ਨਾ ਲਭ ਲਿਆ ? ਦਸੋ ਤਾਂ ਸਹੀ ਕੀਹਨੂੰ ਖਸਮ ਬਣਾਵਾਂ। ਕੌਣ ਕਰੇਗਾ ਪਸੰਦ ਮੈਨੂੰ ? ਕਿਉਂ ਕਰੇਗਾ ਕੋਈ ਮੇਰੇ ਨਾਲ ਵਿਆਹ ? ਉਹ ਤਾਂ ਮਰਕੇ ਵੀ ਮੇਰਾ ਖਹਿੜਾ ਨੀਂ ਛੱਡਦਾ। ਸਾਰੇ ਜੱਗ 'ਚ ਨਸ਼ਰ ਕਰ ਗਿਆ।"

"ਮੈਂ ਤਾਂ ਤੈਨੂੰ ਇਹੀ ਆਖਾਂਗੀ ਕਿ ਰੂਬੀ ਤੇਰੇ ਅੱਗੇ ਬੜੀ ਜ਼ਿੰਦਗੀ ਪਈ ਐ ਵਿਆਹ ਵਰਗਾ ਸਮਝੌਤਾ ਨਾ ਸਹੀ ਕੋਈ ਹਮਦਰਦ ਦੋਸਤ ਮਿੱਤਰ ਤਾਂ ਬਣ ਹੀ ਸਕਦੈ ? ਤੇਰੇ ਵਰਗੀਆਂ ਪੜ੍ਹੀਆਂ ਲਿਖੀਆਂ ਤੇ ਐਡਵਾਂਸ ਕੁੜੀਆਂ ਲਿਵਿੰਗ ਰੀਲੇਸ਼ਨ ਵੀ ਤਾਂ ਬਣਾ ਲੈਂਦੀਆਂ।"

"ਮੈਂ ਰੱਜੀ ਧਾਈ ਇਹੋ ਜਿਹੇ ਰੀਲੇਸ਼ਨਾਂ ਤੋਂ। ਇਹ ਵੀ ਤਾਂ ਪਹਿਲਾਂ ਦੋਸਤ ਈ ਸੀ। ਪਿਛੋਂ ਸਭ ਖਸਮ ਬਣ ਬਹਿੰਦੇ ਆ। ਕੋਈ ਦੋਸਤ ਦੂਸਤ ਨਹੀਂ ਰਹਿੰਦਾ। ਜਦੋਂ ਬਣਨ ਵਾਲਾ ਨਾ ਬਣਿਆ ਹੋਰ ਕੀਹਤੋਂ ਆਸ ਰੱਖਾਂ ?"

"ਰੂਬੀ, ਹੁਣ ਛੱਡ ਵੀ ਦੇਹ ਪਿਛਲੀਆਂ ਗੱਲਾਂ।"

"ਕਿਵੇਂ ਛੱਡਾਂ ਆਂਟੀ ਢਿੱਡ 'ਚ ਗੰਢਾਂ ਬੱਝੀਆਂ ਪਈਆਂ। ਉਹਦੇ ਨਾਲ ਵਿਆਹ ਕਰਾਉਣ ਲਈ ਮੈਂ ਕਿੱਡਾ ਵੱਡਾ ਕਦਮ ਚੁੱਕਿਆ ਸੀ ? ਪਰ ਉਸਨੂੰ ਇਸ ਗੱਲ ਦਾ ਭੋਰਾ ਭਰ ਅਹਿਸਾਸ ਨੀਂ ਸੀ। ਉਹਨੇ ਮੈਨੂੰ ਬਿਲਕੁਲ ਇਕੱਲੀ ਕਰਤਾ। ਸਭ ਨਾਲੋਂ ਤੋੜਤਾ। ਜ਼ਿੰਦਗੀ ਤਬਾਹ ਕਰਕੇ ਤੁਰ ਗਿਆ।"

"ਰੂਬੀ ਹੁਣ ਇਹ ਗੱਲਾਂ ਕਰਨ ਦਾ ਕੋਈ ਫਾਇਦਾ ? ਕਿਉਂ ਦੇਹ ਨੂੰ ਰੋਗ ਲਾਇਆ ?"

"ਰੋਗ ? ਰੋਗ ਤਾਂ ਹੁਣ ਲੱਗਣਗੇ ਹੀ ਜਦੋਂ ਵਾਲ ਵਾਲ ਤਾਂ ਕਰਜੇ 'ਚ ਵਿੰਨ੍ਹ ਕੇ ਤੁਰ ਗਿਆ। ਮੈਂ ਤਾਂ ਨਾ ਐਨਾ ਵੱਡਾ ਘਰ ਪਾਉਣਾ ਸੀ, ਨਾ ਮੁੰਡੇ ਨੂੰ ਐਨੇ ਮਹਿੰਗੇ ਸਕੂਲ 'ਚ ਪੜ੍ਹਾਉਣਾ ਸੀ। ਹੁਣ ਕਿਥੋਂ ਆਊ ਐਨਾ ਪੈਸਾ ? ਕਿਵੇਂ ਤਾਰੂੰਗੀ ਘਰ ਦੀਆਂ ਕਿਸ਼ਤਾਂ ? ਮੈਂ ਬਥੇਰਾ ਮਰਦੀ ਆਂ ਕਦੇ ਪੇਪਰ ਦੇਖਦੀ ਆਂ, ਕਦੇ ਡਿਊਟੀਆਂ ਲਗਵਾਉਣ ਭੱਜਦੀ ਆਂ। ਅੱਧੀ ਅੱਧੀ ਰਾਤ ਮੈਂ ਟਰਾਂਸਲੇਸ਼ਨ ਦਾ ਕੰਮ ਕਰਦੀਆਂ। ਫੇਰ ਵੀ......"

"ਰੂਬੀ ! ਕੰਮ ਕਰਨਾ ਚੰਗੀ ਗੱਲ ਆ, ਆਪਣੀ ਕਬੀਲਦਾਰੀ ਚਲਾਉਣ ਲਈ ਸਭ ਈ ਕਰਦੇ ਆ। ਉਹਦੇ ਹੁੰਦੇ ਤੋਂ ਵੀ ਤਾਂ ਕਰਦੀ ਸੈਂ ?"

"ਇਨ੍ਹਾਂ ਕੰਮਾਂ ਨਾਲ ਵੀ ਆਂਟੀ ਗੁਜਾਰਾ ਨੀਂ ਹੁੰਦਾ। ਕਿਹੜੇ ਪਿਉ ਅੱਗੇ ਜਾਕੇ ਹੱਥ ਅੱਡਾਂ। ਕੀ ਕਹਾਂ ਕਿ ਮੇਰਾ ਫੈਸਲਾ ਗਲਤ ਸੀ ਥੋਡੀ ਗੱਲ ਠੀਕ ਸੀ ਕਿ 'ਮਾੜੇ ਤੋਂ ਮਾੜੇ ਜੱਟ ਕੋਲ ਵੀ ਚਾਰ ਕਿਲੇ ਭੋਂ ਹੁੰਦੀ ਆ, ਵਖਤ ਪਏ ਤੋਂ ਕੰਮ ਆਉਂਦੀ ਹੈ।' ਉਹਨੇ ਤਾਂ ਨਵਾਬਜਾਦੇ ਨੇ ਚੰਗੀ ਮਾੜੀ ਨੌਕਰੀ ਵੀ ਛੱਡਤੀ ਅਖੇ ਬੌਸ ਨਾਲ ਬਣਦੀ ਨੀਂ। ਏਨਾ ਤਾਂ ਮੈਂ ਗੀਤਾਂ ਤੋਂ ਕਮਾ ਲਿਆ ਕਰਾਂਗਾ। ਕਿੱਥੇ ਗਏ ਗੀਤ। ਮੈਨੂੰ ਧਰ ਗਿਆ ਗਹਿਣੇ। ਅਖੇ ਮੈਂ ਮਾਸ ਕਮਿਊਨੀਕੇਸ਼ਨ ਦਾ ਡਿਪਲੋਮਾ ਕਰ ਲੂੰਗਾ। ਕਿਥੇ ਗਏ ਡਿਪਲੋਮੇ ?"

"ਇਹ ਤਾਂ ਮੈਂ ਵੀ ਸੋਚਦੀ ਆਂ ਰੂਬੀ। ਪਤਾ ਨੀਂ ਕਿਹੜੇ ਭਰਮ 'ਚ ਜਿਉਂਦਾ ਸੀ ਉਹ ? " ਪਲ ਦੀ ਪਲ ਮੇਰੀ ਸੋਚ ਫੇਰ ਪਿਛਾਂਹ ਪਰਤੀ।

...ਜਦੋਂ ਰੂਬੀ ਤੇ ਸੈਜੀ ਦਾ ਵਿਆਹ ਹੋਇਆ ਸੀ ਉਦੋਂ ਰੂਬੀ ਖਾਲਸਾ ਕਾਲਜ ਵਿਚ ਪਾਰਟ ਟਾਈਮ ਪੰਜਾਬੀ ਦੀ ਲੈਕਚਰਾਰ ਲੱਗੀ ਹੋਈ ਸੀ। ਤੇ ਸੈਜੀ ਪਾਰਟ ਟਾਈਮ ਪਰੂਫ ਰੀਡਰ। ਇਸਦੇ ਪਿਛੋਂ ਸੈਜੀ ਕਈ ਨਿੱਕੀਆਂ ਮੋਟੀਆਂ ਨੌਕਰੀਆਂ ਕਰਦਾ ਰਿਹਾ ਤੇ ਰੂਬੀ ਪੱਕੇ ਤੌਰ ਤੇ ਗੌਰਮਿੰਟ ਕਾਲਜ ਵਿਚ ਲੈਕਚਰਾਰ ਲੱਗ ਗਈ। ਤੇ ਸੈਜੀ ਇਕ ਸਟੇਜੀ ਗੀਤਕਾਰ ਬਣਨ ਪਿੱਛੇ ਭੱਜਦਾ ਰਿਹਾ। ਵਿਆਹ ਤੋਂ ਪੂਰੇ ਨੌਂ ਮਹੀਨੇ ਬਾਦ ਪਰਿਵਾਰ ਵਿਚ ਵਾਧਾ ਹੋ ਗਿਆ। ਲੋੜਾਂ ਹੋਰ ਵੱਧ ਗਈਆਂ। ਲੋੜਾਂ

ਦੇ ਨਾਲ ਨਾਲ ਤਲਖੀਆਂ ਵੀ। ਇਕ ਦੂਜੇ ਦੀਆਂ ਕਮਜ਼ੋਰੀਆਂ ਵੀ ਦਿਸਣ ਲੱਗੀਆਂ। ਜਿਹੜੀਆਂ ਪਹਿਲਾਂ ਪਸੰਦ ਪਿੱਛੇ ਲੁਕੀਆਂ ਹੋਈਆਂ ਸਨ, ਸਾਹਮਣੇ ਆਉਣ ਲੱਗੀਆਂ। ਲੱਗੇ ਇਕ ਦੂਜੇ ਦੇ ਮੂੰਹਾਂ ਵੱਲ ਤੱਕਣ। ਖਿਝਣ ਖਪਣ ਤੇ ਲੜਨ-ਝਗੜਨਾ। ਭੁੱਲ ਗਏ ਅਵਾਰਗੀ ਦੇ ਅਰਥ। ਭੁੱਲ ਗਈ ਜ਼ਿੰਦਗੀ ਦੀ ਤੋਰ। ਡਗਮਗਾ ਗਏ ਕਦਮ। ਜਿਹੜੀ ਅਵਾਰਗੀ ਪਹਿਲਾਂ ਵਰ ਜਾਪਦੀ ਸੀ ਸਰਾਪ ਬਣਕੇ ਚਿੰਬੜ ਗਈ। ਨਾ ਇਕ ਦੂਜੇ ਨੂੰ ਛੱਡ ਸਕਦੇ ਸਨ ਨਾ ਅਪਣਾ। ਵੱਖਰੇ ਵੱਖਰੇ ਰਾਹਾਂ ਦੇ ਪਾਂਧੀ ਬਣ ਗਏ। ਇਕ ਦੂਜੇ ਦੇ ਦੁਸ਼ਮਣ। ਲੱਗੇ ਮਨ ਮਰਜੀਆਂ ਤੇ ਧੱਕਾ ਕਰਨ। ਬੱਚਾ ਦੋਹਾਂ ਵਿਚਾਲੇ ਰੋਲਿੰਗ ਸਟੋਨ ਬਣਕੇ ਰਹਿ ਗਿਆ। ਕਦੀ ਮਾਂ ਵੱਲ ਜਾਂਦਾ ਤੇ ਕਦੀ ਪਾਪਾ ਵੱਲ।

ਕਦੀ ਕਦੀ ਰੂਬੀ ਪੁੱਤ ਦੀ ਹਾਲਤ ਵੇਖਕੇ ਤੜਪ ਉਠਦੀ। ਪਰ ਜਦੋਂ ਗੁੱਸੇ 'ਚ ਹੁੰਦੀ ਤਾਂ ਮਾਨਵ ਤੇ ਗੁੱਸਾ ਉਤਾਰਦੀ ਉਸਨੂੰ ਕੁਟਦੀ। ਉਸਨੂੰ ਦੂਜਾ ਸੈਜੀ ਕਹਿੰਦੀ। ਮਾਨਵ ਨੂੰ ਸਮਝ ਨਾ ਆਉਂਦੀ ਕਿ ਉਹ ਡੈਡੀ ਨੂੰ ਕਹੇ ਜਾਂ ਮੰਮੀ ਨੂੰ ਕਿ ਕਿਸਦਾ ਕਸੂਰ ਹੈ? ਉਹ ਤਾਂ ਸਿਰਫ਼ ਇਹੀ ਜਾਣਦਾ ਸੀ ਕਿ ਮੰਮੀ ਪਾਪਾ ਲੜਦੇ ਰਹਿੰਦੇ ਆ। ਮੰਮੀ ਜਦੋਂ ਉੱਚੀ ਬੋਲਦੇ ਆ ਤਾਂ ਪਾਪਾ ਮੰਮੀ ਤੇ ਹੱਥ ਚੁੱਕਦੇ ਆ। ਬੱਸ ਇਸ ਤੋਂ ਵੱਧ ਕੁਝ ਨਹੀਂ ਸੀ ਜਾਣਦਾ.....।'।

ਬੱਚੇ ਬਾਰੇ ਸੋਚ ਮੈਂ ਰੂਬੀ ਨੂੰ ਸਮਝਾਉਂਦੀ ਹਾਂ ਕਿ ਤੇਰੇ ਪਾਸ ਸੋਨੇ ਵਰਗਾ ਮੁੰਡਾ ਹੈ। ਰਹਿਣ ਲਈ ਘਰ ਹੈ। ਕਿਰਾਏ ਤੇ ਦੇ ਸਕਦੀ ਏਂ। ਸੜਕ ਤੇ ਤਾਂ ਨਹੀਂ ਬੈਠੀ। ਕਮਸੇਕਮ ਸੈਜੀ ਨੇ ਘਰ ਪਾਕੇ ਇਕ ਤਾਂ ਪਤੀਆਂ ਵਾਲੀ ਜ਼ਿੰਮੇਵਾਰੀ ਨਿਭਾਈ ਹੈ। ਭਾਵੇਂ ਉਸ ਵਿਚ ਉਸਨੇ ਮਨ ਮਰਜੀ ਵੀ ਕੀਤੀ ਹੈ ਫਜ਼ੂਲ ਖਰਚੀ ਵੀ। ਪਰ ਘਰ ਤਾਂ ਬਣਾਕੇ ਦੇ ਗਿਆ।ਇਹ ਠੀਕ ਐ ਉਹ ਆਮ ਲੋਕਾਂ ਵਰਗਾ ਨਹੀਂ ਸੀ, ਸੁਪਨ ਸਾਜ ਸੀ। ਵੱਖਰੀ ਤਰ੍ਹਾਂ ਜਿਉਣਾ ਚਾਹੁੰਦਾ ਸੀ। ਆਪਣੇ ਆਪ ਤੇ ਕਾਬੂ ਨੀਂ ਸੀ ਰੱਖਦਾ।

"ਹੂੰਅ! ਚਾਹੁੰਦਾ ਸੀ ਵੱਖਰੀ ਤਰ੍ਹਾਂ ਜਿਉਣਾ ਆਪਣੀ ਔਕਾਤ ਤਾਂ ਨੀਂ ਸੀ ਦਿਸਦੀ? ਛੱਪਰ ਚੋਂ ਉੱਠਕੇ ਮਹਿਲ ਵਰਗਾ ਘਰ ਜੋ ਮਿਲ ਗਿਆ ਸੀ ਰਹਿਣ ਲਈ।"

"ਅਸਲ ਵਿਚ ਜਦੋਂ ਦਾ ਉਹ ਬਾਹਰ ਜਾਕੇ ਆਇਆ ਬਿਲਕੁਲ ਬਦਲ ਗਿਆ ਸੀ। ਪਹਿਲਾਂ ਵਾਲਾ ਸੈਜੀ ਨੀਂ ਸੀ ਰਿਹਾ। ਵੱਡੀਆਂ ਵੱਡੀਆਂ ਗੱਲਾਂ ਕਰਨ ਲੱਗ ਪਿਆ ਸੀ।"

"ਇਹੀ ਤਾਂ ਮੈਂ ਕਹਿੰਨੀ ਆਂ। ਉਹਦੇ ਸੁਪਨੇ ਉਧਾਰੇ ਸੀ ਧਰਤੀ ਦੇ ਸੁਪਨੇ ਨੀਂ ਸੀ।"

"ਜਦੋਂ ਪਹਿਲੀ ਵਾਰੀ ਬਾਹਰੋਂ ਆ ਕੇ ਮੈਨੂੰ ਉਹ ਮੈਨੂੰ ਇਸ ਪਾਰਕ ਵਿਚ ਮਿਲਿਆ ਤਾਂ ਉਸਦਾ ਢਿੱਡ ਵਧਿਆ ਹੋਇਆ ਸੀ। ਮੈਂ ਉਸਦੇ ਢਿੱਡ ਤੇ ਹੱਥ ਮਾਰਦਿਆਂ ਕਿਹਾ, 'ਹੁਣ ਲਗਦੈਂ ਤੂੰ ਸਰਮਾਏਦਾਰ ਬਣ ਗਿਆਂ। ਬਾਹਰ ਜਾ ਕੇ ਆਪਣੀ ਕਲਾਸ ਚੇਂਜ ਕਰਲੀ ਲੱਗਦੀ ਆ?" ਉਹ ਖੁੱਲ੍ਹਕੇ ਹੱਸਿਆ।

"ਤੁਸਾਂ ਠੀਕ ਬੁੱਝਿਆ ਆਂਟੀ। ਮੇਰੇ ਬੜੇ ਬੜੇ ਸੁਪਨੇ ਨੇ। ਮੈਂ ਹਰ ਸਾਲ ਬਾਹਰ ਜਾਇਆ ਕਰਾਂਗਾ। ਕਦੀ ਇੰਗਲੈਂਡ, ਕਦੀ ਅਮਰੀਕਾ ਤੇ ਕਦੀ ਕੈਨੇਡਾ। ਸਾਰੇ ਮੁਲਕਾਂ ਵਿਚ ਮੇਰੇ ਦੋਸਤ ਹੋਣਗੇ। ਫੇਰ ਦੇਖਿਓ....।"

"ਮੈਂ ਕਿਹਾ ਫੇਰ ਤਾਂ ਤੂੰ ਬੜਾ ਜਗਾੜੂ ਬਣ ਗਿਐਂ। ਤੂੰ ਇਸ ਕਰਕੇ ਟੰਮੀ ਵਧਾਈ ਆ?"

"ਕੀ ਗੱਲ ਕਰਦੀਐਂ 'ਮਿੰਨੀ ਆਂਟੀ'! ਤੇਰੀ ਸੋਚ ਉੱਥੇ ਤੱਕ ਨਹੀਂ ਪਹੁੰਚ ਸਕਦੀ। ਅਸੀਂ ਆਪਣੇ ਕਲਚਰ ਵਿਚ ਸਿਮਟੇ ਬੈਠੇ ਆਂ। ਥੋਨੂੰ ਕੀ ਪਤੈ, 'ਵਰਲਡ ਕਲਚਰ' ਕੀ ਹੁੰਦੈ।" 'ਇਹ ਗੱਲ ਕਹਿਕੇ ਸੈਜੀ ਤੂੰ ਪਰੂਵ ਕਰ ਦਿੱਤਾ ਕਿ ਤੇਰੇ ਪੈਰਾਂ ਹੇਠ ਸੱਚਮੁੱਚ ਧਰਤੀ ਨਹੀਂ।"

"ਵਕਤ ਦੱਸੇਗਾ ਆਂਟੀ," ਉਸਨੇ ਛਿੱਥਾ ਪੈਂਦਿਆਂ ਕਿਹਾ ਸੀ।

"ਚੱਲ ਹੁਣ ਉਠੀਏ ਰੂਬੀ, ਕਿੰਨੀ ਧੁੱਪ ਚੜ੍ਹ ਆਈ ਆ।" ਮੈਂ ਰੂਬੀ ਨੂੰ ਮੋਢਿਓਂ ਹਲੂਣਦਿਆਂ ਕਿਹਾ। ਅਸੀਂ ਦੋਵੇਂ ਇਕ ਸਾਰ ਬੈਂਚ ਤੋਂ ਉੱਠ ਖੜ੍ਹੀਆਂ। ਰਾਹ ਵਿਚ ਚੁੱਪਚਾਪ ਤੁਰਦੀਆਂ ਗਈਆਂ।



ਮੇਰਾ ਘਰ ਉਸ ਤੋਂ ਪਹਿਲਾਂ ਆਉਂਦਾ ਸੀ। ਕਿੰਨੇ ਚਿਰ ਤੋਂ ਮੇਰੇ ਜਿਹਨ ਵਿਚ ਇਕ ਗੱਲ ਘੁੰਮ ਰਹੀ ਸੀ। ਮੈਂ ਸਾਰੇ ਰਾਹ ਰੂਬੀ ਨੂੰ ਕਹਿਣ ਕਹਿਣ ਕਰਦੀ ਰਹੀ ਸੀ। ਅਖੀਰ ਘਰ ਦਾ ਮੋੜ ਮੁੜਦਿਆਂ ਮੈਂ ਰੂਬੀ ਨੂੰ ਕਹਿ ਹੀ ਦਿੱਤਾ :

"ਰੂਬੀ ਪਤਾ ਨਹੀਂ ਕਿਉਂ ਮੈਂ ਜਦੋਂ ਵੀ ਇਸ ਪਾਰਕ ਵਿਚ ਸੈਰ ਕਰਨ ਜਾਂਦੀ ਹਾਂ ਤਾਂ ਸੈਜੀ ਜਿਵੇਂ ਮੇਰੇ ਸਾਹਮਣੇ ਆਣ ਖੜ੍ਹਦਾ। ਕਦੇ ਕਦੇ ਜਿਵੇਂ ਉਹ ਮੇਰੇ ਨਾਲ ਤੁਰ ਵੀ ਪੈਂਦਾ। ਕਦੇ ਕਦੇ ਮੈਨੂੰ ਅਗੋਂ ਆਕੇ ਰੋਕਦਾ ਕਹਿ ਦਿੰਦਾ ਹੈ, 'ਨਹੀਂ! ਆਂਟੀ ਅੱਗੇ ਨਹੀਂ ਜਾਣਾ, ਬੈਠਕੇ ਮੇਰੀ ਗੱਲ ਸੁਣੋ। ਉਹ ਪਤਾ ਨਹੀਂ ਮੇਰੇ ਨਾਲ ਕਿਹੜੀ ਗੱਲ ਕਰਨਾ ਚਾਹੁੰਦਾ ਸੀ। ਅੱਜ ਵੀ ਮੈਨੂੰ ਇਉਂ ਲਗਦਾ ਜਿਵੇਂ ਉਹ ਮੈਨੂੰ ਕੁਝ ਕਹਿਣਾ ਚਾਹੁੰਦਾ ਹੋਵੇ। ਉਹਦੀ ਰੂਹ ਅਜੇ ਵੀ ਜਿਵੇਂ ਭਟਕਦੀ ਫਿਰ ਰਹੀ ਹੋਵੇ।"

"ਆਹੋ! ਦਾਰੂ-ਦਾਰੂ ਕਰਦਾ ਹੋਊਗਾ।" ਰੂਬੀ ਨੇ ਚਿੱਥਕੇ ਕਿਹਾ।

"ਨਹੀਂ ਰੂਬੀ ਸੱਚਮੁੱਚ ਉਸਦੀ ਰੂਹ ਭਟਕ ਰਹੀ ਹੈ। ਉਹ ਜ਼ਰੂਰ ਮੈਨੂੰ ਕੁਝ ਕਹਿਣਾ ਚਾਹੁੰਦਾ ਸੀ....।"

"ਲਾਉਣੀ ਹੋਊਗੀ ਮੇਰੀ ਕੋਈ ਸ਼ਿਕਾਇਤ। ਹੋਰ ਕੀ ਕਹਿਣਾ ਚਾਹੁੰਦਾ ਸੁਆਹ ਤੇ ਖੇਹ। ਪਰ ਆਂਟੀ, ਤੁਸੀਂ ਕਦੋਂ ਤੋਂ ਇਨ੍ਹਾਂ ਸੁਪਰਸਟੀਸ਼ਨਜ਼ ਵਿਚ ਵਿਸ਼ਵਾਸ ਰੱਖਣ ਲੱਗ ਪਏ ਓਂ?"

"ਨਹੀਂ ਰੂਬੀ! ਇਹ ਉਹ ਗੱਲ ਨਹੀਂ। ਮੈਨੂੰ ਕੋਈ ਇਹੋ ਜਿਹਾ ਵਹਿਮ ਭਰਮ ਨੀਂ। ਪਰ ਮੈਨੂੰ ਲਗਦੈ ਜਿਵੇਂ ਇਹ ਗੱਲ ਮੇਰੇ ਅਚੇਤ ਵਿਚ ਠਹਿਰੀ ਹੋਈ ਐ ਕਿ ਉਹ ਮੈਨੂੰ ਕੁਝ ਦੱਸਣਾ ਜ਼ਰੂਰ ਚਾਹੁੰਦਾ ਸੀ। ਪਤਾ ਨੀਂ ਆਪਣੇ ਬਾਰੇ ਜਾਂ ਸ਼ਾਇਦ ...."

"ਕੀ ਤੁਸੀਂ ਸੋਚਦੇ ਓਂ ਉਹ ਹੁਣ ਵੀ ਥੋਨੂੰ ਕੁਝ ਕਹਿਣਾ ਚਾਹੁੰਦੈ?"

"ਹਾਂਅ! ਮੈਨੂੰ ਲਗਦਾ। ਉਹ ਮਰਨ ਤੋਂ ਪਹਿਲਾਂ ਵੀ ਮੈਨੂੰ ਕੁਝ ਕਹਿਣਾ ਚਾਹੁੰਦਾ ਸੀ ਤੇ ਮਰਨ ਤੋਂ ਪਿਛੋਂ ਵੀ।"

"ਕੀ ਕਹਿਣਾ ਚਾਹੁੰਦਾ ਹੋਏਗਾ?"

"ਇਹੀ ਕਿ ਮੈਨੂੰ ਜੂਨ ਮੁਕਤ ਕਰੋ।"

"ਜੂਨ ਮੁਕਤ?"

## ਕਾਫ਼ਿਰ/ਦੀਪਕ ਧਲੇਵਾਂ

ਉਂਝ ਤਾਂ ਕਾਫ਼ਿਰ ਸਾਂ,
ਪਰ
ਵਗਦੇ ਪਾਣੀਆਂ ਦੀ ਕਲ-ਕਲ,
ਰੁਮਕਦੀਆਂ ਪੌਣਾਂ ਤੇ ਪੱਤਿਆਂ ਦੀ ਸਰ-ਸਰ,
ਤੇ
ਤੇਰੀਆਂ ਝਾਂਜਰਾਂ ਦੀ ਛਣ-ਛਣ,
ਕਦੋਂ ਹੋਣ ਦਿੰਦੀ ਹੈ ਮੁਸਕਰ,
ਖੁਦਾ ਦੀ ਹੋਂਦ ਤੋਂ.....

## ਬੂਹੇ/ਦੀਪਕ ਧਲੇਵਾਂ

'ਤੂੰ'
ਆਪਣੇ ਮਨ ਦੇ ਬੂਹੇ ਖੋਲ੍ਹ ਕੇ ਰੱਖੀਂ,
ਮੇਰੇ ਘਰ ਦੇ.....
ਬੂਹਿਆਂ ਦੀ ਫ਼ਿਕਰ ਨਾ ਕਰ....।

# ਕੁਰੂਕਸ਼ੇਤਰ/ਗੁਰਮੀਤ ਕੜਿਆਲਵੀ

ਸਮਝ ਨਹੀਂ ਆਉਂਦੀ ਕੀ ਕਰਾਂ ਮੈਂ ?

ਹਰ ਵੇਲੇ ਡਰ ਜਿਹਾ ਕਿਉਂ ਲੱਗਦਾ। ਅੰਦਰਲਾ ਕਿਸੇ ਅਦਿੱਖ ਭੈਅ ਨਾਲ ਕੰਬਦਾ ਰਹਿੰਦਾ।

ਔਰਤਾਂ ਨੂੰ ਪੇਕਿਆਂ ਦੀ ਖਿੱਚ ਰਹਿੰਦੀ ਹੈ ਸਾਰੀ ਉਮਰ। ਮੈਨੂੰ ਵੀ ਰਹਿੰਦੀ ਸੀ। ਹਫਤਾ ਨਹੀਂ ਸੀ ਪੈਣ ਦਿੰਦੀ। ਤ੍ਰਿਆ ਹੱਠ ਵੀ ਦਿਖਾਉਣਾ ਪੈਂਦਾ ਸੀ ਕਈ ਵਾਰ। ਰੁਸਣ-ਰੁਸਾਉਣ ਦਾ ਨਾਟਕ। ਕਿਵੇਂ ਕਰਾਂ-ਮਨੀਸ਼ ਨੂੰ ਤਿਆਰ ਕਰ ਹੀ ਲੈਂਦੀ ਸਾਂ ਜਾਣ ਲਈ। ਖੁਦਾ-ਨਾ-ਖਾਸਤਾ ਬਿਜਨਸ ਦੇ ਮਾਮਲੇ 'ਚ ਮਨੀਸ਼ ਦਾ ਟਾਈਮ ਨਾ ਹੀ ਹੁੰਦਾ-ਡਰਾਈਵਰ ਨੂੰ ਲੈ ਕੇ ਆਪ ਜਾ ਆਉਂਦੀ ਸਾਂ ਪੇਕਿਆਂ ਵੱਲੇ।

ਪਰ ਹੁਣ........?

ਹੁਣ ਤਾਂ ਮਨੀਸ਼ ਮੇਰੇ ਪੇਕਿਆਂ ਵੱਲੀ ਜਾਣ ਦਾ ਨਾਂ ਵੀ ਲਵੇ, ਘਬਰਾਹਟ ਹੋਣ ਲੱਗਦੀ ਹੈ। ਸੱਤਾਂ-ਅੱਠਾਂ ਸਾਲਾਂ ਵਿੱਚ ਹੀ ਐਨਾ ਕੁਝ ਤਬਦੀਲ ਹੋ ਗਿਆ। ਕੋਈ ਚਾਅ ਹੀ ਨਹੀਂ ਚੜਦਾ ਜਾਣ ਲਈ। ਕੋਈ ਨਾ ਕੋਈ ਬਹਾਨਾ ਬਣਾ ਕੇ ਟਾਲ ਦਿੰਦੀ ਹਾਂ। ਮੰਮੀ ਨੂੰ ਮਿਲਣ ਲਈ ਤਾਂ ਉਕਾ ਹੀ ਜੀਅ ਨਹੀਂ ਕਰਦਾ। ਹਾਂ ਪਾਪਾ-ਪਾਪਾ ਨੂੰ ਜ਼ਰੂਰ ਮਿਸ ਕਰਦੀ ਰਹਿੰਦੀ ਹਾਂ। ਪਰ ਪਾਪਾ ਨੂੰ ਕੱਲੇ ਕਿਵੇਂ ਮਿਲ ਹੋਵੇ-ਪੈਰੇਂਟਸ ਵੱਲੀ ਜਾਵਾਂਗੀ ਤਾਂ ਮੰਮੀ ਵੀ ਮਿਲਣਗੇ ਹੀ....ਪਰ ਮੰਮੀ ਨੂੰ ਤਾਂ ਵੇਖਦਿਆਂ ਹੀ ਡੋਬੂ ਪੈਣ ਲੱਗਦਾ ਹੈ। ਧੜਕਣ ਜਿਵੇਂ ਰੁਕ ਗਈ ਹੋਵੇ।

ਰਿਸ਼ਤਿਆਂ ਦੀ ਉਧੇੜ-ਬੁਣ ਵਿੱਚ ਹੀ ਉਲਝੀ ਰਹਿੰਦੀ ਹਾਂ।

ਮਾਂ ਨਾਲ ਆਪਣੇ ਬਣ ਗਏ ਰਿਸ਼ਤੇ ਨੂੰ, ਨਵੇਂ ਅਰਥ ਦੇਣ ਲੱਗਦੀ ਹਾਂ।

ਇਸ ਨਵੇਂ ਰਿਸ਼ਤੇ ਦੀ ਪਰਿਭਾਸ਼ਾ ਕਿਸੇ ਸ਼ਬਦਕੋਸ਼ ਵਿਚੋਂ ਨਹੀਂ ਮਿਲਦੀ। ਜਦੋਂ ਦੇ ਸ਼ਬਦਕੋਸ਼ ਬਣੇ ਨੇ-ਉਦੋਂ ਸ਼ਾਇਦ ਅਜਿਹੇ ਰਿਸ਼ਤਿਆਂ ਦਾ ਕੋਈ ਕਨਸੈਪਟ ਹੀ ਨਹੀਂ ਸੀ।

ਇਹ ਰਿਸ਼ਤੇ ਵੀ ਕੀ ਅਜੀਬ ਸ਼ੈਅ ਨੇ ?

ਮਨੁੱਖ ਆਏ ਦਿਨ ਨਿੱਤ ਨਵੇਂ ਰਿਸ਼ਤੇ ਘੜਨੇ ਚਾਹੁੰਦਾ। ਆਦਿ ਕਾਲ ਤੋਂ ਹੀ ਮਨੁੱਖ ਦੀ ਪ੍ਰਵਿਰਤੀ ਰਹੀ ਹੈ ਇਹ। ਜੇ ਇਹ ਰੁਚੀ ਨਾ ਹੁੰਦੀ.........ਮਨੁੱਖ ਬੱਚੇ ਪੈਦਾ ਨਾ ਕਰਦਾ।

ਕੌਣ ਨਹੀਂ ਚਾਹੁੰਦਾ ਮੇਰੇ ਬੱਚੇ ਨਾ ਹੋਣ......

ਬੱਚਿਆਂ ਦੇ ਫਿਰ ਅੱਗੇ ਬੱਚੇ.........

ਤੇ ਇੰਜ ਵੰਸ਼ ਅੱਗੇ ਤੁਰਦਾ ਰਹੇ.....ਪੀੜ੍ਹੀ ਦਰ ਪੀੜ੍ਹੀ।

ਮਨੀਸ਼ ਵੀ ਤਾਂ ਚਾਹੁੰਦਾ ਹੀ ਹੋਣੈ....ਮੇਰੇ ਖੂਨ 'ਚੋਂ ਕੋਈ ਫੁੱਲ ਖਿੜੇ। ਇੰਝ ਸੋਚਦੀ ਹਾਂ ਤਾਂ ਮਨੀਸ਼ ਠੀਕ ਵੀ ਲੱਗਣ ਲੱਗਦਾ ਹੈ।

ਕਿੱਥੇ ਨਹੀਂ ਲੈ ਕੇ ਗਿਆ ਮੈਨੂੰ। ਮਹਿੰਗੇ ਤੋਂ ਮਹਿੰਗੇ ਡਾਕਟਰ ਕੋਲ। ਦੇਸੀ ਵੈਦਾਂ-ਹਕੀਮਾਂ ਦੇ। ਮੰਦਰ ਗੁਰਦੁਆਰੇ। ਜੰਗਲਾਂ, ਪਹਾੜਾਂ ਤੇ ਜੋਤਸ਼ੀਆਂ ਕੋਲ...ਬਾਬਿਆਂ ਦੇ। ਵੈਸ਼ਨੋ ਦੇਵੀ, ਗੋਪਾਲ ਮੋਚਨ, ਰਾਮ ਤੀਰਥ ਕਿਹੜੀ ਐਸੀ ਵਾਹ ਹੈ ਜੋ ਉਸਨੇ ਨਹੀਂ ਲਾਈ।

ਉਸਦੀ ਸੋਚ ਤਾਂ ਹਰ ਵੇਲੇ ਆਪਣਾ ਵਾਰਸ ਪੈਦਾ ਕਰਨ ਵਿੱਚ ਹੀ ਲੱਗੀ ਰਹਿੰਦੀ ਹੈ। ਸ਼ਾਇਦ ਦੁਨੀਆਂ ਦੇ ਹਰ ਮਰਦ ਨੂੰ ਹੀ ਆਪਣਾ ਵਾਰਸ ਚਾਹੀਦਾ ਹੋਵੇ।

ਅਕਸਰ ਸੋਚਦੀ ਹਾਂ, ਕੀ ਕੇਵਲ ਮਰਦ ਨੂੰ ਹੀ ਵਾਰਸ ਦੀ ਜ਼ਰੂਰਤ ਹੁੰਦੀ ਐ ? ਸ਼ਾਇਦ ਨਹੀਂ ਹੁੰਦੀ, ਤਾਂ ਹੀ ਤਾਂ ਮੈਂ ਕਦੇ ਨਹੀਂ ਸੁਣਿਆ, ਨਾ ਹੀ ਕਿਸੇ ਥਾਂ ਪੜ੍ਹਿਆ, ਕਿ ਔਲਾਦ ਖਾਤਰ



ਕਿਸੇ ਔਰਤ ਨੇ ਦੂਜਾ ਵਿਆਹ ਕਰਵਾ ਲਿਆ ਹੋਵੇ।

ਕਿੰਨਾ ਸਬਰ ਹੈ ਔਰਤ ਜਾਤ ਅੰਦਰ। ਧਰਤੀ ਮਾਂ ਜਿੰਨਾ.......।

ਧਰਤੀ ਮਾਂ ਉਪਰ ਕੋਈ ਮਿੱਟੀ ਦਾ ਢੇਰ ਲਾ ਦਿੰਦਾ ਹੈ-ਕੋਈ ਖੂਹ ਪੁੱਟ ਦਿੰਦਾ ਹੈ-ਵਿਚਾਰੀ ਸੀਅ ਨਹੀਂ ਕਰਦੀ।

ਬੰਦਾ ਤਾਂ ਭਰਿਆ ਘੜਾ ਹੈ। ਛੇਤੀ ਉਛਲ ਜਾਂਦਾ ਹੈ। ਇਸ ਅੰਦਰ ਤਾਂ ਸਬਰ ਹੀ ਕੋਈ ਨਹੀਂ। ਮਨੀਸ਼ ਅੰਦਰ ਵੀ ਸਬਰ ਕਿੱਥੇ ?

ਸ਼ਾਇਦ ਦੁਨੀਆਂ ਦੇ ਹਰ ਮਰਦ ਵਾਂਗ ਹੀ ਬੇਸਬਰਾ ਹੈ ਉਹ ਵੀ।

ਮੇਰੇ ਤੋਂ ਛੋਟੀ ਇੰਦੂ ਪੀ. ਐਮ. ਟੀ. ਦੀ ਕੋਚਿੰਗ ਲੈਣ ਲਈ ਆਈ ਸੀ। ਇੱਕ ਤੋਂ ਇੱਕ ਵੱਧ ਕੇ ਕੋਚਿੰਗ ਅਕੈਡਮੀਆਂ ਨੇ ਇਸ ਸ਼ਹਿਰ 'ਚ। ਮਹੀਨਾ ਭਰ ਰਹੀ ਉਹ ਮੇਰੇ ਕੋਲ। ਮੇਰੇ ਲਈ ਉਹ ਮਹੀਨਾ ਜਿਵੇਂ ਇੱਕ ਸਾਲ ਨਹੀਂ ਇੱਕ ਯੁੱਗ ਹੋ ਗਿਆ ਹੋਵੇ। ਰੱਬ-ਰੱਬ ਕਰਕੇ ਟਾਈਮ ਲੰਘਾਇਆ ਮੈਂ। ਪਛਤਾਉਂਦੀ ਰਹੀ ਕਿ ਕਿਉਂ ਇੰਦੂ ਨੂੰ ਕੋਚਿੰਗ ਲਈ ਬੁਲਾਇਆ। ਮੈਂ ਹੀ ਮੰਮੀ-ਡੈਡੀ ਨੂੰ ਫੋਨ ਕੀਤਾ ਸੀ ਕਿ ਇੰਦੂ ਨੂੰ ਇੱਥੇ ਭੇਜ ਦੇਣ। ਇੱਥੇ ਬਰਿਲੀਐਂਟ ਅਕੈਡਮੀ ਦਾ ਆਪਣਾ ਨਾਉਂ ਹੈ। ਆਏ ਸਾਲ ਉਸਦੇ ਵਿਦਿਆਰਥੀ ਆਈ. ਏ. ਐਸ. ਅਤੇ ਪੀ. ਸੀ. ਐਸ. 'ਚ ਸਲੈਕਟ ਹੁੰਦੇ ਨੇ। ਪਰ ਜਿਵੇਂ ਆਪਣੇ ਜਾਲ ਵਿੱਚ ਆਪ ਹੀ ਫਸ ਗਈ ਹੋਵਾਂ। ਅਖੇ ਆਪੇ ਫਾਥੜੀਏ ਤੈਨੂੰ ਕੌਣ ਛੁਡਾਏ। ਮਰਦਾਂ ਦਾ ਕੀ ਆ। ਤਿਲਕਣੇ ਭਾਂਡੇ ਵਰਗੇ। ਜੀਜੂ......ਜੀਜੂ....ਕਰਦੀ ਇੰਦੂ ਨਿਰੀ ਜ਼ਹਿਰ ਲੱਗਦੀ ਸੀ। ਹਿੜ ਹਿੜ ਕਰਕੇ ਮਨੀਸ਼ ਨਾਲ ਹੱਸਦੀ ਤਾਂ ਮੇਰਾ ਅੰਦਰ ਵਿਨ੍ਹਿਆ ਜਾਂਦਾ। ਕਿਸੇ ਨਾ ਕਿਸੇ ਗੱਲੋਂ ਘਰ ਵਿੱਚ ਹਾਸਾ ਮਜ਼ਾਕ ਚਲਦਾ....ਪਰ ਮੈਂ ਉਪਰੋਂ ਉਪਰੋਂ ਹੱਸਦੀ ਸਾਂ। ਕਿੰਨਾ ਡਰੀ ਪਈ ਸਾਂ ਮੈਂ ਅੰਦਰੋਂ। ਮਨੀਸ਼ ਵੀ ਵਾਧੂ ਦੀ ਰੁਚੀ ਦਿਖਾਉਂਦਾ ਸੀ ਇੰਦੂ 'ਚ। ਮਨੀਸ਼ ਜਿਹੜਾ ਪਹਿਲਾਂ ਦੇਰ ਰਾਤ ਕੰਮ ਤੋਂ ਨਹੀਂ ਸੀ ਪਰਤਦਾ, ਹੁਣ ਸ਼ਾਮ ਦੇ ਪੰਜ ਵੀ ਨਹੀਂ ਸੀ ਵੱਜਣ ਦਿੰਦਾ। ਕਈ ਵਾਰ ਤਾਂ ਕੰਮ ਤੋਂ ਛੁੱਟੀ ਵੀ ਮਾਰ ਲੈਂਦਾ ਸੀ। ਆਏ ਦਿਨ ਘਰ ਵਿੱਚ ਵਧੀਆ-ਵਧੀਆ ਫਰੂਟ, ਡਰਾਈ ਫਰੂਟਸ, ਸਵੀਟਸ ਘਰ ਆਉਣ ਲੱਗੀਆਂ ਸਨ। ਮਨੀਸ਼ ਦੀ ਘਰ ਵਿੱਚ ਵਧੀ ਰੁਚੀ ਅਤੇ ਹਾਜ਼ਰੀ ਮੇਰੇ ਦਿਮਾਗ ਵਿਚਲੇ ਕੀੜੇ ਨੂੰ ਹੋਰ ਕੁਰਬਲ-ਕੁਰਬਲ ਕਰਨ ਲਾਈ ਰੱਖਦੀ। ਇੰਦੂ ਦੀ ਹਾਜ਼ਰੀ ਘਰ ਵਿੱਚ ਅਸਹਿਣਯੋਗ ਹੋਈ ਪਈ ਸੀ। ਟੈਸਟ ਖਤਮ ਹੋਣ ਤੇ ਇੰਦੂ ਭਲੇ ਹੀ ਹੋਰ ਕੁਝ ਦਿਨਾਂ ਰਹਿਣਾ ਚਾਹੁੰਦਾ ਸੀ, ਪਰ ਮੈਂ ਤਾਂ ਜਿਵੇਂ ਅੰਦਰੇ-ਅੰਦਰ ਚਾਹੁੰਦੀ ਸਾਂ-ਉਹ ਤੁਰੰਤ ਗੱਡੀ ਫੜੇ ਤੇ ਘਰ ਵਾਪਸ ਚਲੀ ਜਾਵੇ। ਮੈਨੂੰ ਮੇਰੀ ਹੀਣ ਭਾਵਨਾ ਹੀ ਮੈਨੂੰ ਖਾਈ ਜਾਂਦੀ ਰਹੀ ਸੀ। ਮੇਰੀ ਜ਼ਮੀਨ ਅੰਦਰੋਂ ਬੀਜ ਫੁੱਟੇ ਹੁੰਦੇ ਤਾਂ ਸ਼ਾਇਦ ਮੈਂ ਇੰਨਾ ਵਹਿਮੀ ਨਾ ਹੀ ਹੁੰਦੀ।

ਇੰਦੂ ਦੇ ਮੇਰੇ ਕੋਲ ਰਹਿਣ ਦੇ ਦਿਨੀਂ ਮੈਨੂੰ ਅਜੀਬ-ਅਜੀਬ ਤਰ੍ਹਾਂ ਦੇ ਡਰਾਉਣੇ ਸੁਪਨੇ ਆਉਣ ਲੱਗੇ ਸਨ। ਅਜਿਹੇ ਹੀ ਸੁਪਨੇ ਮੈਨੂੰ ਹੁਣ ਆਉਣ ਲੱਗੇ ਹਨ। ਜਿਵੇਂ ਮੈਂ ਤੇ ਮਨੀਸ਼ ਤੁਰੇ ਜਾ ਰਹੇ ਹਾਂ....ਦੂਰ ਬਹੁਤ ਦੂਰ...ਕਿਸੇ ਸੰਘਣੇ ਜੰਗਲ ਵਿੱਚ। ਕਿਧਰੋਂ ਜਾਂਗਲੀਆਂ ਦਾ ਇੱਕ ਝੁੰਡ ਨਿਕਲ ਕੇ ਸਾਨੂੰ ਘੇਰ ਲੈਂਦਾ ਹੈ। ਮੈਂ ਪੂਰੇ ਜ਼ੋਰ ਨਾਲ ਘੁੱਟ ਕੇ ਮਨੀਸ਼ ਦਾ ਹੱਥ ਫੜ ਲੈਂਦੀ ਹਾਂ। ਜਾਂਗਲੀ ਮਨੀਸ਼ ਨੂੰ ਮੇਰੇ ਤੋਂ ਖੋਹਣ ਲੱਗਦੇ ਹਨ। ਕਿੰਨਾ ਹੀ ਚਿਰ ਜ਼ੋਰ ਅਜਮਾਈ ਹੁੰਦੀ ਰਹਿੰਦੀ, ਆਖਰ ਉਹ ਮਨੀਸ਼ ਨੂੰ ਮੇਰੇ ਤੋਂ ਖੋਹ ਕੇ ਦੂਰ ਕਿਧਰੇ ਲੈ ਜਾਂਦੇ। ਮੇਰੀ ਚੀਕ ਨਿਕਲੀ ਜਾਂਦੀ। ਤ੍ਰਬਕ ਕੇ ਉੱਠ ਖੜ੍ਹਦੀ ਤਾਂ ਵੇਖਦੀ ਹਾਂ ਸਾਰਾ ਤਨ-ਬਦਨ ਪਸੀਨੇ ਨਾਲ ਤਰ ਹੋਇਆ ਹੁੰਦਾ।

ਕਦੇ ਸੁਪਨਾ ਆਉਂਦਾ-ਮੈਂ ਤੇ ਮਨੀਸ਼ ਤੁਰੇ ਜਾ ਰਹੇ ਹਾਂ। ਇੱਕ ਸਾਧੂ ਸਾਨੂੰ ਮਿਲਦਾ ਹੈ ਜੋ ਸਾਨੂੰ ਇਸ ਦਿਸ਼ਾ ਵੱਲ ਨਾ ਜਾਣ ਦੀ ਵਰਜਣਾ ਕਰਦਾ ਹੈ। ਮਨੀਸ਼ ਅਣਸੁਣੀ ਕਰਕੇ ਮੇਰਾ ਹੱਥ ਫੜ੍ਹਕੇ ਅੱਗੇ ਹੀ ਵਧਦਾ ਤੁਰਿਆ ਜਾਂਦਾ ਹੈ। ਘਾਟੀਆਂ ਅਤੇ ਗੁਫਾਵਾਂ ਵਿੱਚ। ਕਿਸੇ ਰਾਜੇ ਦੇ ਸਿਪਾਹੀ ਸਾਨੂੰ

ਫੜ ਲੈਂਦੇ ਹਨ। ਦਰਅਸਲ ਇਹ ਕੋਈ ਰਾਜਾ ਨਹੀਂ ਕੋਈ ਦਿਉ ਹੁੰਦਾ ਹੈ। ਦਿਉ ਮਨੀਸ਼ ਨੂੰ ਆਪਣੇ ਜਾਦੂ ਨਾਲ ਤੋਤਾ ਬਣਾ ਕੇ ਪਿੰਜਰੇ ਵਿੱਚ ਵਾੜ ਦਿੰਦਾ ਹੈ ਜਿਥੇ ਅੱਗੇ ਹੀ ਅਨੇਕਾਂ ਮਨੁੱਖ ਤੋਤੇ ਬਣੇ ਕੈਦ ਹੁੰਦੇ ਹਨ। ਮੈਂ ਚੀਕਾਂ ਮਾਰਦੀ ਹੋਈ ਬਾਵਰੀ ਹੋਈ ਪਿੰਜਰੇ ਦੇ ਦੁਆਲੇ ਚੱਕਰ ਕੱਟਦੀ ਹਾਂ। ਆਖਰ ਹਫ ਕੇ ਡਿੱਗ ਪੈਂਦੀ ਹਾਂ। ਦਿਉ ਦਾ ਡਰਾਉਣਾ ਹਾਸਾ। ਵਾਤਾਵਰਣ ਦੀ ਸ਼ਾਂਤੀ ਨੂੰ ਭੰਗ ਕਰਦਾ ਹੈ। ਮੇਰੀ ਚੀਕ ਨਿਕਲ ਜਾਂਦੀ ਹੈ। ਗੂੜ੍ਹੀ ਨੀਂਦ ਸੁੱਤਾ ਮਨੀਸ਼ ਅੱਬੜਵਾਹੇ ਜਾਗ ਪੈਂਦਾ ਹੈ। ਮੇਰੇ ਸੁੱਕੇ ਬੁੱਲ ਤੇ ਖੁਸ਼ਕ ਹੋਇਆ ਗਲਾ....ਮੈਂ ਮੂੰਹੋਂ ਕੁਝ ਨਹੀਂ ਬੋਲ ਸਕਦੀ। ਕਮਲਿਆਂ ਵਾਂਗ ਮਨੀਸ਼ ਦੀ ਗੋਦੀ ’ਚ ਸਿਰ ਰੱਖ ਕੇ ਰੋਣ ਲੱਗ ਪੈਂਦੀ ਹਾਂ।

ਇੰਜ ਹਰ ਦੂਜੇ ਚੌਥੇ ਹੋਣ ਲੱਗਦਾ ਹੈ।

ਮਨੋਰੋਗਾਂ ਦਾ ਮਾਹਿਰ ਡਾ. ਕੁੰਤਲ ਆਖਦਾ ਹੈ ਕਿ ਮੇਰੇ ਅੰਦਰ ਕੋਈ ਅਦਿੱਖ ਭੈਅ ਘਰ ਕਰ ਗਿਆ। ਮੇਰੀ ਤੰਦਰੁਸਤੀ ਲਈ ਇਸ ਅੰਦਰ ਬੈਠੇ ਡਰ ਨੂੰ ਦੂਰ ਕਰਨਾ ਹੋਵੇਗਾ। ਡਾਕਟਰ ਅਨੁਸਾਰ ਮੈਂ ਆਪਣੇ ਆਪ ਨੂੰ ਘਰ ਵਿੱਚ ਸੁਰੱਖਿਅਤ ਮਹਿਸੂਸ ਨਹੀਂ ਕਰਦੀ। ਅੰਦਰਲੇ ਡਰ ਦਾ ਕਾਰਨ ਇਹੀ ਹੈ। ਮੈਨੂੰ ਬਾਹਰ ਭੇਜ ਕੇ ਡਾਕਟਰ ਕੁੰਤਲ ਤੇ ਮਨੀਸ਼ ਕਿੰਨਾ ਚਿਰ ਗੱਲਾਂ ਕਰਦੇ ਰਹਿੰਦੇ ਹਨ।

ਮਨੀਸ਼ ਮੈਨੂੰ ਸੁਰੱਖਿਅਤ ਕਰਨ ਲਈ ਆਪਣੀ ਬਹੁਤ ਸਾਰੀ ਪ੍ਰਾਪਰਟੀ ਮੇਰੇ ਨਾਂ ਲੁਆ ਚੁੱਕਾ ਹੈ। ਉਹ ਵਪਾਰ ਦੀ ਸਾਰੀ ਕਮਾਈ ਵੀ ਮੇਰੇ ਹੱਥਾਂ ਤੇ ਲਿਆ ਰੱਖਦਾ ਹੈ। ਜਿਵੇਂ ਜਿਵੇਂ ਉਹ ਮੈਨੂੰ ਜਚਾਉਣਾ ਚਾਹੁੰਦਾ ਹੈ ਕਿ ਘਰ ਵਿਚ ਸਾਰਾ ਕੁਝ ਹੀ ਤੇਰਾ ਹੈ।

ਪਰ ਮੈਨੂੰ ਹਰ ਵੇਲੇ ਹੀ ਲੱਗਾ ਰਹਿੰਦਾ ਹੈ ਕਿ ਮੇਰੇ ਕੋਲੋਂ ਤਾਂ ਸਭ ਕੁਝ ਗੁਆਚ ਰਿਹਾ ਹੈ।

ਆਪਣੇ ਅੰਦਰਲੇ ਡਰ ਬਾਰੇ ਡਾ. ਕੁੰਤਲ ਨੂੰ ਕੀ ਦੱਸਾਂ ?....ਕਿ ਮੰਮੀ ਅਤੇ ਮਨੀਸ਼ ਦੀ ਵੱਧਦੀ ਨੇੜਤਾ ਮੇਰਾ ਅੰਦਰਲਾ ਡਰ ਹੈ।

ਮਨੀਸ਼ ਜਦੋਂ ਮੰਮੀ ਆਖਦਾ ਹੈ ਸ਼ਬਦ ਜਿਵੇਂ ਉਸਦੇ ਮੂੰਹ ਅੰਦਰ ਹੀ ਦਮ ਤੋੜ ਦਿੰਦਾ ਹੈ। ਉਸਦੇ ਦੇ ਚਿਹਰੇ ਦੇ ਹਾਵ-ਭਾਵ ਬਦਲ ਜਾਂਦੇ ਹਨ।

ਮੈਨੂੰ ਮਹਿਸੂਸ ਹੋਣ ਲੱਗਾ ਜਿਵੇਂ ਮੰਮੀ ਦੇ ਮਨੀਸ਼ ਪ੍ਰਤੀ ਰਵੱਈਏ ਵਿੱਚ ਵੀ ਤਬਦੀਲੀ ਵਾਪਰ ਰਹੀ ਹੋਵੇ।

ਮੰਮੀ ਵੀ ਜਦੋਂ ਮਨੀਸ਼ ਨੂੰ ਬੁਲਾਉਂਦੀ ਹੈ ‘ਬੇਟਾ’ ਸ਼ਬਦ ਹਵਾ ਵਿੱਚ ਗੁਆਚ ਜਾਂਦਾ ਹੈ।

ਮੈਂ ਕੁਝ ਹੋਰ ਦਾ ਹੋਰ ਸੋਚਣ ਲੱਗ ਜਾਂਦੀ ਹਾਂ। ਮੈਨੂੰ ਤੇ ਮੰਮੀ ਨੂੰ ਪਹਿਲੀ ਵਾਰ ਮਿਲਣ ਵਾਲੇ ਅਕਸਰ ਭੁਲੇਖਾ ਖਾ ਜਾਂਦੇ ਨੇ। ਸਾਨੂੰ ਮਾਂਵਾਂ ਧੀਆਂ ਦੀ ਥਾਵੇਂ ਭੈਣਾਂ ਹੀ ਸਮਝ ਲੈਂਦੇ ਨੇ। ਉਂਝ ਉਹਨਾਂ ਦਾ ਇਹ ਭੁਲੇਖਾ ਖਾ ਜਾਣਾ ਸੁਭਾਵਿਕ ਵੀ ਏ। ਸਾਡੀ ਉਮਰ ਦਾ ਫਰਕ ਵੀ ਤਾਂ ਕਿੰਨਾ ਕੁ ਹੈ। ਮਹਿਜ 16-17 ਸਾਲ ਦਾ। ਮੰਮੀ ਦੇ ਆਪਣੇ ਅਨੁਸਾਰ ਉਸਦੀ ਸ਼ਾਦੀ ਦਸਵੀਂ ’ਚ ਪੜ੍ਹਦਿਆਂ ਹੀ ਹੋ ਗਈ ਸੀ, ਜਦੋਂ ਉਹ ਕੇਵਲ 16 ਸਾਲ ਦੀ ਸੀ। ਮਨੀਸ਼ ਮੇਰੇ ਤੋਂ ਛੇ ਸਾਲ ਵੱਡਾ ਹੈ। ਇਸ ਤਰ੍ਹਾਂ ਨਾਲ ਮੰਮੀ ਤੇ ਮਨੀਸ਼ ਦੀ ਉਮਰ ਦਾ ਸਿਰਫ ਦਸ ਸਾਲ ਦਾ ਅੰਤਰ ਹੈ। ਉਂਝ ਵੀ ਮੈਂ ਕਿੱਧਰੇ ਪੜ੍ਹਿਆ ਸੀ ਕਿ ਖਿਚ ਦੌਰਾਨ ਉਮਰਾਂ ਦੀ ਕੋਈ ਸੀਮਾ ਨਈਂ ਰਹਿੰਦੀ। ਮੈਨੂੰ ਤਾਂ ਜਾਪਦਾ 10 ਸਾਲਾਂ ਦਾ ਇਹ ਫਰਕ ਵੀ ਮੰਮੀ ਅਤੇ ਮਨੀਸ਼ ਦੇ ਘੜੇ ਨਵੇਂ ਰਿਸ਼ਤੇ ਨੇ ਖਤਮ ਕਰ ਦਿੱਤਾ ਹੋਵੇ।

ਅਜਿਹੇ ਗੈਰਕੁਦਰਤੀ ਰਿਸ਼ਤੇ ਘੜ੍ਹਨ ਦੀ ਬਿਮਾਰੀ ਵੀ ਬੱਸ ਸਾਡੇ ਵਰਗੇ ਅਖੌਤੀ ਕੁਲੀਨ ਲੋਕਾਂ ਵਿੱਚ ਹੀ ਹੈ। ਮੰਮੀ ਜਿਹੇ ਲੋਕ ਇਸਨੂੰ ਸਿਵਲਾਈਜ਼ਡ ਸੁਸਾਇਟੀ ਦਾ ਕਲਾਸ ਕਲਚਰ ਕਹਿਕੇ ਮਾਣ ਮਹਿਸੂਸ ਕਰਦੇ ਨੇ।

ਸਿਵਲਾਈਜ਼ਡ ਸੁਸਾਇਟੀ ਦੇ ਮੈਂਬਰ ਹੋਣ ਦੇ ਨਾਤੇ ਮੰਮੀ ਅਤੇ ਮਨੀਸ਼ ਇਸ ਨਵੇਂ ਰਿਸ਼ਤੇ



ਤੋਂ ਖੁਸ਼ ਨੇ...ਬੇਹੱਦ ਖੁਸ਼। ਮੈਂ ਕਿਉਂ ਉਦਾਸ ਹਾਂ। ਮੈਨੂੰ ਇਸ ਨਵੇਂ ਰਿਸ਼ਤੇ ਤੋਂ ਕਿਚਕਚਾਹਟ ਜਿਹੀ ਕਿਉਂ ਹੋ ਰਹੀ ਹੈ। ਮੈਂ ਹੀ ਕਿਉਂ ਅਨਸਿਵਲਾਈਜ਼ਡ ਹਾਂ। ਵਾਰ ਵਾਰ ਆਪਣੀ ਕਲਾਸਮੇਟ ਇੰਦਰਪ੍ਰੀਤ ਅਤੇ ਉਸ ਦਾ ਪਤੀ ਜਮੀਲ ਅੱਖਾਂ ਸਾਹਮਣੇ ਖੜ੍ਹਦੇ ਨੇ। ਸਾਡੇ ਵਾਂਗ ਉਹਨਾਂ ਦੇ ਵੀ ਕੋਈ ਬੱਚਾ ਨਹੀਂ ਹੋਇਆ। ਦੋਵਾਂ ਨੇ ਅਨਾਥ ਆਸ਼ਰਮ ਵਿਚੋਂ ਬੱਚਾ ਗੋਦ ਲੈ ਲਿਆ ਸੀ। ਕਿੰਨੇ ਖੁਸ਼ ਤੇ ਅਨੰਦਿਤ ਨੇ ਦੋਵੇਂ। ਜਦ ਵੀ ਉਹਨਾਂ ਨੂੰ ਮਿਲਦੀ ਹਾਂ ਤਾਂ ਸੋਚਦੀ ਹਾਂ ਕਿ ਅਸੀਂ ਵੀ ਤਾਂ ਬੱਚਾ ਅਨਾਥ ਆਸ਼ਰਮ ਵਿਚੋਂ ਗੋਦ ਲੈ ਸਕਦੇ ਸਾਂ। ਕਾਨੂੰਨੀ ਤੌਰ ਤੇ ਵੀ ਮੈਂ ਆਪਣਾ ਨਾਂ ਉਸ ਨੂੰ ਦੇ ਸਕਦੀ ਸਾਂ। ਮਾਂ ਦੇ ਖਾਨੇ ਵਿੱਚ ਮੇਰਾ ਨਾਂ ਹੀ ਤਾਂ ਭਰਿਆ ਜਾਣਾ ਸੀ ਤੇ ਪਾਪਾ ਦੇ ਖਾਨੇ ਵਿੱਚ ਮਨੀਸ਼ ਦਾ। ਫਿਰ ਮੰਮੀ ਤੇ ਮਨੀਸ਼ ਨੂੰ ਅਜਿਹਾ ਕਰਨ ਦੀ ਕੀ ਜ਼ਰੂਰਤ ਸੀ। ਸਹਿਵਨ ਮੰਮੀ ਉਸ ਦਿਨ ਨਾਲ ਸੀ, ਜਿਸ ਦਿਨ ਡਾ. ਡੇਜ਼ੀ ਨੇ ਫਾਈਨਲ ਚੈਕਅੱਪ ਬਾਅਦ......."ਨੋ ਹੋਪ...." ਕਹਿੰਦਿਆਂ ਇਨਕਾਰ ਅਤੇ ਨਿਰਾਸ਼ਾ ਵਿੱਚ ਸਿਰ ਹਿਲਾ ਦਿੱਤਾ ਸੀ। ਆਪਣੀ ਦੋ-ਢਾਈ ਸਾਲ ਦੀ ਲਗਾਤਾਰ ਕੋਸ਼ਿਸ਼ ਸਫਲ ਨਾ ਰਹਿਣ ਦਾ ਉਸਨੂੰ ਦੁੱਖ ਸੀ।

“ਯੋ ਸ਼ੁਡ ਪਰੈਫਰ ਇਨਵਾਈਟਰੋ ਫਰਟੀਲਾਈਏਜੇਸ਼ਨ....।” ਡਾ. ਡੇਜ਼ੀ ਨੇ ਮਨੀਸ਼ ਅਤੇ ਮੈਨੂੰ ਆਖਦਿਆਂ ਗਹੁ ਨਾਲ ਮੰਮੀ ਨਾਲ ਵੱਲ ਵੇਖਿਆ ਸੀ। ਸਾਰੇ ਰਾਹ ਮੈਂ ਡਾ. ਡੇਜ਼ੀ ਦੀ ਮੰਮੀ ਵੱਲ ਭੇਦ ਭਰੀ ਤੱਕਣੀ ਦੇ ਅਰਥ ਤਲਾਸ਼ਦੀ ਰਹੀ ਸੀ।

ਅਤੇ ਇਸ ਤੱਕਣੀ ਦੇ ਅਰਥ ਛੇਤੀ ਹੀ ਪਤਾ ਲੱਗ ਗਏ ਸਨ। ਇਸਨੂੰ ਅਰਥ ਦੇਣ ਵਿੱਚ ਮੰਮੀ ਦੀ ਸਹੇਲੀ ਡੀ. ਏ., ਵੀ ਗਰਲਜ਼ ਕਾਲਜ ਦੀ ਪ੍ਰਿੰਸੀਪਲ ਵਿਭਾ ਨੇ ਆਪਣਾ ਯੋਗਦਾਨ ਪਾਇਆ ਸੀ। ਬੜੀ ਬੋਲਡ ਲੇਡੀ ਹੈ। ਕਿਸੇ ਨਾ ਕਿਸੇ ਮਾਮਲੇ ਕਰਕੇ ਚਰਚਿਤ ਰਹਿੰਦੀ ਹੈ। ਚਰਚਾ ’ਚ ਰਹਿਣਾ ਉਸਨੂੰ ਚੰਗਾ ਲੱਗਦਾ ਹੈ।

“ਯੂ ਸ਼ੁਡ ਯੂਜ਼ ਯੂਅਰ ਮਦਰ” ਮੈਡਮ ਵਿਭਾ ਨੇ ਬੜੀ ਹੀ ਸਹਿਜਤਾ ਨਾਲ ਮੈਨੂੰ ਕਿਹਾ ਸੀ। ਮੈਂ, ਮਨੀਸ਼ ਅਤੇ ਮੰਮੀ ਰਾਤ ਦੇ ਖਾਣੇ ਤੇ ਉਧਰ ਗਏ ਸਾਂ। ਮੇਰੀ ਸਮਝ ਵਿੱਚ ਕੁਝ ਨਹੀਂ ਸੀ ਆਇਆ।

“ਯੈਸ਼ ਯੂਅਰ ਮਦਰ ਕੈਨ ਡੂ ਇਟ.....ਸਟਿਲ ਸ਼ੀਅ ਇਜ਼ ਯੰਗ।” ਇੱਕ ਭੇਦਭਰੀ ਤੱਕਣੀ ਉਹ ਮੰਮੀ ਦੇ ਪੂਰੇ ਸਰੀਰ ਤੇ ਸੁੱਟਦੀ ਹੈ। ਮੈਂ ਮਨੀਸ਼ ਦੀਆਂ ਨਜ਼ਰਾਂ ਮੰਮੀ ਦੇ ਸਰੀਰ ਵੱਲ, ਖਾਸ ਕਰ ਛਾਤੀ ਉਪਰ ਘੁੰਮਦੀਆਂ ਵੇਖ ਮੈਨੂੰ ਸ਼ਰਮ ਅਤੇ ਕੋਫਤ ਮਹਿਸੂਸ ਹੁੰਦੀ ਹੈ। ਮੈਨੂੰ ਅਜੇ ਵੀ ਮੈਡਮ ਵਿਭਾ ਦੀ ਸਮਝ ਨਹੀਂ ਆਈ ਸੀ ਕਿ ਉਹ ਕੀ ਕਹਿਣਾ ਚਾਹੁੰਦੀ ਹੈ-ਬੱਸ ਇੰਨਾ ਹੀ ਸਮਝਦੀ ਸਾਂ ਕਿ ਗੱਲ ਕੁਝ ਅਵੱਲੀ ਹੋ ਰਹੀ ਹੈ। ਇਖਲਾਕ ਅਤੇ ਪਰੰਪਰਾ ਤੋਂ ਬਾਹਰੀ। ਸਾਡਾ ਕੁਲੀਨ ਵਰਗ ਵੀ ਅਜੀਬ ਹੈ। ਅਜਿਹੀਆਂ ਗੱਲਾਂ ਕਰਨ ਲਈ ਅੰਗਰੇਜ਼ੀ ਦਾ ਸਹਾਰਾ ਲੈਂਦਾ ਹੈ। ਸ਼ਾਇਦ ਅਜਿਹੀਆਂ ਗੱਲਾਂ ਮਾਂ ਬੋਲੀ ’ਚ ਹੋ ਹੀ ਨਾ ਸਕਦੀਆਂ ਹੋਣ ?

“ਆਂਟੀ....ਵਿਮਲ ਨੂੰ ਮੈਂ ਆਪੇ ਸਮਝਾ ਦਿਆਂਗਾ ਸਾਰਾ ਕੁਝ।” ਮੈਂ ਕਿੰਨੇ ਹੀ ਦਿਨ ਮੈਡਮ ਵਿਭਾ ਦੀਆਂ ਗੱਲਾਂ ਦੇ ਇਧਰਲੇ ਉਧਰਲੇ ਅਰਥ ਘੜ੍ਹਦੀ ਰਹੀ। ਉਸ ਦਿਨ ਤੱਕ, ਜਦੋਂ ਤੱਕ ਮਨੀਸ਼ ਨੇ ਢੁੱਕਵਾਂ ਮੌਕਾ ਦੇਖ ਕੇ ਮੈਨੂੰ ਸਮਝਾ ਨਹੀਂ ਸੀ ਦਿੱਤਾ।

“..........ਵਿਮ। ਪ੍ਰਿੰਸੀਪਲ ਆਂਟੀ ਤੋਂ ਬਾਅਦ ਮੈਂ ਅਤੇ ਮੰਮਾ ਨੇ, ਡਾ. ਡੇਜ਼ੀ ਨਾਲ ਵੀ ਡਿਸਕਸ ਕੀਤਾ ਸੀ। ਯੂ ਨੋਅ ਡਾ. ਡੇਜ਼ੀ ਕਦੇ ਗਲਤ ਗਾਈਡ ਨਹੀਂ ਕਰਦੇ। ਉਹਨਾਂ ਮੰਮੀ ਦਾ ਚੈੱਕ ਅੱਪ ਵੀ ਕਰ ਲਿਆ ਸੀ। ਐਵਰੀਥਿੰਗ ਇਜ਼ ਓਕੇ। ਵੇ ਕੈਨ ਸੋਲਵ ਆਵਰ ਪਰਾਬਲਮ ਐਜ਼ ਏ ਸੈਰੋਗੇਟ ਮਦਰ। ਅਸੀਂ ਆਪਣੇ ਬੱਚੇ ਦੇ ਜਨਮ ਲਈ ਮੰਮਾ ਦੀ ਕੁੱਖ ਵਰਤ ਸਕਦੇ ਹਾਂ। ਵੇ ਕੰਨ ਗਿਵ ਅਸ ਬੇਬੀ।”

ਨਾਈਟ ਬਲਬ ਦੇ ਲਾਲ ਚਾਨਣ ਵਿੱਚ ਵੀ ਮਨੀਸ਼ ਦਾ ਚਿਹਰਾ ਸਫੈਦ ਸੀ। ਭਰ ਸਰਦੀ ਵਿੱਚ ਵੀ ਪਸੀਨੇ ਦੀਆਂ ਬੂੰਦਾਂ ਚਿਹਰੇ ਤੇ ਚਮਕ ਰਹੀਆਂ ਸਨ।

"........ਇਫ ਯੂ ਡੋਂਟ ਮਾਈਂਡ......ਵੀ ਕੈਨ....... ?"

"ਜਦੋਂ ਤੈਨੂੰ ਕੋਈ ਇਤਰਾਜ਼ ਨਹੀਂ.....ਮੰਮਾ ਨੂੰ ਕੋਈ ਇਤਰਾਜ ਨਹੀਂ.....ਮੇਰੇ ਮਾਈਂਡ ਕਰਨ ਜਾਂ ਨਾ ਕਰਨ ਨਾਲ ਕੀ ਫਰਕ ਪੈਂਦਾ ? ਫਿਰ ਤੁਸੀਂ ਇਰਾਦਾ ਤਾਂ ਬਣਾਈ ਬੈਠੇ ਓਂ.....।" ਮੈਂ ਬੜੇ ਸ਼ਾਂਤਚਿਤ ਹੋ ਕੇ ਉੱਤਰ ਦਿੱਤਾ ਸੀ.....ਪਰ ਅੰਦਰੋਂ ਸ਼ਾਂਤ ਰਹੀ ਨਹੀਂ ਸਾਂ।

ਫਿਰ ਮਨੀਸ਼ ਕਿੰਨਾ ਹੀ ਚਿਰ ਹੱਸਦਾ ਰਿਹਾ......ਆਰਟੀਫਿਸ਼ੀਅਲ ਤਰੀਕੇ ਨਾਲ ਕਿਵੇਂ ਉਸਦਾ ਸੀਮੈਨ ਮੰਮੀ ਦੀ ਕੁਖ ਵਿੱਚ ਟਿਕਾਇਆ ਜਾਵੇਗਾ। ਮੰਮੀ ਦੀ ਕੁਖ ਵਿਚੋਂ ਪੈਦਾ ਹੋਣ ਵਾਲਾ ਬੱਚਾ ਉਹਨਾਂ ਦਾ ਆਪਣਾ ਖੂਨ ਹੋਵੇਗਾ। ਇਸ ਬੱਚੇ ਨਾਲ ਸਾਂਝ ਬਣੇਗੀ, ਉਹ ਕਿਸੇ ਅਨਾਥ ਆਸ਼ਰਮ ਤੋਂ ਗੋਦ ਲਏ ਬੱਚੇ ਨਾਲ ਕਿਵੇਂ ਬਣ ਸਕਦੀ ਹੈ ?....ਤੇ ਹੁਣ ਜਦੋਂ ਮੰਮੀ ਦੀ ਕੁੱਖ ਵਿੱਚ ਮਨੀਸ਼ ਦਾ ਆਪਣਾ ਖੂਨ ਪਲ ਰਿਹਾ ਹੈ.....ਮੈਨੂੰ ਜਾਪਦਾ ਹੈ, ਮੇਰੇ ਕੋਲੋਂ ਤਾਂ ਸਾਰੇ ਰਿਸ਼ਤੇ ਗੁਆਚ ਰਹੇ ਨੇ।

ਮੈਂ ਉਖੜੀ ਉਖੜੀ ਰਹਿਣ ਲੱਗੀ ਹਾਂ। ਖਾਲੀ-ਖਾਲੀ।

ਮਨੀਸ਼ ਅੱਜ ਕਲ੍ਹ ਭਰਿਆ ਭਰਿਆ ਮਹਿਸੂਸ ਕਰਦਾ ਹੈ।

ਪ੍ਰਿੰਸੀਪਲ ਮੈਡਮ ਵਿਭਾ ਵੀ ਅੱਜਕਲ੍ਹ ਫਿਰ ਜ਼ੋਰਦਾਰ ਚਰਚਾ ਵਿੱਚ ਹੈ। ਉਸ ਦੀ ਕਾਲਿਆਂ ਸ਼ੀਸ਼ਿਆਂ ਵਾਲੀ ਪਜ਼ੈਰੋ ਗੱਡੀ ਦੀ ਪਿਛਲੀ ਸਾਟ ਉਪਰ ਉਸ ਨਾਲ, ਉਸਤੋਂ 20 ਸਾਲ ਵੱਡਾ ਉਸਦਾ ਇੱਕ ਵਿਦਿਆਰਥੀ ਬੈਠਦਾ ਹੈ।

ਪ੍ਰਿਸੀਪਲ ਵਿਭਾ ਮੰਮੀ ਦੀ ਤਾਰੀਫ ਕਰਦੇ ਨੇ, ਤੁਸੀਂ ਬੱਚਿਆਂ ਦੀ ਖੁਸ਼ੀ ਖਾਤਰ ਸੈਕਰੀਫਾਈਸ ਕਰ ਰਹੇ ਹੋ। ਦਿਸ ਇਜ਼ ਦਾ ਗ੍ਰੇਟ ਕੰਟਰੀਬਿਊਸ਼ਨ ਫਾਰ ਆਵਰ ਸੁਸਾਇਟੀ।"

ਮੈਂ ਇਸ ਵਰਗ ਦੇ ਖੋਖਲੇਪਨ 'ਤੇ ਅੰਦਰੋਂ ਹੱਸ ਪੈਂਦੀ ਹਾਂ। ਇਸ ਵਰਗ ਲਈ ਕੁਰਬਾਨੀ ਦੇ ਵੀ ਆਪਣੇ ਹੀ ਮਾਇਨੇ ਨੇ। ਮੇਰਾ ਜੀਅ ਕਰਦਾ ਹੈ ਮੈਡਮ ਪ੍ਰਿੰਸੀਪਲ ਨੂੰ ਆਖਾਂ ਕਿ ਆਪਣੇ ਸਟੂਡੈਂਟ ਨੂੰ ਗੱਡੀ 'ਤੇ ਝੂਟੇ ਦੁਆ ਕੇ ਕੁਰਬਾਨੀ ਤਾਂ ਤੁਸੀਂ ਵੀ ਬਹੁਤ ਵੱਡੀ ਕਰ ਰਹੇ ਹੋ।

"ਸ਼ੀਅ ਇਜ਼ ਰੀਅਲੀ ਗ੍ਰੇਟ ਵੋਮੈਨ। ਸ਼ੀਅ ਬਹੇਵਜ਼ ਲਾਈਕ ਏ ਫਰੈਂਡ...ਨਾਟ ਲਾਈਕ ਏ ਮਦਰ-ਇਨ-ਲਾਅ।" ਮਨੀਸ਼ ਅਕਸਰ ਮੰਮੀ ਦੀ ਤਾਰੀਫ ਵਿੱਚ ਕਹਿੰਦਾ ਹੈ। ਮੈਨੂੰ ਕੋਫਤ ਹੋਣ ਲੱਗਦੀ ਹੈ ਉਸਦੇ ਇਹਨਾਂ ਸ਼ਬਦਾਂ 'ਤੇ। ਮਨੀਸ਼ ਦੇ ਚਿਹਰੇ 'ਤੇ ਪਰਤ ਬਨਾਉਟੀ ਜਿਹੀ ਜਾਪਦੀ ਹੈ ਜਿਵੇਂ ਅਦਾਕਾਰੀ ਕਰ ਰਿਹਾ ਹੋਵੇ।

ਮੰਮਾ ਵੀ ਪ੍ਰਿੰਸੀਪਲ ਵਿਭਾ ਦੀ ਅਕਸਰ ਤਾਰੀਫ ਕਰਦੇ ਨੇ, "ਗਰੇਟ ਲੇਡੀ....ਸਾਰੇ ਸਮਾਜ ਨੂੰ ਨੋਕ ਉਤੇ ਰੱਖਦੀ ਏ......ਆਪਣੇ ਢੰਗ ਨਾਲ ਜ਼ਿੰਦਗੀ ਜਿਉਂਦੀ ਹੈ। ਆਪਣਾ ਰਸਤਾ ਆਪ ਚੁਣਦੀ ਹੈ।"

ਪ੍ਰਿੰਸੀਪਲ ਵਿਭਾ ਆਪਣੇ ਨਵੇਂ ਰਸਤੇ ਬਾਰੇ ਅਕਸਰ ਕਹਿੰਦੀ ਵੀ ਹੈ: "ਸਦੀਆਂ ਤੋਂ ਆਦਮੀ ਔਰਤ ਨੂੰ ਯੂਜ਼ ਕਰਦਾ ਆ ਰਿਹਾ..ਹਾਉ ਵੀ ਆਰ ਯੂਜਿੰਗ ਏ ਮੈਨ।" ਉਹ ਵਿਆਹ ਸੰਸਥਾ ਦਾ ਵੀ ਮਜਾਕ ਉਡਾਉਂਦੀ ਹੈ। ਅਕਸਰ ਆਖਦੀ ਹੈ, "ਬੱਚੇ ਦੀ ਲੋੜ ਮਹਿਸੂਸ ਹੋਈ ਸੀਮੈਨ ਬੈਂਕ ਤੋਂ ਸੀਮੈਨ ਇੰਜੈਕਟ ਕਰਵਾ ਕੇ ਬੱਚਾ ਪੈਦਾ ਕਰ ਲਵਾਂਗੀ...ਇਸ ਲਈ ਵਿਆਹ ਕਰਵਾ ਕੇ ਸਾਰੀ ਉਮਰ ਦੀ ਗੁਲਾਮੀ ਸਹੇੜਨ ਦਾ ਕੀ ਅਰਥ।"

ਆਪਣੀ ਹਾਲਤ ਸੰਬੰਧੀ ਅਨੁਕਰਿਣਕਾ ਨੂੰ ਫੋਨ ਕਰਦੀ ਹਾਂ, "ਤੂੰ ਅਜੇ ਵੀ ਅਠਾਰਵੀਂ ਸਦੀ ਵਿੱਚ ਜੀਅ ਰਹੀ ਏਂ। ਦੁਨੀਆਂ ਕਿੱਥੇ ਦੀ ਕਿੱਥੇ ਚਲੀ ਗਈ ਹੈ ?" ਉਸਦਾ ਜੁਆਬ ਸੁਣ ਕੇ ਸੁੰਨ ਰਹਿ ਜਾਂਦੀ ਹਾਂ। ਇਹ ਉਹੀ ਅਨੁਕਰਣਿਕਾ ਬੋਲ ਰਹੀ ਸੀ ਜੋ ਕਾਲਜ ਵਿੱਚ ਮੋਹਰੀ ਸਟੂਡੈਂਟ ਲੀਡਰ



ਹੁੰਦੀ ਸੀ ਅਤੇ ਔਰਤ ਦੀ ਆਜ਼ਾਦੀ ਦੀ ਆਲੰਬਰਦਾਰ। ਔਰਤ ਦੀ ਆਜ਼ਾਦੀ ਦੀਆਂ ਵੱਡੀਆਂ ਵੱਡੀਆਂ ਗੱਲਾਂ ਕਰਨ ਵਾਲੀ।

ਮਨੀਸ਼ ਹਰ ਵੇਲੇ ਘਰ ਵਿੱਚ ਨਵੇਂ ਆਉਣ ਵਾਲੇ ਜੀਅ ਦੀਆਂ ਗੱਲਾਂ ਕਰਦਾ ਰਹਿੰਦਾ ਹੈ।

ਮੈਨੂੰ ਪਲ ਪਲ ਆਪਣੀ ਹੋਂਦ ਮਨਫੀ ਹੁੰਦੀ ਜਾਪਦੀ ਹੈ।

ਮੈਂ ਆਉਣ ਵਾਲੇ ਬੱਚੇ ਨਾਲ ਆਪਣੇ ਰਿਸ਼ਤੇ ਬਾਰੇ ਸੋਚਦੀ ਹਾਂ।

ਫਿਰ ਮਨੀਸ਼ ਅਤੇ ਮੰਮੀ ਦੇ ਬਣੇ ਨਵੇਂ ਰਿਸ਼ਤੇ ਬਾਰੇ।

ਮੰਮੀ ਅਤੇ ਆਪਣੇ ਬਣੇ ਨਵੇਂ ਰਿਸ਼ਤੇ ਬਾਰੇ।

ਅੱਜ ਕਲ੍ਹ ਮੈਨੂੰ ਅਜੀਬ ਤਰ੍ਹਾਂ ਦੇ ਫਿੱਟ ਪੈਣ ਲੱਗੇ ਹਨ। ਜੀਭ ਤਾਲੂਏ ਨਾਲ ਜਾ ਲੱਗਦੀ ਹੈ। ਅੱਖਾਂ ਬਾਹਰ ਨੂੰ ਆ ਜਾਂਦੀਆਂ ਹਨ। ਕਿੰਨਾ ਚਿਰ ਬੇਹੋਸ਼ ਰਹਿੰਦੀ ਹਾਂ...ਬੇਹੋਸ਼ੀ ਵਿੱਚ ਹੀ ਬੜਬੜਾਉਂਦੀ ਰਹਿੰਦੀ ਹਾਂ। ਸੁਣਨ ਵਾਲੇ ਹੀ ਦੱਸਦੇ ਨੇ ਕਿ ਕੁਰੂਕਸ਼ੇਤਰ-ਕੁਰੂਕਸ਼ੇਤਰ ਆਖਦੀ ਹਾਂ। ਡਾ. ਕੁੰਤਲ ਨੇ ਮੈਨੂੰ ਡੀ. ਐਮ. ਸੀ. ਦੇ ਮਾਹਿਰ ਮਨੋਰੋਗੀ ਡਾ. ਵਿਸ਼ਿਸ਼ਟ ਨੂੰ ਦਿਖਾਉਣ ਲਈ ਕਿਹਾ ਹੈ।

ਮੈਂ ਹਾਂ ਕਿ..ਕਿਵੇਂ ਸਮਝਾਵਾਂ ਸਾਰਿਆਂ ਨੂੰ........ਕਿ ਮੈਨੂੰ ਕਿਸੇ ਡਾਕਟਰ ਨੂੰ ਦਿਖਾਉਣ ਦੀ ਲੋੜ ਨਹੀਂ........।

## ਗ਼ਜ਼ਲ/ਉਲਫ਼ਤ ਬਾਜਵਾ

ਨਾ ਕੋਈ ਹਮਸਫ਼ਰ ਅਪਣਾ ਨਾ ਕੋਈ ਕਾਫ਼ਿਲਾ ਅਪਣਾ।
ਦਿਲਾ ਲੈ ਚਲ ਜਿਧਰ ਮਰਜ਼ੀ ਏ ਤੂੰ ਏਂ ਰਹਿਨੁਮਾ ਅਪਣਾ।

ਇਹ ਪੰਡਿਤ ਮੌਲਵੀ ਭਾਈ ਕੁਰਾਹੇ ਪਾ ਨਹੀਂ ਸਕਦੇ,
ਮੈਂ ਕਾਫ਼ਿਰ ਹਾਂ ਤੇ ਖ਼ੁਦ ਹੀ ਜਾਣਦਾ ਹਾਂ ਰਾਸਤਾ ਅਪਣਾ।

ਕਦੇ ਨਜ਼ਰਾਂ ਮਿਲਾਉਂਦਾ ਏ ਕਦੇ ਨਜ਼ਰਾਂ ਚੁਰਾਉਂਦਾ ਏ,
ਨਾ ਦਿਲਬਰ ਬੇਵਫ਼ਾ ਅਪਣਾ ਨਾ ਦਿਲਬਰ ਬਾਵਫ਼ਾ ਅਪਣਾ।

ਕਿਸੇ ਬੰਦੇ ਦੀ ਬਾਂਹ ਫੜ ਕੇ ਹੀ ਭਵਜਲ ਪਾਰ ਕਰ ਲਈਏ,
ਕਿ ਬੇੜਾ ਪਾਰ ਲਾ ਸਕਦਾ ਨਹੀਂ ਫ਼ਰਜ਼ੀ ਖ਼ੁਦਾ ਅਪਣਾ।

ਬਚੇ ਅੱਤਵਾਦ ਤੋਂ ਜੇਕਰ ਤਾਂ ਫਿਰ ਸਰਕਾਰ ਮਾਰੇਗੀ,
ਹਕੀਕਤਗੋ ਹਾਂ ਇਸ ਕਰਕੇ ਨਹੀਂ ਦਿਸਦਾ ਬਚਾ ਅਪਣਾ।

ਇਬਾਦਤ ਖ਼ਾਨਿਆਂ 'ਚੋਂ ਰੱਬ ਨਾ ਮਿਲਿਆ ਹੈ ਨਾ ਮਿਲਣਾ ਹੈ,
ਗਵਾਈ ਜਾ ਰਹੇ ਨੇ ਵਕਤ ਲੋਕੀਂ ਕਿਉਂ ਭਲਾ ਅਪਣਾ।

ਪਰੇ ਰਹਿ ਯਾਰਮਾਰਾਂ ਤੋਂ ਨਾ ਕਰ ਇਹਨਾਂ ਦਾ ਸੰਗ 'ਉਲਫ਼ਤ',
ਕਿ ਫੁੱਲਾਂ ਵਿੱਚ ਲੁਕੇ ਕੰਡਿਆਂ ਤੋਂ ਤੂੰ ਦਾਮਨ ਬਚਾ ਅਪਣਾ।

# ਗੁਰਮੀਤ ਵੜੈਚ ਮੇਰਾ ਸਾਲਾ ਸੀ/ਜਸਵੀਰ ਸਿੰਘ ਰਾਣਾ

ਮੈਂ ਉਸ ਨੂੰ ਪਹਿਲੀ ਵਾਰ ਉਸ ਦਿਨ ਵੇਖਿਆ, ਜਿਸ ਦਿਨ ਉਹ ਮੈਨੂੰ ਵੇਖਣ ਆਇਆ ਸੀ।

ਮੁੰਡਾ ਕਿਵੇਂ ਵੇਖੀਂਦਾ, ਇਹ ਨਾ ਉਸ ਨੂੰ ਪਤਾ ਸੀ ਨਾ ਮੈਨੂੰ!

ਮੈਂ ਜਿਉਂ ਹੀ ਕਾਲਜ ਤੋਂ ਪਰਤਿਆ, ਵਿਹੜੇ ਵਿੱਚ ਪੈਰ ਧਰਦਿਆਂ ਹੀ ਮੇਰੀ ਤੋਰ ਮੱਠੀ ਪੈ ਗਈ। ਸਾਹਮਣੀ ਬੈਠਕ ਵਿਚ ਮਾਂ ਕੋਲ ਦੋ ਉਪਰੇ ਜਿਹੇ ਬੰਦੇ ਬੈਠੇ ਸਨ। ਹੌਲੀ ਹੌਲੀ ਤੁਰਦਾ ਮੈਂ ਜਿਉਂ ਹੀ ਬੈਠਕ ਵਿੱਚ ਵੜਿਆ, ਮਾਂ ਕੋਲ ਮੰਜੇ 'ਤੇ ਬੈਠੇ ਬੰਦੇ ਨੇ ਮੈਨੂੰ 'ਰਾਣਾ' ਕਹਿ ਕੇ ਬੁਲਾਇਆ। ਮੈਂ ਉਹਨੂੰ ਸਾਸਰੀ ਕਾਲ ਬੁਲਾ ਕੇ ਸੋਚੀਂ ਪੈ ਗਿਆ। ਇਹ ਕੌਣ ਸੀ? ਮਾਂ ਕਹਿੰਦੀ, "ਇਹ ਰਾਮਗੜ ਆਲਾ ਜਗਰੂਪ ਐ....!"

"ਇਹ ਗੁਰਮੀਤ ਐ!....ਅਮਲੋਹ ਤੋਂ....!" ਜਗਰੂਪ ਸ਼ਾਇਦ ਇੰਝ ਹੀ ਬੋਲਿਆ ਸੀ।

ਪੱਕਾ ਯਾਦ ਨਹੀਂ। ਉਹਦੀ ਗੱਲ ਸੁਣ ਮੈਂ ਬੈਠਕ ਦੇ ਖੂੰਜੇ ਵੱਲ ਨੂੰ ਝਾਕਿਆ। ਲੱਕੜ ਦੀ ਕੁਰਸੀ 'ਤੇ ਗੁਰਮੀਤ ਬੈਠਾ ਸੀ। ਮੈਂ ਉਸ ਨੂੰ ਵੀ ਸਾਸਰੀ-ਕਾਲ ਬੁਲਾਈ। ਉਹਨੇ ਮੇਰੇ ਨਾਲ ਹੱਥ ਮਿਲਾਇਆ। ਮੈਂ ਹੱਥ ਮਿਲਾ ਕੇ ਤੁਰਨ ਹੀ ਲੱਗਾ ਸੀ, ਮਾਂ ਕਹਿੰਦੀ, "ਬਹਿ ਜਾ!...ਇਹ ਤੈਨੂੰ ਈ ਮਿਲਣ ਆਏ ਨੇ...।"

ਮੈਂ ਮੰਜੇ 'ਤੇ ਬਹਿ ਕੇ ਖੂੰਜੇ ਵਿੱਚ ਬੈਠੇ ਉਸ ਬੰਦੇ ਵੱਲ ਵੇਖਿਆ, ਜਿਸ ਦਾ ਨਾਂ ਗੁਰਮੀਤ ਸੀ।

ਉਹ ਵੀ ਮੇਰੇ ਵਾਂਗ ਬੈਠਾ ਸੀ। ਸੰਗਦਾ-ਸੰਗਦਾ ਜਿਹਾ। ਕਦੀ ਨੀਵੀਂ ਪਾ ਲੈਂਦਾ। ਕਦੀ ਉਤਾਂਹ ਵੇਖ ਲੈਂਦਾ। ਜਦੋਂ ਗੱਲ ਤੁਰਦੀ, ਉਹ ਅੱਖ ਬਚਾ ਕੇ ਮੇਰੇ ਵੱਲ ਵੇਖ ਲੈਂਦਾ। ਉਸ ਵੱਲ ਵੇਖ ਮੈਂ ਮਹਿਸੂਸ ਕੀਤਾ ਕਿ ਉਹ ਤਾਂ ਬਿਲਕੁਲ ਮੇਰੇ ਵਰਗਾ ਸੀ। ਸਾਊ। ਸੰਗਾਊ। ਤੇ ਚੁੱਪ ਚੁੱਪ ਜਿਹਾ।

ਉਹਨੇ ਮੈਥੋਂ ਬਹੁਤਾ ਕੁਝ ਨਹੀਂ ਪੁੱਛਿਆ ਸੀ। ਮਸਾਂ ਪੜ੍ਹਾਈ ਲਿਖਾਈ ਜਾਂ ਕਾਲਜ ਬਾਰੇ ਰਸਮੀ ਜਿਹੀਆਂ ਗੱਲਾਂ ਕੀਤੀਆਂ। ਸ਼ਾਇਦ ਬਾਕੀ ਗੱਲਾਂ ਮੇਰੇ ਆਉਣ ਤੋਂ ਪਹਿਲਾਂ ਹੋ ਗਈਆਂ ਸਨ ਜਾਂ ਜਗਰੂਪ ਨੇ ਦੱਸ ਦਿੱਤੀਆਂ ਸਨ। ਥੋੜ੍ਹਾ ਜਿਹਾ ਚਿਰ ਬੈਠ ਕੇ ਉਹ ਚਲੇ ਗਏ ਸਨ। ਉਨ੍ਹਾਂ ਦੇ ਜਾਣ ਪਿੱਛੋਂ ਪਤਾ ਲੱਗਿਆ, ਉਹ ਮੈਨੂੰ 'ਵੇਖਣ' ਆਏ ਸਨ।

"ਮੈਂ ਤਾਂ ਅਜੇ ਵਿਆਹ ਈ ਨੀ ਕਰਾਉਣਾ!...ਮੈਂ ਤਾਂ ਪੜ੍ਹਨੈ...!!" ਰਿਸ਼ਤੇ ਦੀ ਗੱਲ ਸੁਣ ਮੈਨੂੰ ਕੋਈ ਡਰ ਜਿਹਾ ਚਿੰਬੜ ਗਿਆ ਸੀ।

ਡਰ ਤੋਂ ਵੀ ਬਹੁਤੀ ਸੰਗ ਵਿੱਚ ਡੁੱਬ ਗਿਆ ਸੀ। ਸੰਗਦੀਆਂ ਤਾਂ ਕੁੜੀਆਂ ਹੁੰਦੀਆਂ ਨੇ। ਮੈਨੂੰ ਤਾਂ ਇਹ ਵੀ ਨਹੀਂ ਪਤਾ ਸੀ। ਸਿਰਫ ਐਨਾ ਪਤਾ ਸੀ ਕਿ ਮੈਂ ਅਜੇ ਵਿਆਹ ਨਹੀਂ ਕਰਵਾਉਣਾ। ਅੱਗੇ ਪੜ੍ਹਨਾ ਹੈ। ਉਂਝ ਕਮਾਲ ਦੀ ਗੱਲ ਇਹ ਕਿ ਮੈਨੂੰ ਇਹ ਵੀ ਨਹੀਂ ਪਤਾ ਸੀ ਕਿ ਅੱਗੇ ਪੜ੍ਹਨਾ ਕੀ ਹੈ! ਗੁਰਮੀਤ ਐਸੀ ਸਧਾਰਨ ਬੁੱਧੀਵਾਲੇ ਮੁੰਡੇ ਨੂੰ ਪਸੰਦ ਕਰ ਗਿਆ। ਸ਼ਾਇਦ ਇਸੇ ਲਈ ਉਹ ਮੈਨੂੰ ਸਭ ਤੋਂ ਵੱਧ ਪਸੰਦ ਸੀ।

ਉਹਦੀ ਪਸੰਦ ਸਭ ਦੀ ਪਸੰਦ ਸੀ। ਉਹਦੀ ਕੀਤੀ ਨੂੰ ਵੱਢਣ ਵਾਲਾ ਕੋਈ ਨਹੀਂ ਸੀ।

ਪਰ ਉਂਝ ਬਾਕੀ ਬੰਦੇ ਮੈਨੂੰ ਵੇਖਣਾ ਚਾਹੁੰਦੇ ਸਨ। ਗੁਰਮੀਤ ਨੂੰ ਇਹ ਵੀ ਪਸੰਦ ਨਹੀਂ ਸੀ। ਸ਼ਾਇਦ ਇਸ ਲਈ ਹੀ ਉਹ ਉਸ ਦਿਨ ਬਾਕੀਆਂ ਨਾਲ ਨਹੀਂ ਆਇਆ ਜਿਸ ਦਿਨ ਮੈਨੂੰ ਦੁਬਾਰਾ ਚੋਰੀ ਚੋਰੀ ਵੇਖਿਆ ਗਿਆ।

ਮੈਂ ਅਜੇ ਕਾਲਜ ਗਿਆ ਹੀ ਸੀ। ਅਜੇ ਹੱਥ ਮਿਲਾਈ ਹੀ ਹੋ ਰਹੀ ਸੀ। ਇਕ ਮੁੰਡਾ ਮੈਨੂੰ



ਆ ਕੇ ਕਹਿੰਦਾ, "ਤੈਨੂੰ ਕੋਈ ਬੰਦੇ ਮਿਲਣ ਆਏ ਨੇ...!"

"ਕੌਣ ਨੇ...?" ਮੈਂ ਪੁੱਛਣ ਹੀ ਲੱਗਾ ਸੀ ਕਿ ਸਾਹਮਣੇ ਖੜ੍ਹਾ ਜਗਰੂਪ ਦਿੱਸ ਪਿਆ।

ਉਸ ਵੱਲ ਵੇਖਦਾ ਹੋਇਆ ਮੈਂ ਲਾਇਬ੍ਰੇਰੀ ਦੀ ਵੱਖੀ ਵਾਲੇ ਪਾਸੇ ਖੜ੍ਹਾ ਸੀ। ਉਥੇ ਨਾਲ ਦੇ ਕਮਰੇ ਵਿੱਚ ਸਾਡਾ ਹਿਸਟਰੀ ਦਾ ਪਹਿਲਾ ਪੀਰਡ ਲੱਗਣਾ ਸੀ।

ਉਹ ਛੱਡ ਮੈਂ ਜਗਰੂਪ ਕੋਲ ਜਾ ਰਿਹਾ। ਹੱਥ ਮਿਲਾਇਆ। ਸਾਸਰੀ ਕਾਲ ਹੋਈ। ਉਹ ਹੱਥ-ਪੈਰ ਜਿਹੇ ਮਲ੍ਹਦਾ ਮੈਨੂੰ ਪਰ੍ਹਾ ਸਾਇਕਲ-ਸਟੈਂਡ ਵੱਲ ਨੂੰ ਲੈ ਗਿਆ। ਉਥੇ ਲੰਘਣ ਲਈ ਗੱਡੇ ਲੋਹੇ ਦੇ ਗਾਡਰਾਂ ਕੋਲ ਲਾਲ ਰੰਗ ਦੀ ਮਾਰੂਤੀ ਕਾਰ ਖੜ੍ਹੀ ਸੀ। ਉਹਦੇ ਪਿਛਲੇ ਸ਼ੀਸ਼ੇ 'ਤੇ 'ਵੜੈਚ' ਲਿਖਿਆ ਹੋਇਆ ਸੀ।

"ਇਹ ਤੇਰਾ ਛੋਟਾ ਸਾਲਾ ਦੀਪ ਐ!...ਆਜਾ ਬੈਠ ਚੱਲਦੇ ਆਂ...।" ਉਨ੍ਹਾਂ ਨਾਲ ਕਾਰ ਵਿਚ ਬੈਠਦਾ ਹੋਇਆ ਮੈਂ ਐਨਾ ਹੀ ਪੁੱਛ ਸਕਿਆ, "ਕਿੱਧਰ ਨੂੰ...?"

"ਓਏ ਚਾਹ ਚੂਅ ਪੀਨੇ ਆਂ!....ਪਟਿਆਲਾ ਗੇਟ!..ਹੋਰ ਸੁਣਾ ਫੇਰ...।!!" ਮੈਨੂੰ ਜਗਰੂਪ ਦੀਆਂ ਗੱਲਾਂ ਦੀ ਸਮਝ ਨਹੀਂ ਆ ਰਹੀ ਸੀ।

"ਐਥੇ ਕੋਈ ਹੋਟਲ-ਹੂਟਲ ਕਿਹੜਾ ਵਧੀਆ?..ਹੈਂਅ...!!" ਪਟਿਆਲਾ ਗੇਟ ਚੱਲਦੀ ਕਾਰ ਵਿਚ ਜਦੋਂ ਉਹ ਮੈਨੂੰ ਪੁੱਛ ਰਿਹਾ ਸੀ।

"ਬੱਸ ਐਥੇ ਕੁ ਇਕ ਹੈਗਾ!...ਥੋੜ੍ਹਾ ਜਿਹਾ ਗਾਹਾਂ!...ਔਹ ਤੀ...!!" ਭਾਟੀਆ ਵੀਡੀਓ ਪਾਰਲਰ ਕੋਲ ਖੁੱਲ੍ਹੇ ਇਕ ਨਵੇਂ ਹੋਟਲ ਵੱਲ ਵੇਖਦਾ ਹੋਇਆ ਮੈਂ ਫਸੀ ਗੁਟਾਰ ਵਾਂਗ ਝਾਕ ਰਿਹਾ ਸੀ।

ਅੰਦਰ ਚਾਹ ਪੀਂਦੇ ਵਕਤ ਉਹ ਮੇਰੇ ਵੱਲ ਗਹੁ ਨਾਲ ਝਾਕ ਰਹੇ ਸਨ।

ਸ਼ਾਇਦ ਪਰ੍ਹਾਂ ਇਕ ਮੇਜ਼ ਦੁਆਲੇ ਲੱਗੀਆਂ ਕੁਰਸੀਆਂ 'ਤੇ ਕੁਝ ਔਰਤਾਂ ਵੀ ਬੈਠੀਆਂ ਸਨ।

ਉਹ ਤਾਂ ਮੈਨੂੰ ਕਈ ਦਿਨ ਬਾਅਦ ਪਤਾ ਲੱਗਿਆ, ਜਦੋਂ ਮਾਂ ਨੇ ਦੱਸਿਆ। ਕਹਿੰਦੀ, "ਨਾ ਤੈਂ ਆਲੇ ਦੁਆਲੇ ਨੀ ਦੇਖਿਆ।..ਜਾਹ ਪਰ੍ਹੇ ਸਿੱਧਰਾ ਈ ਰਿਹਾ.....!"

ਮੈਨੂੰ ਤਾਂ ਇਹ ਸੀ ਕਿ ਉਹ ਮੈਨੂੰ ਚਾਹ ਪਿਲਾ ਕੇ ਵਾਪਿਸ ਕਾਲਜ ਉਤਾਰ ਕੇ ਚਲੇ ਗਏ ਸਨ।

ਪਰ ਅਸਲ ਵਿਚ ਜਗਰੂਪ ਮੇਰੀ ਸੱਸ, ਰਾਜੂ ਦੀ ਮਾਸੀ ਦੀ ਕੁੜੀ ਤੇ ਹੋਰ ਰਿਸ਼ਤੇਦਾਰ ਔਰਤਾਂ ਨੂੰ 'ਮੁੰਡਾ ਵਿਖਾਉਣ' ਲਈ ਚੋਰੀ ਚੋਰੀ ਨਾਭੇ ਲੈ ਕੇ ਆਇਆ ਸੀ।

ਮੈਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਹਰ ਆਇਆ ਸ਼ਖ਼ਸ ਗੁਰਮੀਤ ਦੀ ਪਸੰਦ ਉਪਰ ਮੋਹਰ ਲਾ ਵਾਪਿਸ ਪਰਤ ਗਿਆ ਸੀ।

1988 ਵਿਚ ਮੇਰੀ 'ਰੋਕ' ਹੋ ਗਈ। ਉਸ ਤੋਂ ਬਾਅਦ ਛੇ ਸਾਲ ਤੱਕ ਮੈਂ 'ਮੰਗਿਆ' ਰਿਹਾ। 26 ਨਵੰਬਰ, 1995 ਵਿੱਚ ਮੇਰਾ ਵਿਆਹ ਹੋਇਆ। ਇਸ ਲੰਬੇ ਅਰਸੇ ਦੌਰਾਨ ਗੁਰਮੀਤ ਮੈਨੂੰ ਗਿਣਵੀਂ ਵਾਰ ਹੀ ਮਿਲਿਆ। ਪਰ ਜਿੰਨੀ ਵਾਰ ਵੀ ਮਿਲਿਆ, ਗਹਿ-ਗੱਚ ਹੋ ਕੇ ਮਿਲਿਆ। ਉਸ ਤਰ੍ਹਾਂ, ਜਿਸ ਤਰ੍ਹਾਂ ਉਹ ਜ਼ਿੰਦਗੀ ਨੂੰ ਗਹਿ-ਗੱਚ ਹੋ ਕੇ ਜਿਉਣਾ ਚਾਹੁੰਦਾ ਸੀ।

ਉਹਦੀ ਇਸ ਚਾਹਤ ਦੀ ਪਹਿਲੀ ਝਲਕ ਮੈਂ ਉਸ ਵਕਤ ਵੇਖੀ, ਜਿਸ ਵਕਤ ਮੇਰੇ ਬਾਜ਼ੀ ਦੀ ਲੱਤ ਟੁੱਟੀ ਸੀ।

ਅਸੀਂ ਬਾਜ਼ੀ ਨੂੰ ਮਾਲੇਰਕੋਟਲੇ 'ਪਹਿਲਵਾਨ ਹਸਪਤਾਲ' ਵਿੱਚ ਦਾਖਲ ਕਰਵਾ ਦਿੱਤਾ। ਆਂਢੀ-ਗੁਆਂਢੀ ਖ਼ਬਰ ਲੈਣ ਆਉਂਦੇ। ਮੈਂ ਤੇ ਮਾਂ ਸਵੇਰੇ ਸ਼ਾਮ ਸਕੂਟਰ 'ਤੇ ਰੋਟੀ ਪਾਣੀ, ਕੱਪੜਾ-ਲੀੜਾ ਢੋਂਹਦੇ। ਸਮੱਸਿਆ ਉਥੇ ਹਸਪਤਾਲ ਵਿਚ ਬਾਜ਼ੀ ਕੋਲ ਰਹਿਣ ਦੀ ਸੀ। ਦਿਨ ਰਾਤ ਕੌਣ

ਰਹਿੰਦਾ ? ਇਸ ਕੰਮ ਲਈ ਸਭ ਤੋਂ ਪਹਿਲਾਂ ਬੱਗਾ ਮਾਮਾ ਨਿੱਤਰਿਆ। ਫਿਰ ਉਸ ਨਾਲ ਗੁਰਮੀਤ ਆ ਰਲਿਆ। ਉਹ ਖ਼ਬਰ ਲੈਣ ਆਇਆ ਸੀ। ਪਰ ਉਥੇ ਹੀ ਰਹਿ ਗਿਆ। ਉਹਦਾ ਬੱਗੇ ਮਾਮੇ ਨਾਲ ਜੁੱਟ ਰਲ ਗਿਆ ਸੀ। ਲੱਤ 'ਤੇ ਪਲੱਸਤਰ ਲਵਾਈਂ ਪਿਆ ਬਾਜ਼ੀ ਜਿਸ ਵਕਤ ਸ਼ਰਾਬ ਦੀ ਮੰਗ ਕਰਦਾ, ਉਹ ਲਿਆ ਦਿੰਦੇ। ਨਾਲੇ ਆਪ ਪੀ ਲੈਂਦੇ। ਜਿਸ ਦਿਨ ਮੈਂ ਉਥੇ ਰਹਿੰਦਾ, ਉਨ੍ਹਾਂ ਦੀ ਪੀਤੀ ਹੋਈ ਸ਼ਰਾਬ ਚੁਗਲੀ ਖਾ ਜਾਂਦੀ। ਮੈਨੂੰ ਬਾਅਦ ਵਿੱਚ ਸਮਝ ਆਈ। ਉਹ ਮਸਤ ਮੌਲਾ ਬੰਦੇ ਸਨ। ਜਿੱਥੇ ਉਨ੍ਹਾਂ ਅੰਦਰ ਰਿਸ਼ਤੇਦਾਰੀ ਦਾ ਦੁੱਖ-ਸੁੱਖ ਕਟਾਉਣ ਦੀ ਪ੍ਰਵਿਰਤੀ ਸੀ, ਉਥੇ ਜ਼ਿੰਦਗੀ ਨੂੰ ਰੰਗੀਨ ਅੱਖਾਂ ਨਾਲ ਜਿਉਣ ਦੀ ਚਾਹਤ ਵੀ ਸੀ।

ਇਕ ਦਿਨ ਅਸੀਂ ਸ਼ਾਮ ਨੂੰ ਮਾਲੇਰਕੋਟਲੇ ਬਜ਼ਾਰ ਵਿਚ ਤੁਰੇ ਜਾ ਰਹੇ ਸਾਂ। ਬੱਗੇ ਮਾਮੇ ਤੇ ਗੁਰਮੀਤ ਨੇ ਪੀਤੀ ਹੋਈ ਸੀ। ਬੱਗਾ ਮਾਮਾ ਹੋਸ਼ ਵਿਚ ਸੀ। ਪਰ ਗੁਰਮੀਤ ਵਿਚ ਦੀ ਕਮਲ ਜਿਹਾ ਕੁੱਟ ਜਾਂਦਾ। ਜਦੋਂ ਅਸੀਂ ਕਮਲ ਸਿਨਮੇ ਕੋਲ ਦੀ ਲੰਘਣ ਲੱਗੇ, ਫਿਲਮਾਂ ਦੇ ਪੋਸਟਰ ਵੇਖ ਕੇ ਤੁਰਿਆ ਜਾਂਦਾ ਗੁਰਮੀਤ ਰੁਕ ਗਿਆ। ਕੋਈ 'ਏ-ਸਰਟੀਫਿਕੇਟ' ਵਾਲੀ ਫਿਲਮ ਸੀ। ਪੋਸਟਰਾਂ ਵੱਲ ਵੇਖ ਕੇ ਗੁਰਮੀਤ ਕਹਿੰਦਾ, "ਯਾਰ-ਆਹ ਫਿਲਮ..ਵੀ ਦੇਖਣੀ...ਤੀ....!!"

ਉਹਦੀ ਗੱਲ ਸੁਣ ਮੈਂ ਅਸ਼ਲੀਲ ਪੋਸਟਰਾਂ ਵੱਲ ਨਜ਼ਰ ਮਾਰੀ। ਮੈਨੂੰ ਸੰਗ ਲੱਗਣ ਲੱਗ ਪਈ।

ਉਧਰ ਗੱਲ ਕਰਦਾ-ਕਰਦਾ ਗੁਰਮੀਤ ਵੀ ਗੱਲ ਨੂੰ ਵਿਚ ਹੀ ਇਕੱਠੀ ਜਿਹੀ ਕਰ ਗਿਆ।

ਜਿਉਂ ਹੀ ਮੈਂ ਉਸ ਵੱਲ ਝਾਕਿਆ, ਉਹ ਸੰਗ ਨਾਲ ਦੂਹਰਾ-ਤੀਹਰਾ ਹੁੰਦਾ ਹੋਇਆ ਪਰ੍ਹਾਂ ਨੂੰ ਝਾਕ ਰਿਹਾ ਸੀ, "ਚਲੋ...ਚਲੋ...ਹਸਪਤਾਲ ਚੱਲੀਏ...!"

ਉਹ ਰਿਸ਼ਤਿਆਂ ਦੀ ਮਰਿਆਦਾ ਤੇ ਅੱਖ ਦੀ ਸ਼ਰਮ ਵਿਚ ਰਹਿਣ ਵਾਲਾ ਬੰਦਾ ਸੀ।

ਇੱਜ਼ਤ, ਗੈਰਤ, ਖੁਦਾਰੀ ਤੇ ਇਮਾਨਦਾਰੀ ਉਸ ਦੀਆਂ ਮਨਪਸੰਦ ਸ਼ੈਆਂ ਸਨ।

ਪਰ ਉਸ ਵਿਚ ਇਕ ਨੁਕਸ ਵੀ ਸੀ।

ਸ਼ਰਾਬ!

ਬੀਜੀ ਦੱਸਦੀ ਕਿ ਪਹਿਲਾਂ ਉਹ ਹੱਥ ਤੱਕ ਨਹੀਂ ਲਾਉਂਦਾ ਸੀ। ਪਰ ਜ਼ਿੰਦਗੀ ਨਾਲ ਦਸਤਪੰਜਾ ਲੈਂਦਾ ਐਸਾ ਸ਼ਰਾਬ ਦੀ ਹੱਥੀ ਚੜ੍ਹਿਆ ਕਿ ਮੁੜ ਉੱਤਰਿਆ ਹੀ ਨਹੀਂ।

ਉਹਦੀ ਮੌਤ ਨਾਲ ਹੀ ਬੋਤਲ ਮੁੱਕੀ ਸੀ।

"ਬੱਸ ਹੋਣਾ ਕੀ ਸੀ।...ਦਿਲ ਦੀ ਧੜਕਣ ਬੰਦ ਹੋ ਗਈ...!"

"ਪਤਾ ਨੀ ਨਸ਼ੇ ਦੀਆਂ ਗੋਲੀਆਂ ਨਾਲ ਸ਼ਰਾਬ ਰਿਐਕਸ਼ਨ ਕਰ ਗਈ...!!"

"ਨਹੀਂ, ਕੱਲ੍ਹ ਨੂੰ ਤਰੀਕ ਸੀ।...ਕਹਿੰਦੇ ਕਿਸੇ ਨੇ ਉਹਨੂੰ ਕਹਿਤਾ ਕਿ ਕੱਲ੍ਹ ਨੂੰ ਥੋਡੇ ਸਾਰੇ ਟੱਬਰ ਨੂੰ ਸਜ਼ਾ ਹੋ ਜਾਣੀ ਐ।..ਦਿਲ ਨੂੰ ਲਾ ਗਿਆ ਸਹੁਰਾ...!!"

"ਆਹੋ ਜੀ!....ਟੈਨਸ਼ਨ ਕਿਤੇ ਛੱਡਦੀ ਐ ਬੰਦੇ ਨੂੰ...!!"

ਉਹਦੀ ਅਚਾਨਕ ਹੋਈ ਮੌਤ ਉਪਰ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਸਨ।

ਪਰ ਕਿਸੇ ਨੂੰ ਕੀ ਪਤਾ ਕਿ ਉਹਦੇ ਨਾਲ ਕੀ-ਕੀ ਨਹੀਂ ਹੋਇਆ ਸੀ।

ਜਦੋਂ ਉਹ ਛੋਟਾ ਜਿਹਾ ਸੀ, ਮਾਂ-ਬਾਪ ਦੀਆਂ ਅੱਖਾਂ ਦਾ ਤਾਰਾ ਸੀ। ਪਰ ਜਦੋਂ ਵੱਡਾ ਹੋਇਆ, ਉਸ ਉੱਪਰ ਸੁਰਜੀਤ ਪਾਤਰ ਦਾ ਸ਼ੇਅਰ ਢੁੱਕਣ ਲੱਗ ਪਿਆ :

ਮੈਂ ਉਨ੍ਹਾਂ ਲੋਕਾਂ 'ਚੋਂ ਹਾਂ ਜੋ ਸਦਾ ਸਫਰ 'ਚ ਰਹੇ
ਅਸਾਡੇ ਸਿਰ 'ਤੇ ਸਦਾ ਤਾਰਿਆਂ ਦਾ ਥਾਲ਼ ਰਿਹਾ
ਤੇਰੇ ਵਿਯੋਗ ਨੂੰ ਕਿੰਨਾ ਮੇਰਾ ਖਿਆਲ ਰਿਹਾ



ਕਿ ਸਾਰੀ ਉਮਰ ਹੀ ਲੱਗਿਆ ਕਲੇਜੇ ਨਾਲ ਰਿਹਾ!

ਸਿਰਫ਼ ਗੁਰਮੀਤ ਹੀ ਨਹੀਂ, ਤਿੰਨੇ ਜੁਆਕ ਸੁੱਚਾ ਸਿਉਂ ਦੇ ਕਲੇਜੇ ਦੇ ਟੁਕੜੇ ਸਨ। ਉਹ ਐਸਾ ਬਾਪ ਸੀ ਜਿਹੜਾ ਬੱਚਿਆਂ ਲਈ ਤਾਰੇ ਤੋੜ ਕੇ ਲਿਆ ਸਕਦਾ ਸੀ। ਪਰ ਅਫਸੋਸ! ਉਹ ਖੁਦ ਹੀ ਆਸਮਾਨ ਦਾ ਤਾਰਾ ਬਣ ਗਿਆ। ਜ਼ਿੰਦਗੀ ਦੀ ਸਿਖਰ ਦੁਪਹਿਰ ਵਿਚ ਸਭ ਨੂੰ ਇਕੱਲਾ ਛੱਡ ਗਿਆ। ਉਹ ਪਹਿਲਾਂ ਫੌਜ ਵਿਚ ਸੀ। ਫਿਰ ਪੈਨਸ਼ਨ ਆ ਪੀ. ਡਬਲਿਊ. ਡੀ. ਮਹਿਕਮੇ ਵਿਚ ਨੌਕਰੀ ਕਰ ਲਈ। ਉਹ ਡਰਾਇਵਰ ਦੀ ਪੋਸਟ 'ਤੇ ਸੀ। ਪਰ ਇਕ ਸ਼ਾਮ ਇਕ ਟਰੱਕ ਉਨ੍ਹਾਂ ਦੇ ਸਾਇਕਲ ਨੂੰ ਫੇਟ ਮਾਰ ਗਿਆ। ਡੇਰਾ ਬਾਸੀ ਦੀ ਸੜਕ ਖੂਨ ਨਾਲ ਲਾਲ ਹੋ ਗਈ ਸੀ। ਪਤੀ ਦੀ ਮੌਤ ਨਾਲ ਜਿੱਥੇ ਬੀਜੀ ਲਈ ਘੁੱਪ ਹਨੇਰਾ ਹੋ ਗਿਆ, ਉਥੇ ਪਾਪਾ ਦੀ ਮੌਤ ਪਿੱਛੋਂ ਸਭ ਤੋਂ ਵੱਡੀ ਠੱਗੀ ਗੁਰਮੀਤ ਨਾਲ ਵੱਜੀ ਸੀ।

ਜਿਸ ਵਕਤ ਪਾਪਾ ਦੀ ਮੌਤ ਹੋਈ, ਉਸ ਵਕਤ ਤਿੰਨੇ ਜੁਆਕ ਨਾਬਾਲਗ ਸਨ। ਸਭ ਤੋਂ ਵੱਡਾ ਗੁਰਮੀਤ ਸੀ। ਪਾਪਾ ਦੀ ਥਾਂ ਨੌਕਰੀ ਲਈ ਸਭ ਤੋਂ ਪਹਿਲਾਂ ਹੱਕ ਉਹਦਾ ਬਣਦਾ ਸੀ। ਪਰ ਸ਼ਰੀਕਾਂ ਲਾਈ ਲੀਕ ਪੁੱਜੀ ਜਿੱਥੋਂ ਤੀਕ। ਮੇਰੇ ਸਹੁਰਿਆਂ ਦਾ ਪਿੱਛਾ ਵੜੈਚਾਂ ਪਿੰਡ ਹੈ। ਉਥੇ ਮੇਰੀ ਪਤਨੀ ਰਾਜੂ ਦੇ ਚਾਚੇ-ਤਾਇਆਂ ਦਾ ਐਨਾ ਵੱਡਾ ਪਰਿਵਾਰ ਹੈ ਕਿ ਵਿਆਹ ਤੋਂ ਚੌਦਾਂ ਸਾਲ ਬਾਅਦ ਵੀ ਮੈਂ ਸਭ ਨੂੰ ਚੰਗੀ ਤਰ੍ਹਾਂ ਪਛਾਣ ਨਹੀਂ ਸਕਦਾ। ਉਸ ਵਕਤ ਉਥੇ ਸਭ ਤੋਂ ਵੱਡੀ ਉਮਰ ਦਾ ਮੁੰਡਾ ਮਾਨਾ ਸੀ। ਮਾਨ ਸਿੰਘ। ਰਾਜੂ ਦੇ ਤਾਏ ਦਾ ਮੁੰਡਾ। ਮੇਰੀ ਲਾਚਾਰ ਤੇ ਬੇਵੱਸ ਬੀਜੀ ਉਪਰ ਸਭ ਦਾ ਜ਼ੋਰ ਭਰ ਗਿਆ। ਕਹਿੰਦੇ, "ਆਪਾਂ ਸੁੱਚਾ ਸਿਉਂ ਆਲੀ ਨੌਕਰੀ ਮਾਨੇ ਨੂੰ ਦੁਆ ਦਿੰਨੇ ਆਂ!...ਇਹ ਵੀ ਤਾਂ ਤੇਰਾ ਈ ਮੁੰਡਾ!-ਗੁਰਮੀਤ ਹੋਰਾਂ ਵਾਂਗ ਤੇਰਾ ਬਣਕੇ ਰਹੂ.....!!"

ਕਿਸੇ ਬੇਇਮਾਨੀ ਤੋਂ ਅਨਜਾਣ ਬੀਜੀ ਸਹਿਮਤ ਹੋ ਗਈ। ਮਾਨਾ ਨੌਕਰੀ ਲੈ ਗਿਆ। ਵਕਤ ਤਾਂ ਬਾਅਦ ਵਿਚ ਬਦਲਿਆ। ਪਰ ਮਾਨਾ ਪਹਿਲਾਂ ਹੀ ਬਦਲ ਗਿਆ। ਉਹ ਪੁੱਤ ਤੋਂ ਕਪੁੱਤ ਹੋ ਗਿਆ। ਅੱਜ ਕਲ੍ਹ ਉਹ ਲੁਧਿਆਣੇ ਦੇ ਸ਼ਿਮਲਾਪੁਰੀ ਇਲਾਕੇ ਵਿੱਚ ਰਹਿੰਦਾ ਹੈ। ਉਸ ਕੋਲ ਵਧੀਆ ਘਰ, ਪਤਨੀ, ਬੱਚੇ ਤੇ ਕਾਰ ਹੈ। ਉਹ ਨੌਕਰੀ ਹੈ ਜਿਸ ਨੂੰ ਲੱਭਦਾ-ਲੱਭਦਾ ਗੁਰਮੀਤ ਖੁਦ ਗੁਆਚ ਗਿਆ ਸੀ।

ਆਪਣੀ ਗੁਆਚੀ ਪੈੜ ਲੱਭਣ ਲਈ ਸਭ ਤੋਂ ਪਹਿਲਾਂ ਉਹ ਫੌਜ ਵਿੱਚ ਭਰਤੀ ਹੋਇਆ। ਜੇਕਰ ਪੜ੍ਹ ਜਾਂਦਾ ਤਾਂ ਸ਼ਾਇਦ ਨਾ ਹੁੰਦਾ। ਉਹ ਰਿਪੁਦਮਨ ਕਾਲਜ ਨਾਭੇ ਪੜ੍ਹਦਾ ਸੀ। ਬਾਕੀ ਤਾਂ ਠੀਕ ਰਿਹਾ। ਪਰ ਬੀ. ਏ. ਫਸਟ ਯੀਅਰ ਦੀ ਅੰਗਰੇਜ਼ੀ ਗਲਤ ਹੋ ਗਈ। ਐਸੀ ਕੰਪਾਰਟਮੈਂਟ ਆਈ ਕਿ ਬੱਸ ਨਿਕਲੀ ਹੀ ਨਹੀਂ। ਗੁਰਮੀਤ ਬੀ. ਏ. ਛੱਡ ਗਿਆ। ਪਰ ਫੌਜ ਵੀ ਉਸ ਨੂੰ ਰਾਸ ਨਾ ਆਈ। ਉਹ ਤਾਂ ਨਰਮ ਦਿਲ ਬੰਦਾ ਸੀ। ਫੌਜ ਦਾ ਅਨੁਸ਼ਾਸਨ ਤੇ ਕੰਮ ਬੜਾ ਸਖਤ। ਉਹ ਰੰਗਰੂਟੀ ਵੀ ਪੂਰੀ ਨਾ ਕਰ ਸਕਿਆ। ਬਾਈ ਦਿਨ ਬਾਅਦ ਛੱਡ ਕੇ ਭੱਜ ਆਇਆ।

ਉਹਦੀ ਭਾਂਜ ਵਿਚ ਹਾਰ ਨਹੀਂ ਸੀ। ਉਹ ਧੱਕੜ ਜੱਟ ਸੀ। ਲੋਹੇ ਵਰਗਾ ਜਿਸਮ। ਛੁਰੀ ਜਿਹਾ ਤਿੱਖਾ ਦਿਮਾਗ। ਭਾਵੇਂ ਉਹ ਬਹੁਤਾ ਪੜ੍ਹ ਨਾ ਸਕਿਆ, ਪਰ ਗੱਲ ਨੂੰ ਸਮਝਣ ਤੇ ਸਮਝਾਉਣ ਵਿਚ ਉਹ ਮਾਹਿਰ ਸੀ। ਗੱਲ ਦੀ ਤਹਿ ਤੱਕ ਜਾਂਦਾ। ਸ਼ਬਦਾਂ ਨੂੰ ਚੁਣ ਚੁਣ ਵਰਤਦਾ ਤੇ ਉਹ ਵਕਤ ਤੱਕ ਬੋਲਦਾ ਰਹਿੰਦਾ ਜਦੋਂ ਤੱਕ ਅਗਲਾ ਜਾਂ ਪੂਰੀ ਗੱਲ ਨਾ ਸਮਝ ਜਾਂਦਾ। ਸ਼ਾਇਦ ਇਹੀ ਕਾਰਨ ਸੀ ਕਿ ਉਹ ਕੁਝ ਚਿਰ ਪਿੱਛੋਂ ਫਿਰ ਫੌਜ ਵਿਚ ਜਾਣ ਦੀਆਂ ਸਕੀਮਾਂ ਘੜਨ ਲੱਗ ਪਿਆ। ਜਦੋਂ ਉਹ ਮੁੜ ਗੱਲ ਛੇੜਦਾ, ਦੀਪ ਉਸ ਨੂੰ ਛੇੜਨ ਲੱਗ ਪੈਂਦਾ, "ਲੈ ਹੁਣ ਫੇਰ ਜਾਊ ਇਹ!...ਥੁੱਕ ਕੇ ਚੱਟੂ ਹੈਅ...!"

ਪਰ ਗੁਰਮੀਤ ਨੇ ਕਿਸੇ ਦੀ ਇਕ ਨਾ ਸੁਣੀ। ਉਹ ਫਿਰ ਫੌਜੀ ਬਣ ਗਿਆ। ਰਹੂ ਨਾਲ ਨੌਕਰੀ ਕਰਨ ਲੱਗਾ। ਜਲਦੀ ਹੀ ਅਫਸਰਾਂ ਦੀ ਨਜ਼ਰ ਵਿਚ ਚੜ੍ਹ ਗਿਆ। ਉਹ ਇੰਸਟਰਕਟਰ ਬਣ

ਫੌਜੀਆਂ ਨੂੰ ਪੜ੍ਹਾਉਣ ਲੱਗ ਪਿਆ। ਪੜ੍ਹਾਉਣ ਤੋਂ ਪਹਿਲਾਂ ਉਹ ਲੈਸਨ ਪਲੈਨਿੰਗ ਕਰਦਾ। ਉਦਾਹਰਨਾਂ ਸੋਚਦਾ। ਤੇ ਫਿਰ ਨਪੀ-ਤੁਲੀ ਭਾਸ਼ਾ ਵਿੱਚ ਲੈਕਚਰ ਦਿੰਦਾ। ਉਹਦੇ ਲੈਕਚਰਾਂ ਦਾ ਫੌਜੀਆਂ ਉਪਰ ਕਿੰਨਾ ਅਸਰ ਹੁੰਦਾ ਹੋਣਾ! ਇਹ ਗੱਲ ਦਾ ਅੰਦਾਜ਼ਾ ਉਹਦੇ ਲੈਸਨ ਪਲੈਨਿੰਗ ਰਜਿਸਟਰ ਤੋਂ ਲੱਗਦਾ ਹੈ। ਉਹ ਰਜਿਸਟਰ ਅਜੇ ਵੀ ਅਮਲੋਹ ਘਰ ਵਿਚ ਪਿਆ। ਇਕ ਵਾਰ ਉਸ ਦੀਆਂ ਚੀਜ਼ਾਂ ਦੀ ਫਰੋਲਾ-ਫਰਾਲੀ ਕਰਦਿਆਂ ਰਾਜੂ ਨੇ ਮੈਨੂੰ ਇਹ ਰਜਿਸਟਰ ਦਿਖਾਇਆ ਸੀ। ਇਕ ਅਧਿਆਪਕ ਹੋਣ ਦੇ ਨਾਤੇ ਮੈਂ ਮਨ ਹੀ ਮਨ ਬੜਾ ਪ੍ਰਭਾਵਿਤ ਹੋਇਆ। ਮਨ ਵਿਚ ਆਈ ਕਿ ਰਜਿਸਟਰ ਚੁੱਕ ਕੇ ਅਮਰਗੜ੍ਹ ਲਿਆਵਾਂ। ਪਰ ਪਤਾ ਨਹੀਂ ਕੀ ਸੋਚ ਕੇ ਉਥੇ ਹੀ ਛੱਡ ਆਇਆ ਸੀ।

ਤਿੰਨ ਸਾਲ ਬਾਅਦ ਗੁਰਮੀਤ ਵੀ ਫੌਜ ਦੀ ਨੌਕਰੀ ਛੱਡ ਆਇਆ ਸੀ। ਉਸ ਨੂੰ ਫਿਰ ਪਤਾ ਨਹੀਂ ਕੀ ਹੋ ਗਿਆ। ਉਹ ਬਹਾਨੇ ਘੜਨ ਲੱਗ ਪਿਆ। ਜੇਕਰ ਬੀਜੀ ਪੁੱਛਦੀ, ਉਹ ਡਰਾਉਣੀਆਂ ਕਹਾਣੀਆਂ ਸੁਣਾਉਂਦਾ, “ਉਥੇ ਲੇਹ-ਲਦਾਖ ’ਚ ਤਾਂ ਬਰਫ ਦੇ ਬੜੇ ਬੜੇ ਪਹਾੜ ਨੇ। ਪਤਾ ਨੀਂ ਕਦੋਂ ਕਿਥੋਂ ਬਰਫ ਖਿਸਕ ਜਾਂਦੀ ਹੈ।.... ਮਘੋਰਾ ਹੋ ਜਾਂਦਾ। ਸਾਬਤਾ ਬੰਦਾ ਵਿਚ ਚਲਿਆ ਜਾਂਦਾ।...ਆਹ ਪਿੱਛੇ ਜਿਹੇ ਮਾਜਰੀ ਦਾ ਇਕ ਮੁੰਡਾ ਬਰਫ ਦੀ ਖੱਡ ’ਚ ਡਿੱਗ ਕੇ ਮਰ ਗਿਆ...!!”

ਲੇਹ ਲਦਾਖ ਦੀ ਬਰਫ ਵਿਚ ਪਤਾ ਨਹੀਂ ਕੀ ਸੀ। ਗੁਰਮੀਤ ਠੰਡਾ ਪੈਣ ਲੱਗ ਪਿਆ। ਉਹ ਹੋਰ ਦੀਆਂ ਹੋਰ ਗੱਲਾਂ ਕਰਨ ਲੱਗ ਪਿਆ। ਕਹਿੰਦਾ, “ਫੌਜ ਦੀ ਨੌਕਰੀ ਬੰਨਵੀਂ ਐ।...ਮੈਂ ਆਜ਼ਾਦ ਰਹਿ ਕੇ ਵੱਧ ਕੰਮ ਕਰ ਸਕਦਾਂ!...ਜੇ ਮੈਨੂੰ ਫੌਜ ’ਚੋਂ ਆ ਜਾਣ ਦਿਉਂ!...ਮੈਂ ਐਥੇ ਆ ਕੇ ਪੈਸਾ ਦੀ ਪੈਸਾ ਕਰਦੂੰ। ਸੋਨੇ ਦੀਆਂ ਕੰਧਾਂ ਕਰਦੂੰ। ਕਹੋਂਗੇ ਬੱਕਰੀ ਨੀ ਖਾਂਦੇ ਨੋਟ ਹੁਣ....!”

“ਨੋਟ ਤਾਂ ਬਾਈ ਜੀ ਸੱਪਾਂ ਦੀਆਂ ਸਿਰੀਆਂ ਤੋਂ ਚੱਕਣੇ ਪੈਂਦੇ ਨੇ! ਡਰਾਇਵਰੀ ਸੌਖੀ ਖੇਡ ਨੀ...!” ਫੌਜ ਵਿਚੋਂ ਆ ਕੇ ਉਹ ਜਿਸ ਵਕਤ ਡਰਾਇਵਰ ਬਣਿਆ, ਬੀਜੀ ਨੇ ਸੁਖ ਦਾ ਸਾਹ ਲਿਆ ਸੀ। ਉਹ ਸੋਚਦੀ ਕਿ ਕੀ ਪਤਾ ਇਹ ਹੀ ਸਿੱਧੇ ਰਾਹ ਤੁਰ ਪਏ। ਛੋਟਾ ਦੀਪ ਤਾਂ ਪੁੱਠੇ ਪੈਰੀਂ ਹੋ ਲਿਆ ਸੀ। ਜਿਸ ਗੱਲ ਤੋਂ ਬਚਪਨ ਵਿਚ ਪਾਪਾ ਜੀ ਨੇ ਵਰਜਿਆ, ਉਹ ਉਹੀ ਰਾਹ ਪੈ ਗਿਆ। ਜਦੋਂ ਉਹ ਛੋਟਾ ਜਿਹਾ ਸੀ, ਬੀਜੀ ਕਹਿੰਦੇ ਇਕ ਵਾਰ ਉਹਨੇ ਪੰਜਾਬੀ ਕੱਢਮੀਂ ਜੁੱਤੀ ਮੰਗ ਲਈ। ਜ਼ਿੱਦ ਹੀ ਪੈ ਗਿਆ। ਪਾਪਾ ਜੀ ਨੂੰ ਟਰੱਕ ਡਰਾਇਵਰੀ ਨਾਲ ਨਫ਼ਰਤ ਸੀ। ਉਨ੍ਹਾਂ ਦੀਪ ਨੂੰ ਫੜਕੇ ਢਾਹ ਲਿਆ। ਚੰਗਾ ਕੁੱਟਿਆ। ਕਹਿੰਦੇ, “ਓਏ ਇਹ ਤਾਂ ਡਰਾਇਵਰ ਪਾਉਂਦੇ ਹੁੰਦੇ ਨੇ!...ਖਬਰਦਾਰ ਜੇ ਮੁੜਕੇ ਕੱਢਮੀਂ ਜੁੱਤੀ ਮੰਗੀ ਐ!...ਮੈਂ ਤੈਨੂੰ ਡਰਾਇਵਰ ਨੀ ਬਣਨ ਦੇਣਾ....!!”

ਪਰ ਦੀਪ ਕਿੰਝ ਬਚਦਾ! ਉਹ ਨੌਵੀਂ ਵਿਚ ਪੜ੍ਹਦਾ ਹੀ ਪਿੰਡ ਵਾਲਿਆਂ ਦੇ ਧੱਕੇ ਚੜ੍ਹ ਗਿਆ। ਉਂਝ ਤਾਂ ਮੇਰਾ ਸਹੁਰਾ ਪਿੰਡ ਅਮਲੋਹ ਹੈ। ਪਰ ਉਨ੍ਹਾਂ ਦਾ ਪਿੱਛਾ ਵੜੈਚਾਂ ਪਿੰਡ ਦਾ ਹੈ। ਵੜੈਚਾਂ ਵਾਲਿਆਂ ਦਾ ਲਾਣਾ ਮੁੱਢ ਤੋਂ ਹੀ ਟਰੱਕਾਂ ਨਾਲ ਜੁੜਿਆ ਸੀ। ਪਾਲ ਚਾਚਾ ਕਲਕੱਤੇ ਨੂੰ ਟਰੱਕ ਲੈ ਕੇ ਜਾਂਦਾ। ਇਕ ਵਾਰ ਉਹ ਜਾਂਦਾ ਜਾਂਦਾ ਦੀਪ ਨੂੰ ਵੀ ਪੱਟ ਕੇ ਲੈ ਗਿਆ। ਜਿਸ ਦਿਨ ਉਹ ਪਹਿਲੀ ਵਾਰ ਟਰੱਕ ’ਤੇ ਗਿਆ, ਪਾਪਾ ਜੀ ਦੀ ਗੱਲ ਯਾਦ ਕਰ ਬੀਜੀ ਬੜਾ ਰੋਈ ਸੀ।

ਹੱਸੀ ਉਹ ਉਸ ਵਕਤ ਵੀ ਨਹੀਂ ਸੀ ਜਦੋਂ ਗੁਰਮੀਤ ਨੇ ਟਰੱਕ ਲਿਆ। ਪਰ ਪੁੱਤ ਦੀ ਖੁਸ਼ੀ ਲਈ ਉਹ ਆਪਣਾ ਦੁੱਖ ਪੀ ਗਈ। ਹੋਰ ਕੀ ਕਰਦੀ! ਪੁੱਤਾਂ ਦੇ ਟਰੱਕ ਦੀ ਖੇਡ ਵੇਖਣ ਲੱਗ ਪਈ। ਗੁਰਮੀਤ ਨਾਲ ਦੀਪ ਵੀ ਆ ਰਲਿਆ ਸੀ। ਪਰ ਦੋਵਾਂ ਭਾਈਆਂ ਦੀ ਪੇਸ਼ ਨਾ ਗਈ। ਉਨ੍ਹਾਂ ਤੋਂ ਟਰੱਕ ਨਹੀਂ ਚੱਲਿਆ। ਪਤਾ ਨਹੀਂ ਟਰੱਕ ਤੋਂ ਉਹ ਨਹੀਂ ਚੱਲੇ। ਪੈਸਾ ਆਉਣ ਦੀ ਥਾਂ ਜਾਣ ਲੱਗ ਪਿਆ। ਗੱਲ ਇੱਥੇ ਹੀ ਰੁਕ ਜਾਂਦੀ ਚੰਗਾ ਸੀ। ਪਰ ਗੱਲ ਹੱਦਾਂ ਉਲੰਘ ਗਈ ਸੀ। ਗੁਰਮੀਤ ਤੋਂ ਰਾਜਸਥਾਨ ਵਿਚ ਇਕ ਐਕਸੀਡੈਂਟ ਹੋ ਗਿਆ। ਉਹ ਟਰੱਕ ਲਈਂ ਜਾਂਦਾ ਸੀ। ਕਿਸੇ ਚੁਰਾਹੇ ਵਿਚ ਅੱਗੋਂ ਇਕ ਜੀਪ ਆ ਨਿਕਲੀ। ਟਰੱਕ ਉਸ ਵਿਚ ਵੱਜਿਆ। ਜੀਪ ਲੋਟਣੀਆਂ ਖਾ ਗਈ। ਉਸ ਵਿਚ ਚਾਰ ਪੰਜ



ਬੰਦੇ ਸਨ। ਉਨ੍ਹਾਂ ਵਿਚੋਂ ਇਕ ਮਰ ਗਿਆ। ਗੁਰਮੀਤ ਟਰੱਕ ਵਿਚੋਂ ਛਾਲ ਮਾਰ ਕੇ ਭੱਜ ਆਇਆ। ਪਰ ਕਿੱਥੋਂ ਤੱਕ ਭੱਜਦਾ। ਰਾਜਸਥਾਨ ਦੀ ਪੁਲਿਸ ਅਮਲੋਹ ਆ ਪਹੁੰਚੀ।

ਖਾਕੀ ਵਰਦੀ ਵਾਲਿਆਂ ਨੇ ਕਿਸ ਤਰ੍ਹਾਂ ਛਾਪਾ ਮਾਰਿਆ, ਉਹ ਮੰਜ਼ਰ ਬੀਜੀ ਦੱਸਦੀ ਹੁੰਦੀ ਹੈ। ਸਵੇਰੇ ਸਾਢੇ ਕੁ ਛੇ ਵਜੇ ਦਾ ਵਕਤ ਸੀ। ਗਰਮੀ ਦੀ ਰੁੱਤ। ਗੁਰਮੀਤ ਗੁਸਲਖਾਨੇ ਵਿਚ ਨਹਾ ਰਿਹਾ ਸੀ ਜਦੋਂ ਬਾਹਰਲਾ ਗੇਟ ਖੜਕਿਆ। ਸਾਰਾ ਘਰ ਸਕਤੇ ਵਿਚ ਆ ਗਿਆ। ਬਾਹਰਲੇ ਗੇਟ ਉਪਰ ਦੀ ਖਾਕੀ ਟੋਪੀਆਂ ਦਿੱਸ ਰਹੀਆਂ ਸਨ। ਬੀਜੀ ਸਮਝ ਗਈ। ਉਹਨੇ ਸੈਨ੍ਹਤ ਮਾਰੀ। ਰਾਜੂ ਦੱਬੇ ਪੈਰੀਂ ਗੁਸਲਖਾਨੇ ਕੋਲ ਪਹੁੰਚ ਗਈ। ਉਹ ਨਹਾ ਰਹੇ ਗੁਰਮੀਤ ਨੂੰ ਕਹਿੰਦੀ, “ਤੂੰ ਅੰਦਰੇ ਰਹੀਂ!....ਬਾਹਰ ਪੁਲਿਸ ਆਈ ਐ...!”

ਪੁਲਿਸ ਵਿਹੜੇ ਵਿਚ ਆ ਖੜ੍ਹੀ। ਬੀਜੀ ਤੇ ਰਾਜੂ ਬਹਿਸ ਕਰਨ ਲੱਗੀਆਂ। ਗੁਰਮੀਤ ਅੰਦਰ ਹੀ ਦੜਿਆ ਰਿਹਾ। ਪਰ ਪੁਲਿਸ ਦੀ ਅੱਖ ਤੋਂ ਨਾ ਬਚ ਸਕਿਆ। ਗੁਸਲਖਾਨੇ ਦੀ ਜਗਦੀ ਲਾਈਟ ਨੇ ਚੁਗਲੀ ਕਰ ਦਿੱਤੀ। ਇਕ ਪੁਲਿਸ ਵਾਲਾ ਕਹਿੰਦਾ, “ਵੋਹ-ਉਸਮੇਂ...ਹੈ...ਉਧਰ...!!”

ਗੁਰਮੀਤ ਨੇ ਵੀ ਸੁਣ ਲਿਆ। ਉਹ ਫਟਾਫਟ ਪਿੰਡਾ ਪੂੰਝਣ ਲੱਗਿਆ। ਪੁਲਿਸ ਗੁਸਲਖਾਨੇ ਵੱਲ ਨੂੰ ਵਧੀ। ਅਚਾਨਕ ਹੀ ਦਰਵਾਜ਼ਾ ਖੁੱਲ੍ਹਿਆ। ਪਜਾਮਾ ਤੇ ਚੱਪਲਾਂ ਪਾਈਂ ਗੁਰਮੀਤ ਬਾਹਰ ਨੂੰ ਭੱਜਿਆ। ਪੁਲਿਸ ਵੀ ਭੱਜੀ। ਨੁੱਚੜਦੇ ਪਿੰਡੇ ਨਾਲ ਹੀ ਗੁਰਮੀਤ ਪੌੜੀਆਂ ਚੜ੍ਹ ਗਿਆ। ਜੰਗਲਾ ਟੱਪ ਕੇ ਗੁਆਂਢੀ ਬਾਣੀਆਂ ਦੇ ਘਰ ਉਤਰਨ ਹੀ ਲੱਗਾ ਸੀ, ਮੂਹਰੋਂ ਬਾਹਰਦੀ ਪੁਲਿਸ ਅੰਦਰ ਆ ਵੜੀ। ਉਸ ਨੂੰ ਜੱਫਾ ਮਾਰ ਲਿਆ। ਰਾਜੂ ਦੱਸਦੀ ਹੁੰਦੀ ਹੈ, “ਜਦੋਂ ਉਹ ਭੱਜ ਕੇ ਜੰਗਲਾ ਟੱਪਣ ਲੱਗਿਆ।...ਉਹਦੀ ਇਕ ਚੱਪਲ ਨਿਕਲ ਕੇ ਉੱਥੀ ਡਿੱਗ ਪਈ!...ਜਦੋਂ ਪੁਲਿਸ ਵਾਲਿਆਂ ਨੇ ਫੜ ਕੇ ਵਿਹੜੇ ਵਿਚ ਲਿਆਂਦਾ!...ਉਹਦੇ ਸਿਰ ਅਤੇ ਪਿੰਡ ਤੋਂ ਅਜੇ ਵੀ ਪਾਣੀ ਦੇ ਤੁਪਕੇ ਡਿੱਗ ਰਹੇ ਸਨ!..ਉਹ ਮੁਜ਼ਰਿਮ ਬਣਿਆ ਖੜ੍ਹਾ।..ਪੁਲਿਸ ਵਾਲੇ ਉਸ ਨੂੰ ਗਾਲ੍ਹਾਂ ਕੱਢ ਰਹੇ ਸਨ...!!”

ਜਦੋਂ ਰਾਜੂ ਇਹ ਗੱਲ ਦੱਸਦੀ ਹੈ, ਉਹਦਾ ਮਨ ਭਰ ਆਉਂਦਾ। ਮੈਨੂੰ ਉਹ ਫੋਟੋ ਯਾਦ ਆ ਜਾਂਦੀ ਹੈ ਜਿਸ ਵਿਚ ਰਾਜੂ ਉਸ ਟਰੱਕ ਦੇ ਮੂਹਰੇ ਖੜ੍ਹੀ ਹੈ, ਜਿਸ ਨੇ ਗੁਰਮੀਤ ਨੂੰ ਫੜਵਾ ਦਿੱਤਾ ਸੀ।

ਰਾਜਸਥਾਨ ਦੇ ਕੇਤੜੀ ਥਾਣੇ ਵਿੱਚ ਉਸ ਨੇ ਛੇ ਦਿਨ ਦੀ ਹਵਾਲਾਤ ਕੱਟੀ। ਜਿੰਨਾ ਚਿਰ ਲੈ ਦੇ ਕੇ ਉਹ ਅਮਲੋਹ ਨਾ ਪਰਤ ਆਇਆ, ਤੈਨੂੰ ਮੈਨੂੰ ਕਹਿੰਦੀ ਬੀਜੀ ਮੱਛੀ ਵਾਂਗ ਤੜਪਦੀ ਰਹੀ। ਪਾਣੀ ਵਾਂਗ ਪੈਸਾ ਵਹਾਉਂਦੀ ਰਹੀ। ਤਰੀਕ ਤੋਂ ਬਚਣ ਲਈ ਕਦੀ ਰਾਜਸਥਾਨ ਪੈਸੇ ਲੈ ਕੇ ਇੰਦਰਜੀਤ ਜਾਂਦਾ। ਕਦੇ ਅਹਿਮਦਗੜ੍ਹ ਵਾਲਾ ਮਾਸੜ ਜਾਂਦਾ ਤੇ ਕਦੇ ਗੁਰਮੀਤ ਨੂੰ ਹੀ ਜਾਣਾ ਪੈਂਦਾ। ਪਰ ਕੇਸ ਫਿਰ ਨਾ ਮੁੱਕਿਆ। ਉਹ ਤਾਂ ਉਹਦੀ ਮੌਤ ਨਾਲ ਹੀ ਮੁੱਕਿਆ ਸੀ।

ਜਿੰਨਾ ਚਿਰ ਉਹ ਜਿਉਂਦਾ ਰਿਹਾ, ਹਵਾ ਵਾਂਗ ਭਟਕਦਾ ਰਿਹਾ। ਉਸ ਨੂੰ ਗਤੀ ਨਸੀਬ ਨਾ ਹੋਈ। ਉਹ ਪੈਰ ਜਮਾ ਕੇ ਖੜ੍ਹਨਾ ਚਾਹੁੰਦਾ ਸੀ। ਪਰ ਉਹਦਾ ਪੈਰ ਨਾ ਲੱਗਿਆ। ਉਹ ਸਾਰੀ ਉਮਰ ਧੁਰ ਤੋਂ ਧੁਰ ਤੱਕ ਤਿਲਕਦਾ ਰਿਹਾ। ਉਹਦੇ ਕਰਮ ਖੋਟੇ ਸੀ ਜਾਂ ਉਹ ਖੋਟਾ ਸੀ। ਜੇਕਰ ਦੋਵਾਂ ਗੱਲਾਂ ਵਿਚੋਂ ਕੋਈ ਵੀ ਨਹੀਂ। ਤਾਂ ਕੁਝ ਤਾਂ ਸੀ ਕਿ ਉਹ ਜਿਸ ਕੰਮ ਨੂੰ ਵੀ ਹੱਥ ਪਾਉਂਦਾ, ਉਹ ਸੁਆਹ ਹੋ ਜਾਂਦਾ। ਜੇਕਰ ਇਹ ਗੱਲ ਨਾ ਹੁੰਦੀ ਤਾਂ ਕਾਰਾਂ ਤਾਂ ਚੱਲਦੀਆਂ। ਟਰੱਕ ਵੇਚ ਉਨ੍ਹਾਂ ਦੋ ਮਾਰੂਤੀ ਕਾਰਾਂ ਲੈ ਲਈਆਂ ਸਨ। ਦੀਪ ਨਾਲ ਗੁਰਮੀਤ ਵੀ ਅਮਲੋਹ ਟੈਕਸੀ ਸਟੈਂਡ ਵਿਚ ਖੜ੍ਹਾਉਂਦਾ। ਪਰ ਦੋਵਾਂ ਦੀ ਕਾਰ ਨਾ ਚੱਲੀ। ਕਾਰਾਂ ਵਾਲੀ ਗੱਲ ਵੀ ਬੇਕਾਰ ਹੋ ਗਈ। ਇਕ ਮੈਂ ਸੀ ਕਿ ਮੈਨੂੰ ਵਿਆਹ ਤੋਂ ਬਾਅਦ ਅੰਦਰਲੀ ਸਥਿਤੀ ਦਾ ਪਤਾ ਚੱਲਿਆ। ਵਿਆਹ ਤੋਂ ਪਹਿਲਾਂ ਤਾਂ ਮੈਂ ਆਪਣੀ ਟੌਹਰ ਬੰਨ੍ਹਦਾ ਹੁੰਦਾ ਸੀ। ਜੇਕਰ ਕੋਈ ਪੁੱਛਦਾ, “ਅਛਿਆ!...ਤੇਰੇ ਸਾਲੇ ਕਰਦੇ ਕੀ ਨੇ... ?”

“ਉਨ੍ਹਾਂ ਕੋਲ ਦੋ ਕਾਰਾਂ ਨੇ।...ਇਕ ਟਰੱਕ ਐ...!!” ਮੈਂ ਮਾਣ ਨਾਲ ਦੱਸਦਾ।

"ਅੱਛਿਆ ਜੀ ! ਫੇਰ ਤਾਂ ਤਕੜਾ ਕੰਮ ਐ ...!!" ਜਦੋਂ ਸੁਣਨ ਵਾਲਾ ਪ੍ਰਭਾਵ ਕਬੂਲ ਕਰ ਲੈਂਦਾ ਮੈਨੂੰ ਆਪਣਾ ਆਪ ਉੱਚਾ ਉੱਚਾ ਲੱਗਦਾ। ਐਨਾ ਉੱਚਾ ਜਿੰਨਾ ਉੱਚਾ ਗੁਰਮੀਤ ਉਠ ਜਾਣਾ ਚਾਹੁੰਦਾ ਸੀ।

ਉਸ ਅੰਦਰ ਪਹਾੜ ਨੂੰ ਚੀਰ ਦੇਣ ਵਾਲਾ ਜ਼ਜ਼ਬਾ ਤੇ ਜੋਸ਼ ਸੀ।

ਮੈਂ ਜਿੰਨੀ ਵਾਰੀ ਵੀ ਉਸ ਨੂੰ ਮਿਲਿਆਂ, ਉਹ ਪੂਰੀ ਗਰਮਜੋਸ਼ੀ ਨਾਲ ਮਿਲਿਆ। ਭਾਵੇਂ ਉਹ ਉਮਰ ਵਿਚ ਮੈਥੋਂ ਵੱਡਾ ਸੀ ਪਰ ਜਦ ਵੀ ਮੈਂ ਅਮਲੋਹ ਜਾਂਦਾ ਜਾਂ ਉਹ ਅਮਰਗੜ੍ਹ ਆਉਂਦਾ, ਮੈਂ ਬਾਅਦ ਵਿੱਚ ਉਹ ਮੈਨੂੰ ਪਹਿਲਾਂ ਹੀ ਆਖ ਦਿੰਦਾ, "ਸਾਸਰੀ...ਕਾਲ...ਜੀ...!!"

ਮੈਂ ਅਜੇ ਉਸ ਨੂੰ ਸਤਿ ਸ੍ਰੀ ਅਕਾਲ ਹੀ ਬੁਲਾ ਰਿਹਾ ਹੁੰਦਾ, ਉਹ ਮੈਨੂੰ ਘੁੱਟ ਕੇ ਜੱਫੀ ਪਾ ਲੈਂਦਾ। ਜਿਵੇਂ ਕੋਈ ਮੁੱਦਤਾਂ ਬਾਅਦ ਮਿਲਿਆ ਹੁੰਦਾ। ਉਹਦੀ ਮਿਲਣੀ ਵਿਚ ਕੋਈ ਡੂੰਘਾ ਨਿੱਘ ਸੀ। ਉਹ ਅਸੂਲਾਂ ਵਾਲਾ ਬੰਦਾ ਸੀ। ਜਤ-ਪਤ ਦਾ ਰਾਖਾ। ਰਿਸ਼ਤੇਦਾਰੀ ਦੀ ਲੱਜ ਪਾਲਣ ਵਾਲਾ। ਮੈਨੂੰ ਉਹਦੀ ਲੱਜ ਪਾਲਨ ਵਾਲੀ ਇਕ ਗੱਲ ਕਦੇ ਨਹੀਂ ਭੁੱਲਦੀ। ਵਿਆਹ ਤੋਂ ਬਾਅਦ ਮੈਂ ਰਾਜੂ ਨਾਲ ਜਦੋਂ ਵੀ ਅਮਲੋਹ ਜਾਂਦਾ। ਉਹ ਮੇਰੇ ਦੁਆਲੇ ਹੋ ਜਾਂਦਾ। ਮੇਰੀ ਪਸੰਦ ਦਾ ਪੂਰਾ ਖਿਆਲ ਰੱਖਦਾ। ਰੋਟੀ, ਦਾਲ, ਸਬਜ਼ੀ, ਚਾਹ ਪਾਣੀ ਤੇ ਹੋਰ ਖਾਣ-ਪੀਣ। ਉਹ ਮੇਰੀ ਪਸੰਦ ਦਾ ਪੇਸ਼ ਕਰਵਾਉਂਦਾ। ਜਦੋਂ ਰੋਟੀ ਖਾਧੀ ਜਾਂਦੀ, ਉਹ ਉੱਚੀ ਸਾਰੀ ਹਾਕ ਮਾਰਦਾ, "ਏ ਮਨਜੀਤ !...ਆਹ ਲਿਆ ਹੱਥ ਧੁਆਓ...।"

ਉਹਦੀ ਆਵਾਜ਼ ਸੁਣ ਮੇਰੀ ਸਾਲੇਹਾਰ ਮਨਜੀਤ ਹਾਜ਼ਰ ਹੋ ਗਈ।

ਮੇਰੇ ਹੱਥਾਂ ਹੇਠਾਂ ਥਾਲ ਰੱਖ ਉਹ ਉਪਰੋਂ ਜੱਗ ਨਾਲ ਹੌਲੀ ਹੌਲੀ ਪਾਣੀ ਪਾਉਣ ਲੱਗਦੀ। ਜਦੋਂ ਮੈਂ ਹੱਥ ਧੋ ਲੈਂਦਾ, ਗੁਰਮੀਤ ਝੱਟ ਨਵਾਂ ਤੌਲੀਆਂ ਫੜਾ ਦਿੰਦਾ, "ਆਹ ਲਓ !...ਹੱਥ ਪੂੰਝ ਲਓ...!!"

ਮੈਨੂੰ ਰੋਟੀ ਖੁਆ ਕੇ ਇਸ ਵਿਧੀ ਨਾਲ ਹੱਥ ਧੁਆਉਣ ਦਾ ਸਿਲਸਿਲਾ ਕਿੰਨੇ ਹੀ ਸਾਲ ਚੱਲਦਾ ਰਿਹਾ। ਪਹਿਲਾਂ ਪਹਿਲਾਂ ਤਾਂ ਮੈਨੂੰ ਬੜਾ ਚੰਗਾ ਲੱਗਦਾ ਰਿਹਾ। ਫਿਰ ਅਚਾਨਕ ਹੀ ਪਤਾ ਨਹੀਂ ਕੀ ਹੋ ਗਿਆ। ਮੈਨੂੰ ਇਸ ਤਰ੍ਹਾਂ ਹੱਥ ਧੁਆਉਣਾ ਓਪਰਾ ਜਿਹਾ ਲੱਗਣ ਲੱਗ ਪਿਆ। ਮੈਂ ਇਕ ਦਿਨ ਕਹਿ ਦਿੱਤਾ, "ਕੋਈ ਨੀ ਬੱਸ ਰਹਿਣ ਦੋ !...ਤੁਸੀਂ ਐਕਣ ਨਾ ਹੱਥ ਧੁਆਇਆ ਕਰੋ !...ਮੈਂ ਆਪੀ ਧੋ ਲੂੰ...!!"

ਉਨ੍ਹਾਂ ਜਵਾਈ-ਭਾਈ ਦੀ ਗੱਲ ਮੰਨ ਲਈ। ਪਰ ਜਦੋਂ ਦਾ ਗੁਰਮੀਤ ਮਰਿਆ ਮੇਰੇ ਮਨ ਵਿੱਚ ਪਤਾ ਨਹੀਂ ਫਿਰ ਕਿਉਂ ਉਹੀ ਗੱਲ ਉਠਦੀ ਰਹਿੰਦੀ ਹੈ। ਮੇਰਾ ਦਿਲ ਕਰਦਾ ਹੁੰਦਾ ਕਿ ਆਖਾਂ, "ਜਿਮੇਂ ਗੁਰਮੀਤ ਕਹਿੰਦਾ ਹੁੰਦਾ ਸੀ !...ਉਮੀ ਹੱਥ ਧੁਆਓ !"

ਪਰ ਕਦੀ ਕਹਿ ਨਹੀਂ ਸਕਿਆ। ਉਂਝ ਮੈਂ ਰਾਜੂ ਨੂੰ ਇਹ ਇੱਛਾ ਕਈ ਵਾਰ ਦੱਸੀ ਹੈ। ਉਹ ਹੱਸ ਛੱਡਦੀ ਹੈ। ਉਹ ਵੀ ਜਾਣਦੀ ਹੈ ਕਿ ਹੁਣ 'ਗੁਰਮੀਤ ਯੁੱਗ' ਨਹੀਂ ਆਉਣਾ।

"ਲੈ ਆਉਣਾ ਕਿਉਂ ਨੀਂ !..ਗੁਰਮੀਤ ਆਊਗਾ...।" ਅਮਲੋਹ ਜਾਣ ਸਾਰ ਮੈਂ ਮਨ ਹੀ ਮਨ ਆਖਦਾ ਹਾਂ।

ਰੋਟੀ ਖਾਣ ਤੋਂ ਪਹਿਲਾਂ ਉਹਦੀ ਕੰਧ 'ਤੇ ਟੰਗੀ ਫੋਟੋ ਵੱਲ ਕਈ ਵਾਰ ਵੇਖਦਾ ਹਾਂ।

ਕਰੀਮ ਕਲਰ ਚਿਣ ਕੇ ਬੰਨ੍ਹੀ ਪੱਗ। ਹਲਕੇ ਭੂਰੇ ਚੈਕ ਦੀ ਪੀਲੀ ਸ਼ਰਟ। ਤੇ ਨਾਭੀ ਰੰਗ ਦੀ ਕੋਟੀ।

ਕਣਕ-ਵੰਨਾ ਰੰਗ। ਹੱਸਦਾ ਚਿਹਰਾ। ਕਲਫ ਲਾ ਕੇ ਕੱਟੀ ਦਾੜ੍ਹੀ। ਤੇ ਅੱਖ ਨੂੰ ਠੋਕਰ ਮਾਰਦੀਆਂ ਖੜ੍ਹਵੀਆਂ ਕੁੰਢੀਆਂ ਮੁੱਛਾਂ।

ਪਹਿਲੀ ਵਾਰ ਵੇਖਣ ਵਾਲੇ ਨੂੰ ਉਹ ਕੋਈ ਪੁਲਿਸ ਅਫਸਰ ਜਾਂ ਡਟਿਆ ਹੋਇਆ



ਬਦਮਾਸ਼ ਲੱਗਦਾ ਸੀ।

ਪਰ ਅੰਦਰੋਂ ਉਹ ਆਪਣੀ ਸ਼ਕਲ ਤੋਂ ਉਲਟ ਸੀ। ਸਾਫ ਤੇ ਮੋਮ-ਦਿਲ ਬੰਦਾ। ਪਿਆਰ ਦੀ ਝਲਕ ਲਈ ਧੁਰ ਤੱਕ ਪਿਘਲ ਜਾਣਾ ਵਾਲਾ। ਬੀਜੀ ਆਖਦੀ, "ਇਹਦੇ ਤਾਂ ਚਿੜੀ ਦਾ ਦਿਲ ਐ...!!"

ਉਹ ਠੀਕ ਕਹਿੰਦੀ ਸੀ। ਗੁਰਮੀਤ ਦੀ ਛਾਤੀ ਵਿਚ ਇਕ ਸੂਖਮ ਦਿਲ ਸੀ। ਜੇਕਰ ਉਹ ਪੱਧਰ ਦਿਲ ਹੁੰਦਾ ਅੰਨ੍ਹੀ ਬਾਰਿਸ਼ ਵੀ ਉਹਦਾ ਕੁਝ ਨਾ ਵਿਗਾੜ ਸਕਦੀ। ਪਰ ਉਹ ਤਾਂ ਇਕ ਬੂੰਦ ਨਾਲ ਹੀ ਟੁਕੜੇ ਟੁਕੜੇ ਹੋ ਜਾਂਦਾ ਸੀ। ਮੈਂ ਉਸ ਨੂੰ ਕਈ ਵਾਰ ਟੁਕੜੇ ਹੁੰਦਾ ਵੇਖਿਆ। ਉਹ ਸ਼ਰਾਬ ਪੀਂਦਾ। ਗਾਲ੍ਹਾਂ ਕੱਢਦਾ। ਫਿਰ ਆਪਣੀ ਬੇਵੱਸੀ ਉਪਰ ਰੋਂਦਾ। ਉਸ ਵੱਲ ਵੇਖ ਮੈਨੂੰ ਲਵਲੀ ਨਿਰਮਾਣ ਦੇ ਗੀਤ ਦੀ ਇਕ ਸਤਰ ਯਾਦ ਆ ਜਾਂਦੀ, "ਤੇਰੀ ਗਲੀ ਵਿਚੋਂ ਮੈਂ ਟੁੱਟੇ ਦਿਲ ਦੇ, ਟੁਕੜੇ ਤਾਂ ਚੁਗ ਲਵਾਂ ਕੁੜੇ...!!"

"ਪਤਾ ਨੀ ਉਹਨੂੰ ਕਿਮੇਂ ਉਹ ਅਖਬਾਰ ਦਾ ਟੁਕੜਾ ਲੱਭ ਪਿਆ....!!" ਹੈਰਾਨ ਹੋਈ ਬੀਜੀ ਉਹਦੀ ਇਕ ਗੱਲ ਸੁਣਾਉਂਦੀ ਹੁੰਦੀ ਕਹਿੰਦੀ ਇਕ ਵਾਰੀ ਗੁਰਮੀਤ ਮੰਜੀ ਸਾਹਿਬ ਗੁਰਦੁਆਰੇ ਬਸ ਲੈ ਕੇ ਗਿਆ। ਸ਼ਰਧਾਲੂ ਲੋਕ ਅੰਦਰ ਗਏ ਹੋਏ ਸਨ। ਉਹ ਡਰਾਇਵਰੀ ਆਦਤ ਅਨੁਸਾਰ ਮੱਥਾ ਟੇਕ ਕੇ ਬਸ ਵਿਚ ਆ ਬੈਠਾ ਸੀ। ਬੈਠੇ ਬੈਠੇ ਉਹਦੀ ਨਜ਼ਰ ਸਾਹਮਣੇ ਗਈ। ਧਰਤੀ ਉਪਰ ਇਕ ਅਖਬਾਰੀ ਕਾਗਜ਼ ਦਾ ਟੁਕੜਾ ਪਿਆ ਸੀ। ਉਹ ਟਾਕੀ ਖੋਲ੍ਹ ਹੇਠਾਂ ਉਤਰ ਆਇਆ। ਨਜ਼ਦੀਕ ਗਿਆ। ਅਖਬਾਰ ਦਾ ਇਕ ਪੇਜ ਤਹਿ ਲਾ ਕੇ ਸਿੱਟਿਆ ਪਿਆ ਸੀ। ਇਹ ਕਿਸੇ ਨੇ ਐਕਣ ਤਹਿ ਜਾ ਕੇ ਕਿਉਂ ਸਿੱਟਿਆ ? ਸੋਚੀਂ ਪਏ ਗਰਮੀਤ ਨੇ ਉਹ ਟੁਕੜਾ ਚੁੱਕ ਲਿਆ। ਖੋਲ੍ਹਿਆ। ਉਹਦੀ ਨਜ਼ਰ ਅੱਖਾਂ ਉਪਰ ਗਈ। ਉਹ ਨੱਚ ਉਠਿਆ। ਕਿਸੇ ਅਖਬਾਰ ਦੇ ਕਹਾਣੀ ਅੰਕ ਦਾ ਪੇਜ ਸੀ। ਮੈਂ ਇਸ ਗੱਲ ਨੂੰ ਬਹੁਤ ਵੱਡਾ ਮੌਕਾ-ਮੇਲ ਸਮਝਦਾ ਹਾਂ। ਉਸ ਪੇਜ ਉਪਰ ਮੇਰੀ ਕਹਾਣੀ ਛਪੀ ਹੋਈ ਸੀ। ਗੁਰਮੀਤ ਉਸ ਪੇਜ ਨੂੰ ਝਾੜ ਪੂੰਝ ਕੇ ਬਸ ਵਿਚ ਲੈ ਗਿਆ। ਪਹਿਲਾਂ ਉਹਨੇ ਉਹ ਕਹਾਣੀ ਪੜ੍ਹੀ। ਫਿਰ ਘਰੇ ਆ ਗੱਲ ਦੱਸੀ ਤੇ ਫਿਰ ਕਿੰਨੇ ਹੀ ਸਾਲ ਉਹ ਅਖਬਾਰ ਦੇ ਉਸ ਟੁਕੜੇ ਨੂੰ ਬਟੂਏ ਦੀ ਜੇਬ ਵਿੱਚ ਸਾਂਭੀ ਫਿਰਦਾ ਰਿਹਾ।

ਉਸ ਨੂੰ ਇਸ ਗੱਲ ਦਾ ਮਾਣ ਸੀ ਕਿ ਮੈਂ ਕਹਾਣੀਆਂ ਲਿਖਦਾ ਹਾਂ। ਉਹ ਲੋਕਾਂ ਕੋਲ ਮੇਰੀਆਂ ਗੱਲਾਂ ਕਰਦਾ। ਮੈਂ ਉਹਦੀ ਲੱਭਤ ਸੀ। ਉਸ ਨੂੰ ਆਪਣੀ ਲੱਭਤ 'ਤੇ ਮਾਣ ਸੀ। ਜੇਕਰ ਕੋਈ ਮੇਰੀ ਸ਼ਾਨ ਵਿਚ ਗੁਸਤਾਖੀ ਕਰਦਾ, ਉਹ ਲੜਨ ਦੀ ਹੱਦ ਤੱਕ ਜਾਂਦਾ। ਇਕ ਵਾਰੀ ਤਾਂ ਲੜ ਹੀ ਪਿਆ ਸੀ। ਸੰਨ 2003 ਜਾਂ 2004 ਦੀ ਗੱਲ ਹੈ। ਉਹ ਰਾਤ ਨੂੰ ਗੋਬਿੰਦਗੜ੍ਹ ਤੋਂ ਅਮਲੋਹ ਨੂੰ ਆ ਰਿਹਾ ਸੀ। ਜਿਸ ਬਸ ਵਿਚ ਉਹ ਸੀ, ਉਸੇ ਬਸ ਵਿੱਚ ਇਕ ਉਸ ਬਿਰਾਦਰੀ ਦਾ ਬੰਦਾ ਸੀ ਜਿਸ ਬਿਰਾਦਰੀ ਦੇ ਕੁਝ ਲੋਕਾਂ ਨੇ ਮੇਰੀ ਪਹਿਲੀ ਕਿਤਾਬ 'ਸਿਖਰ ਦੁਪਹਿਰਾ' ਦੇ ਰਿਲੀਜ਼ ਵਕਤ ਰੌਲਾ ਪਾਇਆ ਸੀ। ਗੁਰਮੀਤ ਵੱਲ ਵੇਖ ਕੇ ਉਹ ਬੰਦਾ ਮੈਨੂੰ ਤੇ ਮੇਰੀਆਂ ਕਹਾਣੀਆਂ ਨੂੰ ਗਾਲ੍ਹਾਂ ਕੱਢਣ ਲੱਗ ਪਿਆ। ਦੋਵਾਂ ਦੀ ਘੁੱਟ ਲਾਈ ਹੋਈ ਸੀ। ਗੁਰਮੀਤ ਨੇ ਉਸ ਨੂੰ ਫੜ ਲਿਆ। ਕਹਿੰਦੇ ਉਹਦੀ ਉਹ ਧੌੜੀ ਲਾਹੀ ਕਿ ਸਵਾਰੀਆਂ ਨੇ ਮਸਾਂ ਛੁਡਾਇਆ। ਜਦੋਂ ਬਸ ਰੁਕੀ, ਉਹ ਬੰਦਾ ਪਤਾ ਨਹੀਂ ਕਿਧਰ ਗਾਇਬ ਹੋ ਗਿਆ। ਬਸ ਅੱਡੇ 'ਤੇ ਖੜ੍ਹਾ ਗੁਰਮੀਤ ਖਾਸਾ ਚਿਰ ਗਾਲ੍ਹਾਂ ਕੱਢਦਾ ਰਿਹਾ, "ਰਾਣੇ ਨੂੰ ਐਂ ਕਿਹੜਾ ਸਾਲਾ ਬੋਲ ਜੂ....!!"

ਉਸ ਨੇ ਮੈਨੂੰ ਮਾਛੀਵਾੜੇ ਪਹਿਲੀ ਵਾਰ ਬੋਲਦੇ ਸੁਣਿਆ। ਉਥੇ ਮੇਰਾ ਰੂ-ਬ-ਰੂ ਸੀ। ਉਧਰੋਂ ਜਤਿੰਦਰ ਹਾਂਸ, ਮੋਹਨ ਮਲਹਾਂਸ, ਬਿੰਦਰ ਭੁਮਸੀ, ਹਰਪਾਲ ਚੌਂਦਾ, ਬਲਵਿੰਦਰ ਗਰੇਵਾਲ ਤੇ ਗੁਰਪਾਲ ਲਿੱਟ ਹੋਰੀਂ ਆਏ ਸਨ। ਐਧਰੋਂ ਮੈਂ ਜਾਂਦਾ ਹੋਇਆ ਗੁਰਮੀਤ ਨੂੰ ਵੀ ਨਾਲ ਲੈ ਗਿਆ। ਜਦੋਂ ਅਸੀਂ ਉਥੇ

ਪਹੁੰਚੇ, ਉਥੇ ਕਈ ਬੰਦੇ ਪਹਿਲਾਂ ਤਾਂ ਗੁਰਮੀਤ ਵੱਲ ਉਪਰਿਆਂ ਵਾਂਗ ਝਾਕਦੇ ਰਹੇ। ਫਿਰ ਮੈਨੂੰ ਪਰਦੇ ਜਿਹੇ ਨਾਲ ਪੁੱਛਿਆ, "ਆਹ ਬੰਦਾ ਕੌਣ ਐ ?"

"ਇਹ ਮੇਰਾ ਵੱਡਾ ਸਾਲਾ ਗੁਰਮੀਤ ਐ !....ਮੇਰੇ ਨਾਲ ਆਇਆ।" ਜਦੋਂ ਮੈਂ ਦੱਸਿਆ ਤਾਂ ਸਭ ਦੀ ਹੈਰਾਨੀ ਕੱਟੀ ਗਈ।

ਉਹ ਸਮਝ ਰਹੇ ਸਨ ਕਿ ਇਕ ਡਰਾਇਵਰ ਦਾ ਸਾਹਿਤਕ ਫੰਕਸ਼ਨ ਵਿਚ ਕੀ ਕੰਮ ! ਉਨ੍ਹਾਂ ਵਿਚੋਂ ਜਿਹੜੇ ਅਧਿਆਪਕ ਸਨ ਉਹ ਗੁਰਮੀਤ ਦੀ ਬਸ ਵਿਚ ਆਉਂਦੇ ਜਾਂਦੇ ਸਨ। ਉਹ ਨਾਭੇ ਤੋਂ ਬਸ ਲੈ ਕੇ ਮਾਛੀਵਾੜੇ ਨੂੰ ਚੱਲਦਾ। ਟਰੱਕਾਂ ਕਾਰਾਂ ਦਾ ਕੰਮ ਠੱਪ ਹੋਣ ਪਿੱਛੋਂ ਉਹ ਦੀਪ ਵਾਂਗ ਬਸ ਦਾ ਡਰਾਇਵਰ ਬਣ ਗਿਆ ਸੀ। ਪਰ ਉਂਞ ਉਸ ਨੂੰ ਇਹ ਕਿੱਤਾ ਵੀ ਪਸੰਦ ਨਹੀਂ ਸੀ। ਉਹ ਮੈਨੂੰ ਅਕਸਰ ਆਖਦਾ, "ਲੈ ਇਹ ਵੀ ਕੋਈ ਨੌਕਰੀ ਐ !...ਕੁੱਤਾ ਕੰਮ ਸਾਲਾ !"

ਉਸ ਨੂੰ ਸਾਰੀ ਉਮਰ ਕਿਸੇ ਚੰਗੇ ਕੰਮ ਦੀ ਤਲਾਸ਼ ਰਹੀ। ਪਰ ਹਰ ਵਾਰੀ ਉਸ ਨੂੰ ਮਾੜਾ ਕੰਮ ਹੀ ਟੱਕਰਿਆ। ਉਹ ਪਤਾ ਨਹੀਂ ਕੌਣ ਸੀ ਜਿਹੜਾ ਉਸ ਨੂੰ 'ਸਟਰਲਿੰਗ ਲਾਈਫ ਕੰਪਨੀ' ਦੀ ਮੀਟਿੰਗ ਵਿਚ ਲੁਧਿਆਣੇ ਲੈ ਗਿਆ। ਉਹ ਇਕ ਗਿਣੀ-ਮਿਥੀ ਸਾਜਿਸ਼ ਨਾਲ ਬੰਦੇ ਦਾ ਬਰੇਨ ਵਾਸ਼ ਕਰਦੇ ਸਨ। ਕੁਝ ਘੰਟਿਆਂ ਦੀ ਬੰਦ ਕਮਰਾ ਸਕੂਲਿੰਗ ਤੋਂ ਬਾਅਦ ਆਇਆ ਬੰਦਾ ਉਨ੍ਹਾਂ ਦੀ ਭਾਸ਼ਾ ਬੋਲਣ ਲੱਗ ਪੈਂਦਾ ਸੀ। ਉਸ ਕੰਪਨੀ ਦਾ ਮੈਂਬਰ ਬਣ ਗੁਰਮੀਤ ਵੀ ਉਹੀ ਭਾਸ਼ਾ ਬੋਲਣ ਲੱਗ ਪਿਆ। ਮੈਨੂੰ ਮੈਂਬਰ ਬਣਾਉਣ ਲਈ ਉਹ ਕਹਿੰਦਾ, "ਤੁਸੀਂ ਮੇਰੇ ਨਾਲ ਜਾ ਵੇਖੋ ਤਾਂ ਸਈਂ।....ਸਿਰਫ ਇਕ ਵਾਰ ਚੱਲੋ !...ਆਹ ਸਕੂਲ ਦੀ ਨੌਕਰੀ ਭੁੱਲਜੋਂਗੇ !...ਬੱਸ ਆਪਣੇ ਥੱਲੇ ਮੈਂਬਰ ਬਨਾਉਣੇ ਨੇ...! ਇਕ ਵਾਰੀ ਬੰਦਾ ਡੀ. ਡੀ. ਬਣ ਗਿਆ।..ਸਮਝੋ ਦਿਨਾਂ ਵਿਚ ਹੀ ਲੱਖਾਂ ਕਰੋੜਾਂ ਵਿਚ ਖੇਡਣ ਲੱਗ ਪਿਆ।...ਬੱਸ ਤੁਸੀਂ ਇਕ ਵਾਰ ਮੇਰੇ ਨਾਲ ਚੱਲੋ।...ਥੋਡੇ ਤਾਂ ਬਥੇਰੇ ਦੋਸਤ ਨੇ।...ਦੋ ਚਾਰ ਨੂੰ ਨਾਲ ਲੈ ਚੱਲੋ...!!"

ਮੇਰਾ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਵਿਚ ਕਦੀ ਯਕੀਨ ਨਹੀਂ ਸੀ। ਪਰ ਗੁਰਮੀਤ ਦਾ ਦਿਲ ਰੱਖਣ ਲਈ ਮੈਂ ਚਰਨੇ ਨੂੰ ਲੈ ਕੇ ਚਲਿਆ ਗਿਆ। ਉਥੇ ਇਕ ਖਾਸ ਕਿਸਮ ਦੀ ਪ੍ਰਕਿਰਿਆ ਤੋਂ ਬਾਅਦ ਅਸੀਂ ਅਠਾਰਾਂ ਅਠਾਰਾਂ ਹਜ਼ਾਰ ਭਰ ਦਿੱਤਾ। ਗੁਰਮੀਤ ਹੇਠਾਂ ਅਸੀਂ ਦੋ ਮੈਂਬਰ ਬਣ ਗਏ। ਉਨ੍ਹਾਂ ਨੇ ਸਾਨੂੰ ਇਕ ਇਕ ਸ਼ਿਵ ਖੇੜਾ ਦੀ ਕਿਤਾਬ ਤੇ ਇਕ ਇਕ ਵਾਸ਼ਿੰਗ ਮਸ਼ੀਨ ਚੁਕਵਾ ਦਿੱਤੀ। ਅਸੀਂ ਘਰ ਆ ਗਏ। ਗੁਰਮੀਤ ਹੋਰ ਮੈਂਬਰ ਲੱਭਣ ਵਿਚ ਰੁਝ ਗਿਆ। ਕੁਝ ਮਹੀਨਿਆਂ ਬਾਅਦ ਖਬਰ ਆਈ ਕਿ ਉਹ ਕੰਪਨੀ ਭੱਜ ਗਈ ਸੀ। ਉਹ ਮੈਂਬਰਸ਼ਿਪ ਲਈ ਚਰਨੇ ਦੇ ਹਿੱਸੇ ਦਾ ਅਠਾਰਾਂ ਹਜ਼ਾਰ ਵੀ ਬੀਜੀ ਨੇ ਦਿੱਤਾ ਸੀ। ਜਿਹੜਾ ਚਰਨੇ ਨੇ ਮੁੜ ਕਦੀ ਨਾ ਮੋੜਿਆ।

ਸਿੱਕੇਬੰਦ ਕੰਮ ਲੱਭਦਾ ਲੱਭਦਾ ਗੁਰਮੀਤ ਚਾਲੀ ਸਾਲ ਤੋਂ ਟੱਪ ਗਿਆ ਸੀ। ਇਕ ਵਾਰ ਮੈਂ ਚਰਨੇ ਨਾਲ ਰਲਕੇ ਅਮਲੋਹ 'ਓਪਨ ਸਕੂਲ' ਰਾਹੀਂ ਦਸਵੀਂ ਕਰਵਾਉਣ ਦੀ ਅਕੈਡਮੀ ਖੋਲ੍ਹੀ। ਪਹਿਲਾਂ ਉਸ ਦਾ ਨਾਂ ਮੇਰੀ ਅਮਰਗੜ੍ਹ ਵਾਲੀ ਅਕੈਡਮੀ 'ਡਬਰਲ ਆਰ ਸਟੱਡੀ ਸੈਂਟਰ' ਵਾਲਾ ਸੀ। ਪਰ ਚਰਨੇ ਦੀ ਮਾੜੀ ਕਾਰਗੁਜ਼ਾਰੀ ਕਾਰਨ ਉਸ ਅਕੈਡਮੀ ਦਾ ਕੰਮ ਐਸਾ ਉਲਝਿਆ ਕਿ ਦੱਸਣ ਵਾਲੀ ਗੱਲ ਨਹੀਂ। ਕੋਈ ਫੇਲ੍ਹ ਕੋਈ ਪਾਸ। ਕਿਸੇ ਦਾ ਰੋਲ ਨੰਬਰ ਨਹੀਂ ਆਇਆ। ਕਿਸੇ ਦਾ ਸਰਟੀਫਿਕੇਟ ਗੁਆਚ ਗਿਆ। ਵਿਦਿਆਰਥੀਆਂ ਵਿਚ ਆਫੜਾ-ਤਫੜੀ ਮੱਚ ਗਈ। ਲੋਕ ਗਲ ਪੈ ਗਏ। ਚਰਨਾ ਪਿਛਾਂਹ ਹਟ ਗਿਆ। ਮੈਂ ਮਸਾਂ ਮੌਕਾ ਸੰਭਾਲਿਆ। ਅਕੈਡਮੀ ਦਾ ਨਾਂ ਬਦਲ ਕੇ 'ਮਾਰਸ਼ਲ ਅਕੈਡਮੀ' ਰੱਖ ਦਿੱਤਾ। ਉਹ ਬਸਾਂ ਤੋਂ ਹਟ ਚੁੱਕੇ ਗੁਰਮੀਤ ਨੂੰ ਸੰਭਾਲ ਦਿੱਤੀ। ਸੈਂਟਰ ਲਈ ਉਸ ਨੂੰ ਖੰਨੇ ਗੁਰਪਾਲ ਲਿੱਟ ਨਾਲ ਜੋੜ ਦਿੱਤਾ। ਪਰ ਉਹ ਜੋੜ ਵੀ ਫੇਲ੍ਹ ਹੋ ਗਿਆ। ਅਕੈਡਮੀ ਚੱਲ ਨਾ ਸਕੀ। ਗੁਰਮੀਤ ਨਿਰਾਸ਼ ਹੋ ਗਿਆ। ਬਾਅਦ ਵਿੱਚ ਮੈਂ ਉਹਦੀ ਉਹ ਡਾਇਰੀ ਵੇਖੀ, ਜਿਸ ਉਪਰ ਉਹ ਫੀਸਾਂ ਦਾ ਹਿਸਾਬ ਲਿਖਦਾ ਹੁੰਦਾ। ਕਿਸ ਵਿਦਿਆਰਥੀ ਦੀ ਕਿੰਨੀ ਫੀਸ ਆ ਗਈ। ਕਿੰਨੀ ਰਹਿ ਗਈ। ਡਾਇਰੀ ਦੇ



ਵੱਖ-ਵੱਖ ਪੇਜਾਂ ਉਪਰ ਹਰ ਗੱਲ ਲਿਖੀ ਹੋਈ ਸੀ। ਪਰ ਲਿਖਣ ਵਾਲਾ ਤਾਂ ਜ਼ਿੰਦਗੀ ਨਾਲ ਹੀ ਹਿਸਾਬ ਕਰ ਗਿਆ ਸੀ। ਉਹਦੀ ਉਹ ਡਾਇਰੀ ਅੱਜ ਵੀ ਅਮਲੋਹ ਪਈ ਹੈ।

ਉਹਦਾ ਕਿਥੇ ਕੀ ਕੀ ਪਿਆ। ਇਹ ਮੈਂ ਹੀ ਜਾਣਦਾ ਹਾਂ। ਕੋਈ ਉਸ ਨੂੰ ਸਮਝ ਨਾ ਸਕਿਆ। ਇਹ ਵੀ ਉਸ ਦੀ ਤ੍ਰਾਸਦੀ ਸੀ। ਜਦੋਂ ਕੁਝ ਸਮਝ ਨਾ ਆਉਂਦਾ, ਉਹ ਹਰ ਤ੍ਰਾਸਦੀ ਵੱਲ ਪਿੱਠ ਕਰ ਮਹਾਂ-ਤ੍ਰਾਸਦੀ ਵੱਲ ਨੂੰ ਤੁਰ ਪੈਂਦਾ। ਮੈਂ ਉਹਦੀ ਹਰ ਗੱਲ ਸਮਝਦਾ ਸੀ। ਉਹ ਮੇਰੀ ਹਰ ਗੱਲ ਉਪਰ ਫੁੱਲ ਚੜ੍ਹਾਉਂਦਾ। ਮੈਂ ਜੋ ਵੀ ਮੰਗ ਲੈਂਦਾ, ਉਹ ਦਿੰਦਾ। ਇਕ ਵਾਰ ਮੈਂ ਰਾਜੂ ਨਾਲ ਅਮਲੋਹ ਗਿਆ। ਇਹ 1996 ਦੀ ਗੱਲ ਹੈ। ਸਾਡਾ ਨਵਾਂ ਨਵਾਂ ਵਿਆਹ ਹੋਇਆ ਸੀ। ਗੁਰਮੀਤ ਮੈਨੂੰ ਆਪਣੇ ਨਵੇਂ ਬੂਟ ਦਿਖਾਉਣ ਲੱਗ ਪਿਆ। ਅਸਲੀ ਚਮੜੇ ਦਾ ਪੁਲਸੀਆ ਬਰਾਊਨ ਰੰਗ ਮੈਨੂੰ ਧੂਹ ਪਾ ਗਿਆ। ਮੈਂ ਆਖ ਬੈਠਾ, "ਬੜੇ ਸੋਹਣੇ ਬੂਟ ਨੇ ਯਾਰ !...ਕਿੱਥੋਂ ਬਣਵਾਏ ਨੇ ?..ਮੈਨੂੰ ਵੀ ਬਣਵਾ ਦੇ..!"

"ਲੈ ਤੂੰ ਆਹੀ ਪਾ ਕੇ ਦੇਖ...ਜੇ ਮੇਚ ਨੇ !...ਮੈਂ ਹੋਰ ਬਣਵਾ ਲੂੰ...।" ਮੇਰੇ ਇਕ ਬੋਲ 'ਤੇ ਉਹਨੇ ਆਪਣੇ ਪੈਰੋਂ ਲਾਹ ਕੇ ਬੂਟ ਮੇਰੇ ਪੈਰੀਂ ਪਾ ਦਿੱਤੇ ਸਨ।

ਉਸ ਸਾਲ ਮੈਂ ਮੋਗੇ ਡੀ. ਐਮ. ਕਾਲਜ ਵਿਚ ਬੀ. ਐਡ. ਕਰਦਾ ਸੀ। ਉਥੇ ਮੈਂ ਅਕਸਰ ਉਹ ਬੂਟ ਪਾ ਕੇ ਜਾਂਦਾ ਸੀ, ਜਿਨ੍ਹਾਂ ਨੂੰ ਗੁਰਮੀਤ ਮੁੜ ਕਦੀ ਨਾ ਬਣਵਾ ਸਕਿਆ।

1996 ਵਿਚ ਰਾਜੂ ਨਨਕਾਣਾ ਸਾਹਿਬ ਪਬਲਿਕ ਸਕੂਲ ਵਿਚ ਟੀਚਰ ਲੱਗੀ ਸੀ। ਉਹਨੇ ਆਪਣੀ ਪਹਿਲੀ ਤਨਖਾਹ ਵਿਚੋਂ ਮੈਨੂੰ ਇਕ ਕਰੀਮ ਕਲਰ ਰੰਗ ਦਾ ਕੁੜਤਾ-ਪਜਾਮਾ ਲੈ ਕੇ ਦਿੱਤਾ। ਇਕ ਸੁੱਚੀ ਚਿੱਟੀ ਜ਼ਰੀ ਦੀ ਨੋਕਾਂ ਵਾਲੀ ਜੁੱਤੀ ਬਣਵਾ ਕੇ ਦਿੱਤੀ। ਬਾਅਦ ਵਿੱਚ ਮੈਂ ਉਹ ਜੁੱਤੀ ਗੁਰਮੀਤ ਨੂੰ ਦੇ ਦਿੱਤੀ ਸੀ। ਉਹ ਉਸ ਨੂੰ ਪਾਉਂਦਾ ਘੱਟ, ਸੰਭਾਲ ਕੇ ਵੱਧ ਰੱਖਦਾ। ਉਹਦੇ ਪੈਰਾਂ ਨੂੰ ਭਾਵੇਂ ਰਾਹਾਂ ਦੀ ਮਿੱਟੀ ਖਾ ਗਈ ਪਰ ਉਹ ਨੋਕਾਂ ਵਾਲੀ ਜੁੱਤੀ ਅਜੇ ਵੀ ਅਮਲੋਹ ਪਈ ਹੈ।

ਗੁਰਮੀਤ ਨੂੰ ਮੁੱਢ ਤੋਂ ਹੀ ਸਰੀਰ ਸਾਂਭਣ ਦਾ ਬੜਾ ਸ਼ੌਕ ਸੀ। ਬੀਜੀ ਉਸ ਨੂੰ ਘਿਉ, ਦੁੱਧ, ਖੋਆ, ਪੰਜੀਰੀ ਮੁੱਕਣ ਨਾ ਦਿੰਦੀ। ਉਹਦੀ ਭਲਵਾਨਾਂ ਵਾਂਗ ਸੇਵਾ ਕਰਦੀ। ਉਹ ਕਸਰਤ ਕਰਦਾ। ਸਰੀਰ ਸਾਧਦਾ। ਜ਼ੋਰ ਕਰਨ ਲਈ ਉਹ ਕੀ-ਕੀ ਕਰਦਾ, ਰਾਜੂ ਇਹ ਦਿਲਚਸਪ ਢੰਗ ਨਾਲ ਦੱਸਦੀ ਹੁੰਦੀ ਹੈ। ਕਹਿੰਦੀ ਉਹਨੇ ਬਾਂਸ ਦੇ ਮਜ਼ਬੂਤ ਡੰਡੇ ਨਾਲ ਰੱਸੀਆਂ ਬੰਨ੍ਹ ਕੇ ਦੋਵਾਂ ਸਿਰਿਆਂ ਨਾਲ ਮਿੱਟੀ ਭਰਕੇ ਬਾਲਟੀਆਂ ਟੰਗੀਆਂ ਹੁੰਦੀਆਂ। ਫਿਰ ਉਹ ਬਾਲਟੀਆਂ ਵਾਲੇ ਬਾਂਸ ਨੂੰ ਪਿੱਛੋਂ ਦੀ ਮੋਢਿਆਂ 'ਤੇ ਧਰ ਕੇ ਬੈਠਕਾਂ ਲਾਉਂਦਾ। ਉਸ ਦੀਆਂ ਬਾਹਵਾਂ ਲੋਹੇ ਦੀਆਂ ਸਨ। ਕਸਰਤ ਕਰਨ ਵਕਤ ਉਹ ਰਾਜੂ ਨੂੰ ਕੋਲ ਖੜ੍ਹਾ ਲੈਂਦਾ। ਉਹਨੇ ਕੁਝ ਗੱਲਾਂ ਸਿਖਾਈਆਂ ਹੋਈਆਂ ਸਨ। ਜਿਵੇਂ ਉਹ ਕਹਿੰਦਾ, ਰਾਜੂ ਉਸੇ ਤਰ੍ਹਾਂ ਬੋਲਦੀ। ਪਹਿਲਾਂ ਉਹ ਆਪਣੇ ਹੱਥਾਂ ਦੀਆਂ ਉਂਗਲਾਂ ਦਿਖਾ ਕੇ ਪੁੱਛਦਾ, "ਆਹ ਕੀ ਨੇ ?"

"ਲੋਹੇ ਦੇ ਸਰੀਏ...।" ਭੋਲੀ ਭਾਲੀ ਰਾਜੂ ਆਖਦੀ।

ਜੋਸ਼ ਵਿਚ ਆਇਆ ਗੁਰਮੀਤ ਖੱਬੇ ਹੱਥ ਨੂੰ ਸੱਜੇ ਡੌਲੇ ਉਪਰ ਮਾਰਦਾ ਹੋਇਆ ਸੱਜੀ ਬਾਂਹ ਨੂੰ ਸਿੱਧੀ ਕਰ ਲੈਂਦਾ, "ਆਹ ਕੀ ਐ ?"

"ਗਾਡਰ...!!" ਜਿਉਂ ਹੀ ਰਾਜੂ ਆਖਦੀ, ਉਹ ਉਸ ਨੂੰ ਆਪਣੀ ਸਿੱਧੀ ਕੀਤੀ ਬਾਂਹ ਨਾਲ ਲਮਕਾ ਕੇ ਕਿੰਨਾ ਹੀ ਚਿਰ ਅਡੋਲ ਖੜ੍ਹਾ ਰਹਿੰਦਾ।

ਹੱਸਦੀ ਹੋਈ ਰਾਜੂ ਤੋਰੀ ਵਾਂਗ ਲਮਕਦੀ ਰਹਿੰਦੀ। ਪਰ ਗੁਰਮੀਤ ਦੀ ਬਾਂਹ ਲਿਫਦੀ ਨਹੀਂ ਸੀ।

ਫਿਰ ਵੀ ਖਾਸਾ ਕੁਝ ਐਸਾ ਸੀ ਜਿਹੜਾ ਉਸ ਨੂੰ ਸਾਰੇ ਦਾ ਸਾਰਾ ਲਿਫਾ ਗਿਆ।

ਪਰ ਕੁਝ ਵੀ ਐਸਾ ਨਹੀਂ ਸੀ ਜਿਹੜਾ ਉਹਦੀ ਜ਼ਿੰਦਗੀ ਨੂੰ ਰੱਜ ਕੇ ਜਿਊਣ ਦੀ ਚਾਹਤ ਨੂੰ ਮਾਰ ਸਕਦਾ। ਉਹ ਰਾਖ ਵਿਚੋਂ ਚਿੰਗਾਰੀਆਂ ਲੱਭਣ ਵਾਲਾ ਬੰਦਾ ਸੀ।

ਜਿਉਂ ਹੀ ਕੋਈ ਚਿੰਗਾਰੀ ਲੱਭਦੀ ਉਹ ਨੱਚ ਉਠਦਾ।

ਖੁਸ ਹੋਣ ਲਈ ਉਹ ਖੁਸ਼ੀ ਦਾ ਹਰ ਮੌਕਾ ਸਾਂਭਦਾ ਸੀ।

ਜਿਸ ਨਾਲ ਮੇਰੇ ਛੋਟੇ ਸਾਲੇ ਦੀਪ ਦਾ ਵਿਆਹ ਹੋਇਆ, ਮੈਂ ਅਜੇ ਕੁਆਰਾ ਸੀ। ਪਰ ਜੰਞ ਗਿਆ। ਜਿਥੇ ਜੰਞ ਉਤਰੀ, ਉਥੋਂ ਵਿਆਹ ਵਾਲਾ ਘਰ ਖਾਸੀ ਦੂਰ ਸੀ। ਸਵੇਰ ਦਾ ਚਾਹ ਪਾਣੀ ਤਾਂ ਠੀਕ ਰਿਹਾ। ਪਰ ਦੁਪਹਿਰ ਦੀ ਰੋਟੀ ਵਕਤ ਨਜ਼ਾਰਾ ਬੱਝ ਗਿਆ। ਪੀਣ ਵਾਲਿਆਂ ਨੇ ਪੀ ਲਈ। ਉਨ੍ਹਾਂ ਵਿਚ ਗੁਰਮੀਤ ਵੀ ਸੀ। ਜਦੋਂ ਬਾਜਾ ਵੱਜਿਆ, ਗੁਰਮੀਤ ਦਾ ਪੈਰ ਉਠਣ ਲੱਗ ਪਿਆ। ਧੁਰ ਤੋਂ ਧੁਰ ਤੱਕ ਕੱਚਾ ਪਹਾ ਸੀ। ਖੌਰੂ ਪੈਣ ਲੱਗ ਪਿਆ। ਮਈ ਦਾ ਮਹੀਨਾ। ਅੱਤ ਦੀ ਗਰਮੀ। ਤੇ ਸਿਖਰ ਦੁਪਹਿਰਾ। ਰੋਟੀ ਵਾਲੇ ਟੈਂਟ ਤੱਕ ਪਹੁੰਚਦਿਆਂ ਨੱਚਣ ਵਾਲਿਆਂ ਅੰਦਰ ਅੱਗ ਮੱਚਣ ਲੱਗ ਪਈ। ਮੈਂ ਤਾਂ ਸੰਗਦਾ-ਸੰਗਦਾ ਜਿਹਾ ਨੱਚਦਾ। ਪਰ ਮੁੰਡੀਆਂ ਵਾਲਾ ਸੁੱਖਾ ਤੇ ਗੁਰਮੀਤ। ਉਨ੍ਹਾਂ ਤਾਂ ਹੱਦ ਹੀ ਲਾਹ ਛੱਡੀ। ਸੁੱਖਾ ਸੱਪਣੀ ਵਾਂਗ ਮੇਲ ਮੇਲ ਨੱਚਣ ਲੱਗ ਪਿਆ। ਗੁਰਮੀਤ ਨੇ ਜੇਬ ਵਿਚੋਂ ਰੁਮਾਲ ਕੱਢੀ। ਇਕ ਸਿਰਾ ਦੰਦਾਂ ਵਿਚ ਦੱਬ ਲਿਆ। ਦੂਜਾ ਸਿਰਾ ਹੱਥਾਂ ਵਿਚ ਫੜ, ਰੁਮਾਲ ਦੀ ਬੀਨ ਬਣਾ ਉਹ ਸਪੇਰਾ ਬਣ ਨੱਚਣ ਲੱਗ ਪਿਆ। ਬਾਜਾ ਹੋਰ ਤੇਜ਼ ਵੱਜਣ ਲੱਗ ਪਿਆ। ਗਰਮੀ ਦੀਆਂ ਤਤੀਰੀਆਂ ਚੋਣ ਲੱਗ ਪਈਆਂ। ਲੋਕਾਂ ਨੇ ਮਸਾਂ ਗੱਲ ਕਾਬੂ ਕੀਤੀ। ਜਦੋਂ ਬਾਜਾ ਵੱਜਣੋਂ ਹੱਟਿਆ, ਮੈਂ ਗੁਰਮੀਤ ਹੋਰਾਂ ਨਾਲ ਕੁਰਸੀਆਂ 'ਤੇ ਰੋਟੀ ਖਾਣ ਜਾ ਬੈਠਾ। ਦਾਤੀ ਫਰੇ ਪੱਖੇ ਚੱਲ ਰਹੇ ਸਨ। ਪਰ ਗੁਰਮੀਤ ਨੂੰ ਸ਼ਰਾਬ ਨਾਲ ਚੜ੍ਹੀ ਗਰਮੀ ਅੱਗ ਵਾਂਗ ਮੱਚ ਰਹੀ ਸੀ। ਹਫਿਆ ਹੋਇਆ ਉਹ ਇਕ ਹੀ ਗੱਲ ਆਖੀਂ ਜਾਂਦਾ ਸੀ, "ਮੱਚੋਗੇ ਓਏ।....ਆਏ ਹਾਏ ਓਏ ਮਰਗੇ!..ਮੱਚਗੇ ਯਾਰ!..ਆਹ ਪੱਖਾ ਚਲਾਇਓ ਕੇਰਾਂ ਮੱਚਗੇ...।!!"

ਕੁੜਤੇ ਦੇ ਖੁੱਲ੍ਹੇ ਬਟਣ। ਬਾਹਾਂ ਉਤਾਂਹ ਚੜ੍ਹਾਈਆਂ ਤੇ ਗਰਮੀ ਨਾਲ ਨੁੱਚੜਦਾ। ਗੁਰਮੀਤ ਦੀ ਹਾਲਤ ਵੇਖ ਮੇਰਾ ਹੱਸ-ਹੱਸ ਢਿੱਡ ਦੁਖਣ ਲੱਗ ਪਿਆ ਸੀ।

ਪਰ ਉਹ ਕਿੰਨਾ ਹੀ ਚਿਰ 'ਮੱਚਗੇ ਓਏ-ਮੱਚਗੇ ਓਏ' ਕਰਦਾ ਰਿਹਾ।

ਪਤਾ ਨਹੀਂ ਉਸ ਅੰਦਰ ਕਿਹੜੀ ਅੱਗ ਸੀ, ਜਿਹੜੀ ਪੈਰਾਂ ਹੇਠਣ ਮੱਚਣ ਲੱਗਦੀ। ਉਹ ਸ਼ੈਦਾਈ ਬਣ ਨੱਚਣ ਲੱਗਦਾ।

"ਆਹ ਦੇਖੋ ਆਪਣੇ ਗੁਰਮੀਤ ਦੀ ਫੋਟੋ...!!" ਇਕ ਵਾਰੀ ਗੁਆਂਢੀ ਪਿੰਡ ਅਕਾਲਗੜ੍ਹ ਦਾ ਬੰਦਾ ਇਕ ਫੋਟੋ ਘਰ ਲੈ ਕੇ ਆਇਆ।

ਉਹ ਫੋਟੋ ਬੀਕਾਨੇਰ ਦੇ ਇਕ ਬਾਜ਼ਾਰ ਵਿਚ ਖਿੱਚੀ ਹੋਈ ਸੀ। ਫੋਟੋ ਵਿਚ ਗੁਰਮੀਤ ਸੜਕ ਦੇ ਗੱਭੇ ਭੰਗੜਾ ਪਾ ਰਿਹਾ ਸੀ। ਕੋਲ ਖੜ੍ਹਾ ਢੋਲੀ ਢੋਲ ਵਜਾ ਰਿਹਾ ਸੀ। ਮੁਸਕੜੀਆਂ ਹੱਸਦੇ ਲੋਕ ਲੰਘੇ ਜਾ ਰਹੇ ਸਨ। ਪਤਾ ਨਹੀਂ ਕਿਹੜੀ ਲੋਰ ਵਿਚ ਗੁਰਮੀਤ ਨੱਚੀ ਜਾ ਰਿਹਾ ਸੀ। ਬੱਸ ਨੱਚੀ ਜਾ ਰਿਹਾ ਸੀ।

ਜਿਸ ਦਿਨ ਮੈਂ ਉਹ ਫੋਟੋ ਵੇਖੀ ਮੈਂ ਹੱਸੀ ਜਾ ਰਿਹਾ ਸੀ।

ਮੇਰਾ ਹਾਸਾ ਗੁਰਮੀਤ ਵੱਲੋਂ ਅਣਚਾਹੀ ਜ਼ਿੰਦਗੀ 'ਤੇ ਕੀਤੀ ਜਾ ਰਹੀ ਚੋਟ ਉਪਰ ਸੀ।

ਉਹ ਹਰ ਉਸ ਗੱਲ ਉਪਰ ਚੋਟ ਕਰਨੀ ਚਾਹੁੰਦਾ ਸੀ, ਜਿਸ ਨੂੰ ਉਹਨੇ ਕਦੀ ਚਾਹਿਆ ਨਹੀਂ।

ਜਿਸ ਨੂੰ ਉਹਨੇ ਚਾਹਿਆ, ਉਸ ਦਾ ਨਾਂ ਮਨਜੀਤ ਸੀ।

ਮਨਜੀਤ ਦੀਆਂ ਕਈ ਹਰਕਤਾਂ ਨੇ ਭਾਵੇਂ ਗੁਰਮੀਤ ਉਪਰ ਜਾਨਲੇਵਾ ਅਸਰ ਕੀਤਾ ਸੀ।

ਪਰ ਫਿਰ ਵੀ ਉਹ ਉਹਦੀ ਹਮਸਫਰ ਸੀ।



ਉਨ੍ਹਾਂ ਦੇ ਦੋ ਮੁੰਡੇ ਸਨ। ਸੁੱਖੀ ਤੇ ਸੰਦੀਪ।

ਗੁਰਮੀਤ ਦੋਵਾਂ ਨੂੰ ਬਹੁਤ ਪੜ੍ਹਾਉਣਾ ਚਾਹੁੰਦਾ ਸੀ। ਚੰਗੀਆਂ ਆਦਤਾਂ ਸਿਖਾ ਸਿੱਧੇ ਰਾਹ ਪਾਉਣਾ ਚਾਹੁੰਦਾ ਸੀ। ਇਸ ਲਈ ਮੈਂ ਅਕਸਰ ਉਸ ਨੂੰ ਟੋਕਾ ਟਾਕੀ ਕਰਦਿਆਂ ਵੇਖਦਾ। ਉਹ ਹਰ ਗੱਲ ਇਕ ਤਰਤੀਬ ਵਿਚ ਚਾਹੁੰਦਾ ਸੀ। ਇਸ ਲਈ ਖਿਝਦਾ। ਹਰ ਗੱਲ ਉਪਰ ਟਿਪਣੀ ਕਰਦਾ। ਜੇਕਰ ਸੁੱਖੀ ਸਵੇਰੇ ਸਾਝਰੇ ਨਾ ਉਠਦਾ, ਗੁਰਮੀਤ ਵੀਹ ਸਲੋਕ ਸੁਣਾਉਂਦਾ। ਸੰਦੀਪ ਨੂੰ ਹੇਠਲਾ ਬੁੱਲ੍ਹਣ ਚੁੰਘਣ ਦੀ ਖਾਸੀ ਆਦਤ ਸੀ। ਜਦੋਂ ਗੁਰਮੀਤ ਵੇਖ ਲੈਂਦਾ, ਪਟਾਕਾ ਛੱਡਦਾ, "ਮੈਂ ਕਿਹਾ ਬੁੱਲ੍ਹ ਬਾਹਰ ਕੱਢ ਲੈ।..ਨਹੀਂ ਆਹ ਜੁੱਤੀ ਆਊ...!!"

"ਚਲੋ ਕੋਈ ਨੀ!..ਹਟ ਜਾਣਗੇ।...ਨਿਆਣੇ ਨੇ ਅਜੇ...।" ਜੇਕਰ ਮਨਜੀਤ ਮੁੰਡਿਆਂ ਦਾ ਪੱਖ ਲੈਂਦੀ, ਉਹ ਉਸ ਨੂੰ ਵੀ ਪੈ ਨਿਕਲਦਾ, "ਤੂੰ ਬੈਠੀ ਰਹਿ ਮੈਡਮ ਬੈਠੀ ਰਹਿ।.... ਆਪਣਾ ਗਿਆਨ ਆਪਣੇ ਕੋਲ ਰੱਖ।...ਉਹ ਦੁਪਹਿਰ ਤਾਈਂ ਉਠਦਾ ਨੀ!..ਇਹ ਬੁੱਲ ਚੁੰਘ ਚੁੰਘ ਰੱਜਿਆ ਪਿਆ।...ਹੁਣ ਰੋਟੀ ਦੀ ਕੀ ਲੋੜ ਐ ਇਹਨੂੰ...!!"

ਜਦੋਂ ਉਹ ਟੀ. ਵੀ. ਵੇਖਦਾ, ਮੁਕੰਮਲ ਚੁੱਪ ਭਾਲਦਾ ਸੀ। ਜੇਕਰ ਕੋਈ ਬੋਲ ਪੈਂਦਾ, ਉਹ ਮਗਰ ਪੈ ਜਾਂਦਾ। ਜੇਕਰ ਕੋਈ ਉਹਦੇ ਬੈਠੇ ਦੇ ਮੂਹਰਦੀ ਲੰਘ ਜਾਂਦਾ, ਉਹ ਅਗਲੇ ਦੀ ਲੱਤ ਤੋੜਨ ਤੱਕ ਜਾਂਦਾ ਸੀ, "ਓਏ ਕੁਸ਼ ਤਾਂ ਸਿੱਖ ਲੋ।...ਕੁਸ਼ ਤਾਂ ਸਿੱਖ ਲੋ ਸਾਲਿਓ।...ਐਧਰ ਹੋ ਜਾ ਹੁਣ ਗੱਭੇ ਖੜ੍ਹ ਗਿਆਂ।"

ਉਹਨੇ ਉਹ ਸਕੂਟਰ ਵੀ ਗੱਭੇ ਨਹੀਂ ਇਕ ਪਾਸੇ ਖੜ੍ਹਾਇਆ ਸੀ। ਅੰਦਰ ਆ ਕੇ ਮੈਨੂੰ ਚਾਬੀ ਫੜਾ ਦਿੱਤੀ। ਉਂਝ ਤਾਂ ਮੈਂ ਖੁਸ਼ ਸੀ। ਪਰ ਸਕੂਟਰ ਵਿਆਹ ਵਿਚ ਆਇਆ। ਇਸ ਗੱਲ ਦੀ ਇਕ ਝਿਜਕ ਵੀ ਸੀ। ਮੈਂ ਖਾਸਾ ਚਿਰ ਤਾਂ ਚਾਬੀ ਨੂੰ ਕੀਮਤੀ ਸ਼ੈਅ ਵਾਂਗ ਫੜੀ ਬੈਠਾ ਰਿਹਾ। ਫਿਰ ਸੰਗਦਾ ਸੰਗਦਾ ਜਿਹਾ ਵਿਹੜੇ ਵਿਚ ਗਿਆ। ਬਾਹਰਲੇ ਗੇਟ ਕੋਲ ਬਣੀ ਲੈਟਰੀਨ ਕੋਲ ਨਵਾਂ ਘੁੱਗੀ ਰੰਗਾ ਸਕੂਟਰ ਖੜਾ ਸੀ। ਕੋਈ ਮੈਨੂੰ ਵੇਖ ਤਾਂ ਨਹੀਂ ਰਿਹਾ। ਇਹ ਪੱਕ ਕਰ ਜਦੋਂ ਮੈਂ ਡਰਦੇ ਡਰਦੇ ਨੇ ਸਕੂਟਰ ਉਪਰ ਬਹਿ ਕੇ ਵੇਖਿਆ। ਉਸ ਨੂੰ ਹੱਥ ਲਾ ਲਾ ਵੇਖਿਆ। ਮੇਰੇ ਮਨ ਵਿਚ ਗੁਰਮੀਤ ਪ੍ਰਤੀ ਕਿਸੇ ਡੂੰਘੇ ਸਤਿਕਾਰ ਦੇ ਭਾਵ ਤੈਰ ਰਹੇ ਸਨ।

ਦੂਜਿਆਂ ਦੀ ਖੁਸ਼ੀ ਲਈ ਜਿਊਣ ਵਾਲਾ ਉਹ ਬੰਦਾ ਕਿਤੇ ਪਹਿਲਾਂ ਤੋਂ ਹੀ ਮਰਨਾ ਸ਼ੁਰੂ ਹੋ ਗਿਆ ਸੀ।

ਕਈ ਵਾਰੀ ਉਹ ਨਮਾਜ਼ ਬਖਸ਼ਾਉਣ ਜਾਂਦਾ। ਅੱਗੋਂ ਰੋਜ਼ੇ ਗਲ ਪੈ ਜਾਂਦੇ।

ਜੇਕਰ ਉਹ ਮੇਰਾ ਸਾਲਾ ਨਾ ਹੁੰਦਾ। ਜੋਗ ਕੇ ਵੀ ਉਹਦੇ ਗਲ ਪੈ ਜਾਂਦੇ। ਗੱਲ ਹੀ ਐਸੀ ਵਾਪਰੀ। ਮੇਰੇ ਵਿਆਹ ਤੋਂ ਪਹਿਲਾਂ ਦੀ ਗੱਲ ਹੈ। ਗੁਰਮੀਤ ਅਮਲੋਹ ਤੋਂ ਟਰੱਕ ਲੈ ਕੇ ਆਇਆ ਸੀ। ਕੁਝ ਲੋਕ ਉਥੋਂ ਕੁਝ ਇੱਥੋਂ। ਸਭ ਨੇ ਸਵੇਰੇ ਸਰਸੇ ਨੂੰ ਜਾਣਾ ਸੀ। ਸ਼ਾਮ ਦਾ ਵਕਤ। ਮੂੰਹ ਹਨੇਰਾ। ਜਿਉਂ ਹੀ ਗੁਰਮੀਤ ਨੇ ਚੁਬਾਰੇ ਵਾਲਿਆਂ ਦੇ ਘਰ ਕੋਲੋਂ ਬੀਹੀ ਵੱਲ ਨੂੰ ਟਰੱਕ ਮੋੜਿਆ, ਕੂਹਣੀ ਮੋੜ ਤੰਗ ਸੀ। ਜੋਗ ਕਿਆਂ ਨੇ ਬਨੇਰੇ ਵਿਚੋਂ ਗਾਡਰ ਬੀਹੀ ਵਿਚ ਨੂੰ ਕੱਢ ਕੇ ਡਿਜ਼ਾਇਨ ਜਿਹਾ ਬਣਾਇਆ ਹੋਇਆ ਸੀ। ਟਰੱਕ ਦਾ ਉਪਰਲਾ ਟੂਲ ਬਕਸ ਉਨ੍ਹਾਂ ਦੀ ਬੈਠਕ ਦੇ ਪਹਿਲੇ ਹੀ ਗਾਡਰ ਵਿਚ ਵੱਜਿਆ। ਜਿਵੇਂ ਜੜ੍ਹ ਸਮੇਤ ਦਰਖਤ ਪੱਟਿਆ ਜਾਂਦਾ। ਇੱਟਾਂ ਸਮੇਤ ਗਾਡਰ ਬਾਹਰ ਆ ਡਿੱਗਿਆ। ਥੋੜ੍ਹਾ ਜਿਹਾ ਚਿਰ 'ਕੀ ਹੋ ਗਿਆ ਕੀ ਹੋ ਗਿਆ' ਹੋਈ। ਫਿਰ ਘੁਸਰ ਮੁਸਰ ਤੋਂ ਬਾਅਦ ਚੁੱਪ ਵਰਤ ਗਈ। ਜੋਗ ਕਿਆਂ ਨੇ ਵੀ ਉਹ ਮਘੋਰਾ ਬੰਦ ਨਹੀਂ ਕਰਵਾਇਆ। ਮੈਂ ਕਿੰਨੇ ਹੀ ਸਾਲ ਉਨ੍ਹਾਂ ਦੀ ਬੈਠਕ ਦਾ ਉਹ ਢਿਹਾ ਹੋਇਆ ਖੂੰਜਾ ਵੇਖਦਾ ਰਿਹਾ ਜਿਸ ਨਾਲ ਗੁਰਮੀਤ ਖਹਿ ਕੇ ਲੰਘਿਆ ਸੀ।

ਉਹ ਕਦੀ ਢਹਿ ਜਾਂਦਾ। ਕਦੇ ਢਾਹ ਦਿੰਦਾ। ਢਾਹ ਉਸਾਰੂ ਕਿਰਿਆ ਉਹਦੀ ਜ਼ਿੰਦਗੀ

ਦਾ ਝੂਠ ਬਣ ਗਈ ਸੀ। ਪਰ ਉਂਝ ਉਹ ਸੱਚਾ ਬੰਦਾ ਸੀ।

ਇਕ ਵਾਰੀ ਮੈਂ ਅਮਲੋਹ ਗਿਆ। ਸ਼ਾਮ ਦਾ ਵਕਤ। ਰਾਜੂ ਮੇਰੇ ਨਾਲ ਸੀ। ਗੁਰਮੀਤ ਸ਼ਰਾਬ ਪੀਈਂ ਬੈਠਾ। ਪਹਿਲਾਂ ਕਿਸੇ ਗੱਲੋਂ ਬੀਜੀ ਨਾਲ ਝਗੜ ਰਿਹਾ ਸੀ। ਸਾਨੂੰ ਵੇਖ ਸ਼ਰਮ ਮੰਨ ਗਿਆ। ਆਪਣੇ ਆਪ ਨੂੰ ਸੋਫੀ ਸਿੱਧ ਕਰਨ ਲਈ ਉਹ ਮੇਰੇ ਨਾਲ 'ਆਉ-ਭਗਤ' ਦੀਆਂ ਗੱਲਾਂ ਕਰਨ ਲੱਗ ਪਿਆ। ਜਦੋਂ ਮੈਂ ਕਿਹਾ, "ਚੱਲ ਬਾਜ਼ਾਰ 'ਚ ਆਂਡੇ ਖਾ ਕੇ ਆਉਨੇ ਆਂ...।"

"ਚਲੋ !..ਪਰ ਮੈਂ ਨੀ ਖਾਣੇ। ਤੁਸੀਂ ਖਾ ਲਿਓ...।" ਉਹ ਬੜੀ ਗੰਭੀਰਤਾ ਨਾਲ ਬੋਲਿਆ।

"ਕਿਉਂ ਤੂੰ ਕਿਉਂ ਨੀ ਖਾਣੇ...?" ਜਦੋਂ ਮੈਂ ਪੁੱਛਿਆ, ਉਹ ਕਹਿੰਦਾ, "ਆਂਡੇ ਤਾਂ ਮੈਂ ਅੱਜ ਕਲ੍ਹ ਛੱਡੇ ਹੋਏ ਨੇ....!!"

ਉਹਦੀ ਗੱਲ ਸੁਣ ਮੈਂ ਹੱਸ-ਹੱਸ ਦੂਹਰਾ ਹੋ ਗਿਆ। ਜਿਹੜੀ ਚੀਜ਼ ਛੱਡਣ ਵਾਲੀ ਸੀ, ਉਹ ਪੀਈਂ ਬੈਠਾ ਸੀ। ਜਿਹੜੀ ਚੀਜ਼ ਖਾਣ ਵਾਲੀ ਸੀ, ਉਹ ਛੱਡੀਂ ਬੈਠਾ ਸੀ। ਕੀ ਛੱਡਣਾ ਹੈ ਕੀ ਨਹੀਂ ਛੱਡਣਾ ? ਸ਼ਾਇਦ ਇਹ ਸਵਾਲ ਵੀ ਉਹਦੀ ਹੋਣੀ ਸੀ।

ਆਪਣੀ ਹੋਣੀ ਸੰਗ ਜੂਝਦਾ ਉਹ ਮੌਤ ਦੇ ਕਾਫੀ ਨਜ਼ਦੀਕ ਆ ਗਿਆ ਸੀ।

ਮਰਨ ਤੋਂ ਕੁਝ ਮਹੀਨੇ ਪਹਿਲਾਂ ਉਹ ਇਕ ਦਿਨ ਗੋਗੀ ਡਾਕਟਰ ਨਾਲ ਬਜ਼ਾਰ ਵਿਚ ਤੁਰਿਆ ਜਾ ਰਿਹਾ ਸੀ। ਰਾਹ ਵਿਚ ਕਿਸੇ ਦਾ ਨਵਾਂ ਬੁਲਟ ਮੋਟਰਸਾਈਕਲ ਖੜ੍ਹਾ ਸੀ। ਵੇਖ ਕੇ ਗੁਰਮੀਤ ਰੁਕ ਗਿਆ। ਉਹਦੇ ਸ਼ੀਸ਼ੇ ਵਿੱਚ ਆਪਣੀ ਪੱਗ ਦੇ ਲੜ ਠੀਕ ਕਰਦਾ ਹੋਇਆ ਉਹ ਗੋਗੀ ਡਾਕਟਰ ਨੂੰ ਕਹਿੰਦਾ, "ਬੱਸ ਦੇਖਦਾ ਜਾਹ !-ਆਪਾਂ ਵੀ ਲਿਆਉਣਾ ਐਹਾ ਜਿਹਾ ਨਵਾਂ....।"

ਮੈਂ ਉਸ ਨਾਲ ਨਵਾਂ ਬੁਲਟ ਮੋਟਰਸਾਈਕਲ ਲਿਆਉਣ ਦੀ ਗੱਲ ਕੀਤੀ ਸੀ। ਉਹ ਮੇਰੇ ਲਈ ਪਹਿਲਾਂ ਸਰਹਿੰਦ ਗਿਆ। ਫਿਰ ਖੰਨੇ ਬੁਲਟ ਦੀ ਏਜੰਸੀ ਵਿੱਚ ਜਾ ਕੇ ਆਇਆ। ਸਭ ਕੁਝ ਪਤਾ ਕਰਕੇ ਆਇਆ। ਪਰ ਮੇਰਾ ਮੋਟਰਸਾਈਕਲ ਚਲਾਉਣਾ ਉਹਦਾ ਨਸੀਬ ਨਹੀਂ ਸੀ। ਉਹ ਭਾਵੇਂ ਤੁਰ ਗਿਆ ਪਰ ਮੈਂ ਉਹਦੀ ਕੀਤੀ ਗੱਲ ਪੂਰੀ ਕੀਤੀ। ਕਈਆਂ ਨੇ ਮੈਨੂੰ ਕਈ ਸਲਾਹਾਂ ਦਿੱਤੀਆਂ। ਕੋਈ ਕਹਿੰਦਾ ਪਟਿਆਲੇ ਲੁਧਿਆਣੇ ਤੋਂ ਲਿਆ। ਕੋਈ ਕਹਿੰਦਾ ਮਾਲੇਰਕੋਟਲੇ ਬਠਿੰਡੇ ਤੋਂ ਖਰੀਦ। ਪਰ ਮੈਂ ਖੰਨੇ ਤੋਂ ਹੀ ਬੁਲਟ ਲਿਆਂਦਾ। ਕਿਉਂਕਿ ਉਥੋਂ ਗੁਰਮੀਤ ਪੁੱਛ ਕੇ ਆਇਆ ਸੀ।

"ਜੇਕਰ ਉਹ ਜਿਊਂਦਾ ਹੁੰਦਾ।... ਉਹਨੂੰ ਬੜਾ ਚਾਉ ਚੜ੍ਹਨਾ ਸੀ !!" ਕਈ ਵਾਰ ਉਦਾਸ ਹੋਈ ਰਾਜੂ ਆਖਦੀ ਹੈ।

ਇਸ ਗੱਲ ਦਾ ਮੈਨੂੰ ਵੀ ਪਤਾ। ਉਸ ਨੂੰ ਮੇਰੀ ਹਰ ਚੀਜ਼ ਦਾ ਚਾਅ ਹੁੰਦਾ ਸੀ। ਪਰ ਜਿਉਂ ਹੀ ਉਹਦਾ ਚਾਅ ਪੂਰਾ ਹੋਣ ਲੱਗਦਾ, ਕੋਈ ਗਲਤੀ ਹੋ ਜਾਂਦੀ। ਜਿਸ ਤਰ੍ਹਾਂ ਸ਼ਾਲੂ ਦੇ ਜਨਮ ਦਿਨ ਵਕਤ ਹੋਈ। ਅਸੀਂ ਉਹਦਾ ਪਹਿਲਾ ਜਨਮ ਦਿਨ ਮਨਾਉਣਾ ਸੀ। ਆਂਢ-ਗੁਆਂਢ ਦੇ ਲੋਕ ਸੱਦੇ। ਅਮਲੋਹ ਵਾਲਾ ਸਾਰਾ ਪਰਿਵਾਰ ਸੱਦਿਆ। ਗੁਰਮੀਤ ਵੀ ਆਇਆ। ਪਰ ਬਾਜ਼ੀ ਉਸ ਨੂੰ ਖੇਤ ਲੈ ਗਿਆ। ਉਥੇ ਸ਼ਰਾਬ ਪੀ ਲਈ। ਮੀਂਹ ਪਿਆ ਹੋਇਆ ਸੀ। ਕੱਚਾ ਪਹਾ। ਵਿਚ ਗੋਡੇ ਗੋਡੇ ਪਾਣੀ। ਸ਼ਾਮ ਨੂੰ ਜਦੋਂ ਮੈਂ ਕਿਰਾਏ ਦੀ ਕਾਰ ਕਰਕੇ ਖੇਤ ਗਿਆ, ਦੋਵੇਂ ਜਣੇ ਟੋਕੇ ਵਾਲੀ ਮਸ਼ੀਨ ਕੋਲ ਚਿੱਕੜ ਵਿਚ ਡਿੱਗੇ ਪਏ ਸਨ। ਬਾਜ਼ੀ ਤਾਂ ਆਊਟ ਸੀ। ਪਰ ਮੈਨੂੰ ਵੇਖ ਗੁਰਮੀਤ ਉੱਠਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਉੱਠਦਾ ਤਿਲਕ ਕੇ ਡਿੱਗ ਪੈਂਦਾ। ਬੋਲਦਾ ਪਰ ਜ਼ੁਬਾਨ ਨਾ ਉੱਲਟਦੀ। ਮੈਂ ਕਾਰ ਵਿਚ ਉਸ ਨੂੰ ਮਸਾਂ ਘਰ ਲਿਆਂਦਾ ਸੀ। ਉਹਦੀ ਹਾਲਤ ਔਰ ਹਰਕਤ ਵੇਖ ਬੀਜੀ ਗਹਿਰੀ ਨਮੋਸ਼ੀ ਮੰਨ ਗਈ ਸੀ।

ਅੰਤ ਵਿਚ ਗੁਰਮੀਤ ਵੀ ਮੰਨ ਗਿਆ ਸੀ। ਪਤਾ ਨਹੀਂ ਕਿਧਰੋਂ ਇਕ ਬੰਦਾ ਆ ਨਿਕਲਿਆ। ਬੀਜੀ ਨੇ ਉਹਨੂੰ ਮੂਹਰਲੀ ਬੀਹੀ ਵਾਲੀ ਦੁਕਾਨ ਕਿਰਾਏ 'ਤੇ ਦੇ ਦਿੱਤੀ। ਦੀਪ ਵਾਲੀ ਬੈਠਕ ਰਹਿਣ ਲਈ ਦੇ ਦਿੱਤੀ। ਉਹ ਬੰਦਾ ਚੁਸਤ ਚਲਾਕ ਸੀ। ਉਹਨੇ ਮੂਹਰਲੀ ਦੁਕਾਨ ਵਿਚ 'ਜਗਦੀਪ ਨਸ਼ਾ



ਛੁਡਾਉ ਕੇਂਦਰ' ਖੋਲ੍ਹ ਲਿਆ। ਗੱਲ ਤੁਰ ਪਈ। ਉਹ ਲੋਕਾਂ ਨੂੰ 'ਪੁੜੀਆਂ' ਦੇਣ ਲੱਗਾ। ਸਵੇਰ ਤੋਂ ਸ਼ਾਮ ਤੱਕ ਨਸ਼ਾ ਪੀੜਤ ਆਉਂਦੇ। ਨਸ਼ਾ ਛੁਡਾਉਣ ਵਾਲੀਆਂ ਪੁੜੀਆਂ ਲੈ ਕੇ ਪਰਤ ਜਾਂਦੇ। ਉਸ ਬੰਦੇ ਨੇ ਗੁਰਮੀਤ ਵੀ ਫਾਹ ਲਿਆ। ਉਸ ਨੂੰ ਬੁੱਗੇ ਬਸ ਅੱਡੇ ਵਿਚ 'ਜਗਦੀਪ ਨਸ਼ਾ ਛੁਡਾਉਣ ਕੇਂਦਰ' ਦੀ ਬਰਾਂਚ ਖੋਲ੍ਹਣ ਲਈ ਮਨਾ ਲਿਆ। ਮੈਂ ਰਣ ਸਿੰਘ ਮਾਮੇ ਨਾਲ ਗੱਲ ਕੀਤੀ। ਉਹਨੇ ਗੁਰਮੀਤ ਨੂੰ ਇਕ ਦੁਕਾਨ ਦਿਖਾ ਦਿੱਤੀ। ਬੀਜੀ ਕਹਿੰਦੀ, "ਚਲੋ ਨਾਲੇ ਕਿਸੇ ਕੰਮ ਲੱਗੂ।.... ਨਾਲੇ ਆਪਣਾ ਨਸ਼ਾ ਛੱਡੂ।... ਆਹ ਤਾਂ ਚੰਗਾ ਹੋ ਗਿਆ।"

ਪਰ ਕੀ ਪਤਾ ਸੀ ਕਿ ਸਭ ਕੁਝ ਤਾਂ ਮਾੜਾ ਹੋ ਗਿਆ।

ਗੁਰਮੀਤ ਸ਼ਰਾਬ ਪੀ ਕੇ ਨਸ਼ਾ ਛੱਡਣ ਵਾਲੇ ਗਾਹਕ ਲੱਭਦਾ ਰਹਿੰਦਾ। ਕਿਸ ਨੇ ਆਉਣਾ ਸੀ। ਕੋਈ ਨਾ ਆਇਆ। ਉਲਟਾ ਉਹ ਤੁਰ ਗਿਆ।

ਜਾਣ ਤੋਂ ਪਹਿਲਾਂ ਉਹ ਪਾਗਲ ਹੋ ਗਿਆ ਸੀ। ਬੀਜੀ ਉਸ ਦੀਆਂ ਗੱਲਾਂ ਦੱਸਦੀ। ਸੁਣ ਸੁਣ ਡਰ ਆਉਂਦਾ। ਉਹ ਸਾਰੇ ਕੱਪੜੇ ਲਾਹ ਦਿੰਦਾ। ਨੰਗਾ ਹੋ ਜਾਂਦਾ। ਫਿਰ ਪਾਗਲਾਂ ਵਾਂਗ ਵਿਹੜੇ ਵਿਚ ਤੁਰਿਆ ਫਿਰਦਾ। ਉਸ ਨੂੰ ਮਸਾਂ ਕੱਪੜੇ ਪੁਆਉਂਦੇ। ਕਈ ਵਾਰੀ ਇਕੱਲੀ ਨੀਕਰ ਹੀ ਰੱਖਦਾ। ਜਦੋਂ ਵੇਖਦੇ ਕਿ ਕਿੱਧਰ ਗਿਆ। ਉਹ ਅਮਰੂਦਾਂ ਕੋਲ ਕੰਧ ਨਾਲ ਬੈਠਾ ਇੱਟਾਂ ਭੰਨ ਰਿਹਾ ਹੁੰਦਾ। ਪਹਿਲਾਂ ਇੱਟ ਨੂੰ ਭੰਨ੍ਹਦਾ। ਉਹਦੇ ਛੋਟੇ ਛੋਟੇ ਰੋੜੇ ਬਣਾਉਂਦਾ। ਫਿਰ ਕਰਚ ਕਰਚ ਕਰਕੇ ਖਾਣ ਲੱਗ ਪੈਂਦਾ। ਵੇਖਣ ਸੁਣਨ ਵਾਲੇ ਦੇ ਕੰਨਾਂ-ਦੰਦਾਂ ਵਿੱਚ ਕਿਰਕਲ ਘੁੰਮਣ ਲੱਗਦੀ। ਪਰ ਉਹ ਬੜਾ ਬੇਕਿਰਕ ਹੋ ਗਿਆ ਸੀ।

ਉਮਰ ਦੇ ਸਿਖਰ ਦੁਪਹਿਰੇ ਤੋਂ ਹੀ ਬੀਜੀ ਧੁੱਪ ਦੀ ਆਦੀ ਸੀ। ਪਹਿਲਾਂ ਤਾਂ ਉਹ ਗੁਰਮੀਤ ਦੀ ਬੇਕਿਰਕੀ ਸਹਾਰਦੀ ਰਹੀ। ਜਦੋਂ ਉਹ ਸ਼ਰਾਬ ਪੀ ਕੇ ਪੈ ਜਾਂਦਾ। ਉਹ ਮੱਛੀ ਵਾਂਗ ਤੜਫਦੀ ਫਿਰਦੀ। ਬਜ਼ਾਰ ਜਾ ਕੇ ਸੰਗਤਰੇ-ਨਿੰਬੂ ਲਿਆਉਂਦੀ। ਉਹਦਾ ਬੀ. ਪੀ. ਵਧ ਜਾਂਦਾ। ਜੂਸ ਦਾ ਗਿਲਾਸ ਫਕੀਂ ਉਹ ਦਰਦ ਦੀਆਂ ਹੱਦਾਂ ਪਾਰ ਕਰ ਜਾਂਦੀ। ਉਮਰਾਂ ਦਾ ਦੁੱਖ ਉਹਦਾ ਅੰਦਰ ਵੱਢਣ ਲੱਗਦਾ। ਉਹ ਉੱਚੀ ਉੱਚੀ ਬੋਲਣ ਲੱਗ ਪੈਂਦੀ, "ਓਏ ਮੀਤ। ਓਏ ਗੁਰਮੀਤ। ਲੈ ਫੜ ਨਿੰਬੂ ਪੀ। ਆਹ ਲੈ ਜੂਸ ਪੀ ਲੈ...!"

ਪਰ ਜਦੋਂ ਸ਼ਰਾਬੀ ਨਾ ਬੋਲਦਾ, ਉਹ ਬੇਲਿਹਾਜ਼ ਹੋ ਜਾਂਦੀ, "ਓਏ ਉਠ ਖੜ੍ਹ ਸਾਨਾਂ ਜਿਆ ! ਨਾ ਉੱਠ ਜਾਹ ਮਰ ਪਰ੍ਹੇ ਤੂੰ ਵੀ।... ਏਹਦੇ ਨਾਲੋਂ ਤਾਂ ਤੂੰ ਵੀ ਮਰਜ਼ਾ।... ਉਏ ਤੂੰ ਵੀ ਮਰਜ਼ਾ ਜਿੱਥੇ ਐਨੇ ਮਰਗੇ...!!"

ਤੇ ਫਿਰ ਉਹ ਸੱਚ ਮੁੱਚ ਹੀ ਮਰ ਗਿਆ ਸੀ।

ਸਭ ਤੋਂ ਪਹਿਲਾਂ ਉਹਦੀ ਮੌਤ ਦੀ ਖਬਰ ਮੈਂ ਸੁਣੀ।

ਸ਼ਾਮ ਦੇ ਚਾਰ ਕੁ ਵਜੇ ਦਾ ਵਕਤ ਸੀ। ਸ਼ਾਲੂ, ਆਸ਼ੀਆ, ਮੰਮੀ ਤੇ ਰਾਜੂ। ਸਾਰੇ ਬਾਹਰਲੇ ਗੇਟ ਕੋਲ ਮੰਜਾ ਡਾਹੀਂ ਬੈਠੇ ਹੱਸ ਖੇਡ ਰਹੇ ਸਨ। ਮੈਂ ਵੀ ਉਨ੍ਹਾਂ ਵਿੱਚ ਸ਼ਾਮਿਲ ਸੀ।

ਅਚਾਨਕ ਹੀ ਮੇਰੇ ਮੋਬਾਇਲ ਦੀ ਬੈੱਲ ਵੱਜੀ। ਮੈਂ ਫੋਨ ਔਨ ਕੀਤਾ। ਉਧਰੋਂ ਅਮਲੋਹ ਤੋਂ ਗੁਆਂਢੀਆਂ ਦਾ ਹਰਪਾਲ ਬੋਲ ਰਿਹਾ ਸੀ, "ਭਾਅ ਜੀ। ਤੁਸੀਂ ਹੁਣੇ ਅਮਲੋਹ ਨੂੰ ਆਜੋ।... ਆਪਣਾ ਗੁਰਮੀਤ ਸੀਰੀਅਸ ਐ।.... ਤੁਸੀਂ ਸਾਰਿਆਂ ਨੂੰ ਨਾਲ ਈ ਲਿਆਇਓ।"

ਉਹਨੇ ਕਈ ਵਾਰ ਆਪਣੀ ਗੱਲ ਦੁਹਰਾਈ। ਜਦੋਂ ਮੈਂ ਗੱਲ ਸਪੱਸ਼ਟ ਕਰਨੀ ਚਾਹੀ ਉਹ ਠੰਡੀ ਜਿਹੀ ਆਵਾਜ਼ ਵਿਚ ਬੋਲਣ ਲੱਗ ਪਿਆ, "ਭਾਅ ਜੀ। ਗੁਰਮੀਤ ਤਾਂ ਐਕਸਪਾਇਰ ਹੋ ਗਿਆ। ਤੁਸੀਂ...!"

ਇਸ ਤੋਂ ਬਾਅਦ ਮੈਨੂੰ ਦਿੱਸਣੋ-ਸੁਣਨੋ ਹੱਟ ਗਿਆ ਸੀ।

ਸ਼ਾਲੂ, ਆਸ਼ੀਆ, ਮੰਮੀ ਤੇ ਰਾਜੂ। ਸਾਰੇ ਮੇਰੇ ਸਾਹਮਣੇ ਡਹੇ ਮੰਜੇ 'ਤੇ ਬੈਠੇ ਹੱਸ-ਖੇਡ ਰਹੇ ਸਨ।

"ਇਨ੍ਹਾਂ ਨੂੰ ਇਹ ਖਬਰ ਕਿੰਝ ਦੱਸਾਂ...!!" ਪਰਬਤੋਂ ਭਾਰੀ ਮੌਤ ਦਾ ਦਰਦ ਅੰਦਰ ਹੀ ਦੱਬ ਮੈਂ ਵਿਹੜੇ ਵਿੱਚ ਗੇੜੇ ਕੱਢਣ ਲੱਗ ਪਿਆ।

ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਐਨੀ ਵੱਡੀ ਗੱਲ ਕਿੰਝ ਦੱਸਾਂ!

ਅਸਲ 'ਚ ਦੱਸਣ ਤੋਂ ਬਾਅਦ ਮੇਰੇ ਵਿਚ ਰਾਜੂ ਦੀਆਂ ਚੀਕਾਂ ਸੁਣਨ ਦੀ ਹਿੰਮਤ ਨਹੀਂ ਸੀ।

ਸ਼ਾਇਦ ਕਿਸੇ ਤਰ੍ਹਾਂ ਮੈਂ ਚੀਕਾਂ ਵੀ ਸੁਣ ਲੈਂਦਾ। ਪਰ ਮੇਰੇ ਵਿਚ ਚੀਕਾਂ ਪੁਆਉਣ ਦੀ ਹਿੰਮਤ ਨਹੀਂ ਸੀ। ਆਖਿਰ ਕਿੰਝ ਦੱਸਾਂ! ਇਹ ਗੱਲ ਮੇਰੀ ਜਾਨ ਕੱਢ ਰਹੀ ਸੀ।

"ਕਿਸੇ ਹੋਰ ਨੂੰ ਦੱਸਣ ਲਈ ਨਾ ਆਖ ਦਿਆਂ...?" ਇਸ ਸਵਾਲ ਨੂੰ ਸਿਰ 'ਤੇ ਚੁੱਕੀਂ ਮੈਂ ਬਾਹਰਲੇ ਗੇਟ ਮੂਹਰੇ ਆ ਕੇ ਖੜ੍ਹ ਗਿਆ।

"ਰਾਣਿਆ! ਉਏ ਰਾਣਿਆ! ਕੀ ਹੋ ਗਿਆ ਤੈਨੂੰ!!" ਅੰਦਰੋਂ ਫਿਕਰ ਵਿਚ ਡੁੱਬੀਆਂ ਆਵਾਜ਼ਾਂ ਆ ਰਹੀਆਂ ਸਨ।

ਜਿਸ ਵਕਤ ਮੈਨੂੰ ਯੂਨੀਵਰਸਿਟੀ ਤੋਂ ਬੀਹੀ ਵਿਚ ਤੁਰੀ ਆਉਂਦੀ ਗੁਰਮੀਤ ਦਿੱਸੀ ਮੇਰੇ ਸਬਰ ਦਾ ਬੰਨ੍ਹ ਟੁੱਟ ਗਿਆ। ਮੈਂ ਉਸ ਨੂੰ ਪਹਿਲੇ ਤੇ ਆਖਰੀ ਸ਼ਬਦ ਕਹੇ ਸਨ, "ਗੀਤੇ ਅਮਲੋਹ ਆਲਾ ਗੁਰਮੀਤ ਮਰ ਗਿਆ... ਅੰਦਰ ਜਾ ਕੇ ਦੱਸਦੇ....!!"

ਕਹਿ ਸੁਣ ਕੇ ਅਸੀਂ ਭੁੱਬੀ ਰੋ ਪਏ ਸਾਂ।

ਇਸ ਤੋਂ ਬਾਅਦ ਅੰਦਰੋਂ ਉੱਠੀਆਂ ਚੀਕਾਂ ਵਿਚ ਸਭ ਕੁਝ ਦਫਨ ਹੁੰਦਾ ਚਲਿਆ ਗਿਆ ਸੀ।

ਜਿਸ ਦਿਨ ਗੁਰਮੀਤ ਦਾ ਭੋਗ ਪਿਆ। ਗੁਰਦੁਆਰੇ ਦਰੀ 'ਤੇ ਬੈਠਾ ਬਲਵਿੰਦਰ ਗਰੇਵਾਲ ਕਹਿ ਰਿਹਾ ਸੀ, "ਉਹ ਬੰਦਾ ਐਂ ਸਾਰੀਆਂ ਚੀਜ਼ਾਂ ਨੂੰ ਇਕ ਤਰਤੀਬ ਵਿਚ ਕਰ ਲੈਣਾ ਚਾਹੁੰਦਾ ਸੀ।"

ਪਰ ਉਹ ਖੁਦ ਹੀ ਬੇਤਰਤੀਬ ਹੋ ਗਿਆ।

ਉਹਦੀ ਬੇਤਰਤੀਬ ਜ਼ਿੰਦਗੀ ਦਾ ਆਖਰੀ ਪੜ੍ਹਾਅ ਉਹ ਸੀ ਜਦੋਂ ਮੈ ਅਮਲੋਟ ਵਿਹੜੇ ਵਿਚ ਵਿਛੀਆਂ ਦਰੀਆਂ ਉੱਤੇ ਬੈਠਿਆ।

ਦੂਰੋਂ ਆਏ ਲੋਕਾਂ ਨੂੰ ਰੋਟੀ ਖਵਾਈ ਜਾ ਰਹੀ ਸੀ। ਇਕ ਬੰਦਾ ਮੇਰੇ ਅੱਗੇ ਵੀ ਥਾਲੀ ਰੱਖ ਗਿਆ।

"ਮੈਂ ਕਿਮੇ ਰੋਟੀ ਖਾ ਲਵਾਂ ਯਾਰ।.. ਮੂਹਰੇ ਤਾਂ ਗੁਰਮੀਤ ਦੀ ਲਾਸ਼ ਪਈ ਐ...!!" ਕੱਪੜੇ ਨਾਲ ਢਕੀ ਲਾਸ਼ ਵੱਲ ਵੇਖ-ਵੇਖ ਮੈਂ ਮਿੱਟੀ ਹੋਇਆ ਬੈਠਾ ਸੀ।

"ਖਾ ਲੈ ਭਾਈ ....ਖਾ ਲੈ... ਰੋਟੀ ਤਾਂ ਖਾਣੀ ਓਂ ਪੈਂਦੀ ਐ!!" ਲੋਕਾਂ ਦੀਆਂ ਆਵਾਜ਼ਾਂ ਮੇਰੇ ਕੰਨੀਂ ਪੈ ਰਹੀਆਂ ਸਨ।

ਮੈਂ ਸੁੰਨ ਹੋਇਆ ਸੋਚ ਰਿਹਾ ਸੀ ਕਿ ਲਾਸ਼ ਕੋਲ ਬਹਿ ਕੇ ਰੋਟੀ ਕਿਵੇਂ ਖਾਧੀ ਜਾਂਦੀ ਹੈ?





## ਕੂੜਾ/ਅਜਾਇਬ ਸਿੰਘ ਹੁੰਦਲ

ਤਲਾਮਤ ਮਹਿਮੂਦ ਦਾ ਗਾਇਆ ਇਹ ਗੀਤ,
ਮੇਰੇ ਮਨ ਪਸੰਦ ਗੀਤਾਂ ਵਿੱਚੋਂ ਹੈ
"ਤੇਰੀ ਆਂਖ ਕੇ ਆਂਸੂ ਪੀ ਜਾਊਂ,
ਐਸੀ ਮੇਰੀ ਤਕਦੀਰ ਕਹਾਂ!"

ਬਹੁਤ ਸੁਣਿਆਂ ਹੈ ਮੈਂ ਇਹ ਗੀਤ,
ਅੱਜ ਵੀ ਸੁਣ ਰਿਹਾ ਸਾਂ,
ਕਿ ਮੇਰੇ ਮਨ ਵਿੱਚ ਖਿਆਲ ਆਇਆ,
ਤੇਰੀ ਹੀ ਅੱਖ ਦੇ ਆਂਸੂ ਕਿਉਂ,
ਹੋਰਨਾਂ ਅੱਖਾਂ ਦੇ ਕਿਉਂ ਨਹੀਂ,
ਸਭ ਦੀਆਂ ਅੱਖਾਂ ਦੇ ਕਿਉਂ ਨਹੀਂ।

ਗੀਤ ਖਤਮ ਹੋ ਗਿਆ ਹੈ,
ਮਨ ਵਿਚ ਆਇਆ ਖਿਆਲ ਜਾਰੀ ਹੈ,
ਉਸ ਨਾਲ ਇਕ ਹੋਰ ਖਿਆਲ ਆ ਜੁੜਿਆ ਹੈ,
ਇਕ ਘਰ ਸਾਫ ਕੀਤਿਆਂ,
ਸਾਰਾ ਸ਼ਹਿਰ ਸਾਫ ਨਹੀਂ ਹੋਣਾ,
ਸਾਰੇ ਘਰ ਸਾਫ਼ ਕੀਤਿਆਂ ਹੀ,
ਸਾਰਾ ਸ਼ਹਿਰ ਸਾਫ ਹੋਣਾ ਹੈ।

ਦੋਹਾਂ ਖਿਆਲਾਂ ਨੂੰ ਜੋੜਦਾ ਤੋੜਦਾ,
ਆਪਣੇ ਘਰ ਦਾ ਕੂੜਾ ਚੁੱਕ ਕੇ,
ਮੈਂ ਘਰੋਂ ਬਾਹਰ ਆ ਗਿਆ ਹਾਂ।
ਬਾਹਰ ਥਾਂ ਥਾਂ ਕੂੜੇ ਦੇ ਢੇਰ ਲੱਗੇ ਹੋਏ ਨੇ,
ਢੇਰਾਂ ਤੇ ਬੈਠੇ ਬੱਚੇ,
ਕੂੜੇ ਦੀ ਫੋਲਾ ਫਾਲੀ ਕਰ ਰਹੇ ਨੇ।

ਆਪਣੇ ਹੱਥ ਵਿਚ ਫੜਿਆ ਕੂੜਾ ਸੁੱਟਣ ਲਈ,
ਮੈਨੂੰ ਕੋਈ ਥਾਂ ਨਜ਼ਰ ਨਹੀਂ ਆ ਰਹੀ,
ਢੇਰ ਤੇ ਸੁੱਟਣ ਨੂੰ ਦਿਲ ਨਹੀਂ ਕਰ ਰਿਹਾ।
ਮੈਂ ਕਦੇ ਇਕ ਪਾਸੇ ਜਾਂਦਾ ਹਾਂ,
ਕਦੇ ਦੂਸਰੇ ਪਾਸੇ ਜਾਂਦਾ ਹਾਂ,
ਮੇਰੀਆਂ ਲੱਤਾਂ ਥੱਕ ਗਈਆਂ ਨੇ,
ਬਾਹਾਂ ਥੱਕ ਗਈਆਂ ਨੇ।
ਮੈਂ ਕੂੜਾ ਰੱਖ ਕੇ ਬਹਿ ਜਾਣਾ ਚਾਹੁੰਦਾ ਹਾਂ,
ਬਹਿਣ ਨੂੰ ਕੋਈ ਥਾਂ ਨਹੀਂ ਲੱਭ ਰਹੀ,
ਕੂੜੇ ਤੇ ਬਹਿਣ ਨੂੰ ਮਨ ਨਹੀਂ ਮੰਨ ਰਿਹਾ।

ਮੈਨੂੰ ਕੂੜਾ ਚੁੱਕੀ ਫਿਰਦੇ ਵੇਖ,
ਦੋ ਬੱਚੇ ਮੇਰੇ ਕੋਲ੍ਹ ਆ ਗਏ ਨੇ,
ਉਨ੍ਹਾਂ ਕੂੜਾ ਫੜ ਲਿਆ ਹੈ,
ਕੂੜਾ ਫੋਲਣ ਲੱਗ ਪਏ ਨੇ।
ਕੂੜੇ ਵਿਚ ਪਈ,
ਕਿਸੇ ਚੀਜ਼ ਤੋਂ ਲੜ ਪਏ ਨੇ,
ਇਕ ਕੂੜਾ ਆਪਣੇ ਵੱਲ ਖਿਚਦਾ ਹੈ,
ਦੂਸਰਾ ਆਪਣੇ ਵੱਲ ਖਿਚਦਾ ਹੈ,
ਕੂੜੇ ਵਿਚ ਪਈ ਚੀਜ਼,
ਮੇਰੇ ਪੈਰਾਂ ਵਿਚ ਆ ਡਿੱਗੀ ਹੈ,
ਮੈਂ ਉੱਪਰ ਪੈਰ ਰੱਖ ਦਿੱਤਾ ਹੈ।

ਬੱਚੇ ਲੜੀ ਜਾ ਰਹੇ ਨੇ,
ਕੂੜਾ ਫੋਲੀ ਜਾ ਰਹੇ ਨੇ,
ਕੂੜਾ ਖਲਾਰੀ ਜਾ ਰਹੇ ਨੇ,
ਚੀਜ਼ ਤੇ ਪੈਰ ਰੱਖੀ ਖੜੇ ਖੜੇ,
ਮੇਰੇ ਪਹਿਲੇ ਖਿਆਲਾਂ ਨਾਲ,
ਹੋਰ ਕਈ ਖਿਆਲ ਆ ਜੁੜੇ ਨੇ,
ਇਕ ਸਿਲਸਲਾ ਬਣ ਗਿਆ ਹੈ,
ਉਸ ਚੀਜ਼ ਬਾਰੇ,
ਜਿਸ ਉੱਪਰ ਮੈਂ ਪੈਰ ਰੱਖੀ ਖੜਾ ਹਾਂ,
ਉਨ੍ਹਾਂ ਅੱਥਰੂਆਂ ਬਾਰੇ,
ਜੋ ਮੇਰੀਆਂ ਅੱਖਾਂ ਵਿਚ ਆ ਗਏ ਨੇ,
ਕੂੜਾ ਹੋਰ ਖਿਲਰਦਾ ਜਾ ਰਿਹਾ ਹੈ।

## ਧੀ ਤੇ ਪੁੱਤਰ/ਪ੍ਰੋ. ਕੁਲਵੰਤ ਔਜਲਾ

ਮੇਰੀ ਧੀ ਹਰ ਰੋਜ਼ ਫੋਨ ਕਰਦੀ ਹੈ ਮੈਨੂੰ,
ਸਹਿਜੇ ਸਹਿਜੇ ਬੋਲਦੀ ਹੈ,
ਕੁਝ ਆਪਣੇ ਤੇ ਮੇਰੇ ਮਨ ਨੂੰ ਫਰੋਲਦੀ ਹੈ,
ਨਿੱਕੀਆਂ ਨਿੱਕੀਆਂ ਕਰਦੀ ਹੈ ਨਸੀਹਤਾਂ,
ਮਾਂ ਦਾ ਖ਼ਿਆਲ ਰੱਖਣ ਲਈ ਆਖਦੀ ਹੈ,
ਵੱਡਿਆਂ ਵਾਂਗ ਸਭ ਕੁਝ ਸਮਝਾਉਂਦੀ ਹੈ,
ਢੇਰ ਸਾਰਾ ਮੋਹ ਦਿਖਾਉਂਦੀ ਹੈ,
ਮੇਰੀ ਧੀ ਹਰ ਰੋਜ਼ ਫੋਨ ਕਰਦੀ ਹੈ ਮੈਨੂੰ।

ਪੁੱਤਰ ਆਪਣੇ ਨੂੰ ਪਰ ਮੈਂ,
ਆਪ ਫੋਨ ਕਰਦਾ ਹਾਂ ਹਰ ਰੋਜ਼,
ਜ਼ਮਾਨੇ ਦੀ ਹਵਾ ਦਾ ਫਿਕਰ ਪ੍ਰਗਟਾਉਂਦਾ ਹਾਂ,
ਬਾਰ ਬਾਰ ਸਮਝਾਉਂਦਾ ਹਾਂ,
ਭਵਿੱਖ ਪ੍ਰਤੀ ਸੁਚੇਤ ਕਰਦਾ ਹਾਂ,
ਕਦੇ ਪਿਆਰ ਨਾਲ,
ਕਦੇ ਥੋੜ੍ਹਾ ਜੇਹਾ ਗੁੱਸੇ ਨਾਲ,
ਮਾਂ ਨੂੰ ਵੀ ਫੋਨ ਕਰਨ ਲਈ ਆਖਦਾ ਹਾਂ,
ਪੁੱਤਰ ਆਪਣੇ ਨੂੰ ਪਰ ਮੈਂ,
ਆਪ ਫੋਨ ਕਰਦਾ ਹਾਂ ਹਰ ਰੋਜ਼।

ਬੱਸ ਏਹੇ ਫਰਕ ਹੈ ਪੁੱਤਰ ਤੇ ਧੀ ਵਿੱਚ,
ਧੀ ਹੁੰਦੀ ਹੈ ਕਵਿਤਾ ਦੀ ਲੈਅ ਵਰਗੀ,
ਅਤਿ ਕੀਮਤੀ ਸ਼ੈਅ ਵਰਗੀ,
ਅੱਖਰਾਂ ਵਿਚਲੀ ਲੋਅ ਵਰਗੀ,
ਸਾਹਾਂ ਦੀ ਖੁਸ਼ਬੋਅ ਵਰਗੀ,
ਪੁੱਤਰ ਪਰ ਹੁੰਦੇ ਹਨ ਜਾਇਦਾਦਾਂ ਦੇ ਵਾਰਸ,
ਪੁਰਖਿਆਂ ਦਾ ਖ਼ੂਨ,
ਤੇ ਭਵਿੱਖ ਦੀ ਫੋਕੀ ਜੇਹੀ ਢਾਰਸ
ਬੱਸ ਏਹੋ ਫਰਕ ਹੁੰਦਾ ਹੈ ਪੁੱਤਰ ਤੇ ਧੀ ਵਿੱਚ,
ਬੱਸ ਏਹੋ ਫਰਕ ਹੁੰਦਾ ਹੈ ਪੁੱਤਰ ਤੇ ਧੀ ਵਿੱਚ।

## ਜਾਤ ਬਨਾਮ ਔਕਾਤ/ਖੁਰਾਨਾ ਵਿਨੋਦ

ਮੇਰੀ ਫ਼ਰਾਖ਼ਦਿਲੀ
ਤੇ
ਜ਼ਮਾਨੇ ਦੀ ਤੰਗਦਿਲੀ ਵਿਚਕਾਰ
ਜਾਤ ਤੇ ਔਕਾਤ ਦੀ ਕੰਧ
ਖ਼ੌਰੇ ਕਦੋਂ ਉੱਸਰ ਪਈ
ਜਿਹੜਾ ਮਿਲਦੈ
ਉਹੀ ਆਖਦੈ
ਆਪਣੀ ਜਾਤ ਵੇਖ,
ਆਪਣੀ ਔਕਾਤ 'ਚ ਰਹਿ
ਸੱਚ ਮੰਨੋ
ਹੁਣ ਮੈਂ
ਆਪਣਾ ਮਕਾਨ ਵੇਚ ਦਿੱਤੈ
ਤੇ ਅੱਜ ਤੋਂ
ਮੈਂ ਮਕਾਨ ਦੀ ਥਾਂ
ਔਕਾਤ 'ਚ ਰਹਾਂਗਾ
ਤੇ ਆਪਣੀ ਜਾਤ ਦਾ
ਇੱਕ ਚਿੱਤਰ ਖਿਚਾ ਕੇ
ਆਪਣੀ ਔਕਾਤ ਦੀ
ਕੰਧ 'ਤੇ ਟੰਗ ਕੇ
ਸਵੇਰੇ-ਸ਼ਾਮ ਉਸਨੂੰ
ਵੇਖਾਂਗਾ।

## ਔਰਤ/ਖੁਰਾਨਾ ਵਿਨੋਦ

ਜਦੋਂ
ਪੁਰਸ਼-ਪ੍ਰਧਾਨ ਸਮਾਜ ਵਿਚਲੀ ਭੁੱਖ ਦੇ
ਅਸੰਖਾਂ ਜ਼ਹਿਰੀਲੇ ਬਿੱਛੂਆਂ ਨੇ
ਉਸ ਦੇ ਨੰਗੇ ਜਿਸਮ ਨੂੰ
ਬੜੀ ਹੀ ਬੇ-ਦਰਦੀ
ਤੇ ਬੇ-ਰਹਿਮੀ ਨਾਲ
ਵਲੂੰਧਰਿਆ
ਬੱਸ, ਉਦੋਂ ਹੀ
ਮੇਰੇ ਜ਼ਿਹਨ 'ਚ
ਸਾਰਥਿਕ ਹੋਈ
ਔਰਤ ਲਫ਼ਜ਼ ਦੀ ਪਰਿਭਾਸ਼ਾ।



## ਵਰਤਮਾਨ ਦਾ ਇਤਿਹਾਸਕਾਰ: ਮਿਸ਼ੈਲ ਫੂਕ/ਵਿਜੈ ਕੁਮਾਰ

ਵਰਤਮਾਨ ਸਮੇਂ ਦੇ ਅਸਧਾਰਣ ਚਿੰਤਕ/ਵਿਚਾਰਕ ਮਿਸ਼ੈਲ ਫੂਕੋ ਤੋਂ ਜਦੋਂ ਪੁੱਛਿਆ ਗਿਆ ਕਿ ਕੀ ਉਹ ਉੱਤਰ ਆਧੁਨਿਕ ਹੈ ਤਾਂ ਉਸਦਾ ਕਹਿਣਾ ਸੀ ਕਿ ਅਜਿਹੀ ਕਿਸੀ ਧਾਰਨਾ ਦੇ ਬਾਰੇ ਮੈਂ ਕੁਝ ਵੀ ਨਹੀਂ ਜਾਣਦਾ ਅਤੇ ਨਾ ਇਸ 'ਚ ਉਸ ਦੀ ਕੋਈ ਰੁਚੀ ਹੈ। ਉਹ ਇਸ ਗੱਲ ਤੋਂ ਬਚਣਾ ਚਾਹੁੰਦਾ ਸੀ ਕਿ ਕੋਈ ਉਸ ਨੂੰ ਸੰਰਚਨਾਵਾਦੀ ਆਖੇ। ਆਪਣੀ ਪੁਸਤਕ 'ਆਰਡਰ ਆਫ਼ ਥਿੰਗਜ਼' ਦੇ 1970 ਦੇ ਪ੍ਰਕਾਸ਼ਨ ਦੇ ਅੰਗਰੇਜ਼ੀ ਸੰਸਕਰਣ ਦੀ ਭੂਮਿਕਾ 'ਚ ਉਸਨੇ ਲਿਖਿਆ ਹੈ ਕਿ "ਹਾਲਾਂਕਿ ਫਰਾਂਸ 'ਚ ਕੁਝ ਮੂਰਖ਼ ਮੈਨੂੰ ਸੰਰਚਨਾਵਾਦੀ ਆਖ ਰਹੇ ਹਨ, ਪਰ ਅਜਿਹੀ ਕਿਸੇ ਵੀ ਪੱਧਤੀ, ਧਾਰਨਾ ਜਾਂ ਸ਼ਬਦਾਵਲੀ ਦਾ ਪ੍ਰਯੋਗ ਮੈਂ ਆਪਣੀ ਲਿਖਤ 'ਚ ਨਹੀਂ ਕੀਤਾ ਹੈ ਜਿਸ ਤੋਂ ਮੇਰੇ ਕੰਮ ਨੂੰ ਸੰਰਚਨਾਵਾਦੀ ਵਿਸ਼ਲੇਸ਼ਣ ਮੰਨਿਆ ਜਾਵੇ।" ਇਸੇ ਕਿਤਾਬ 'ਚ ਉਹ ਲਿਖਦਾ ਹੈ ਕਿ ਹਾਂ ਜੇ ਸੰਰਚਨਾਵਾਦ ਦਾ ਅਰਥ ਆਧੁਨਿਕ ਗਿਆਨ ਦੀ ਇਕ ਅਸ਼ਾਂਤ ਚੇਤਨਾ ਤੋਂ ਹੈ ਤਾਂ ਉਹ ਜ਼ਰੂਰ ਮੇਰੇ ਕੰਮ 'ਚ ਹੈ।

ਕੁਝ ਦੂਜੇ ਉੱਤਰ ਆਧੁਨਿਕਤਾਵਾਦੀਆਂ ਦੀ ਤਰ੍ਹਾਂ ਮਿਸ਼ੈਲ ਫੂਕੋ ਦੀ ਦਿਲਚਸਪੀ ਆਧੁਨਿਕਤਾ ਦੀ ਮੌਤ ਦੀ ਘੋਸ਼ਣਾ ਕਰਨ ਜਾਂ ਉੱਤਰ ਆਧੁਨਿਕਤਾ ਦੀ ਜਨਮ ਪੱਤਰੀ ਲਿਖਣ 'ਚ ਨਹੀਂ ਸੀ। ਇਹ ਇਕ ਵੱਖਰੀ ਗੱਲ ਹੈ ਕਿ ਵੀਹਵੀਂ ਸਦੀ ਦੇ ਉੱਤਰ ਅੱਧ 'ਚ ਫਰਾਂਸ ਵਿਚ ਜੋ ਨਵੀਂ ਤਰ੍ਹਾਂ ਦੀਆਂ ਅਧਿਐਨ ਪ੍ਰਣਾਲੀਆਂ ਵਿਕਸਿਤ ਹੋਈਆਂ, ਮਿਸ਼ੈਲ ਫੂਕੋ ਦਾ ਕੰਮ ਇਹਨਾਂ ਵਿਚ ਸਭ ਤੋਂ ਵੱਧ ਮੌਲਿਕ, ਵਿਵਾਦਗ੍ਰਸਤ ਅਤੇ ਧਮਾਕਾਖੇਜ਼ ਸੀ। ਮਿਸ਼ੈਲ ਫੂਕੋ ਦੀ ਰੁਚੀ ਆਧੁਨਿਕ ਸੰਸਕ੍ਰਿਤੀ ਦੇ ਨਾਲ ਪੈਦਾ ਹੋਈਆਂ ਖ਼ਾਸ ਧਾਰਨਾਵਾਂ ਦੀ ਜਾਂਚ ਕਰਨ 'ਚ ਸੀ। ਉਹ ਇਹਨਾਂ ਨੂੰ ਇਕ ਇਤਿਹਾਸਕ ਪਰਿਪੇਖ 'ਚ ਰੱਖ ਕੇ ਉਹਨਾਂ ਦੇ ਨਿਕਾਸ ਦੀ ਸਨਾਖ਼ਤ ਕਰ ਰਿਹਾ ਸੀ। ਫੂਕੋ ਜਾਗਰਣ-ਕਾਲ ਦੇ ਬਾਅਦ ਹੋਂਦ 'ਚ ਆਏ ਸਮੁੱਚੇ ਪੱਛਮੀ ਗਿਆਨ ਅਤੇ ਉਸ ਦੇ ਸਮਾਜਿਕ ਵਿਵਹਾਰ ਦੀ ਜਾਂਚ ਪੜਤਾਲ ਕਰਦਾ ਹੈ। ਉਹ ਨਵੇਂ ਗਿਆਨ ਦੇ ਉਭਾਰ ਅਤੇ ਸ਼ਕਤੀ ਸੰਰਚਨਾਵਾਂ ਦੇ ਵਿਕਾਸ ਦੇ ਆਪਸੀ ਸੰਬੰਧਾਂ ਉਤੋਂ ਪਰਦਾ ਚੁੱਕਦਾ ਹੈ।

ਆਪਣੇ ਇਕ ਮਹੱਤਵਪੂਰਨ ਨਿਬੰਧ 'ਵ੍ਹਟ ਇਜ਼ ਇਨਲਾਈਟੇਨਮੈਂਟ' 'ਚ ਫੂਕੋ ਨੇ ਆਖਿਆ ਹੈ ਕਿ ਆਧੁਨਿਕ ਯੁੱਗ ਨੂੰ ਪੂਰਬ ਆਧੁਨਿਕ ਜਾਂ ਉੱਤਰ ਆਧੁਨਿਕ ਤੋਂ ਨਿਖੇੜ ਨਾਲੋਂ ਵੱਧ ਮਹੱਤਵਪੂਰਨ ਇਹ ਹੈ ਕਿ ਇਹ ਪਤਾ ਕੀਤਾ ਜਾਵੇ ਕਿ ਆਧੁਨਿਕਤਾ ਆਪਣੇ ਜਨਮ ਦੇ ਸਮੇਂ ਤੋਂ ਹੀ ਆਪਣੇ ਤੋਂ ਬਿਨਾਂ ਹੋਰ ਪ੍ਰਵਿਰਤੀਆਂ ਦੇ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਦੀ ਹੈ? ਇਸ ਦੇ ਪਿਛੇ ਇਸ ਦੇ ਮੰਤਵ ਕੀ ਹਨ? ਉਸ ਦੀ ਕਾਰਜਪ੍ਰਣਾਲੀ ਕੀ ਰਹੀ ਹੈ? ਮਿਸ਼ੈਲ ਫੂਕੋ ਇੰਝ ਜਾਗਰਣ ਕਾਲ ਅਤੇ ਗਿਆਨ ਉਦੇ ਯੁੱਗ ਦਾ ਇਕ ਕਰੂਰ ਕ੍ਰਿਟੀਕ ਤਿਆਰ ਕਰਦਾ ਹੈ। ਉਹ ਆਧੁਨਿਕ ਗਿਆਨ-ਵਿਗਿਆਨ ਦੇ ਵਿਕਾਸ ਨਾਲ ਹੋਂਦ 'ਚ ਆਏ ਸਮੱਗਰਤਾ, ਮਾਨਵੀ ਅਤੇ ਸੱਚ ਦੇ ਸਥਾਪਿਤ ਰੂਪਾਂ ਦੇ ਤਮਾਮ ਦਾਅਵਿਆਂ ਉੱਪਰ ਸੁਆਲ ਖੜ੍ਹੇ ਕਰਦਾ ਹੈ।

ਲੱਗਭਗ ਦੋ ਸੌ ਸਾਲ ਪਹਿਲਾਂ ਆਧੁਨਿਕਤਾ ਦੇ ਮਹਾਨ ਦਾਰਸ਼ਨਿਕ ਕਾਂਤ ਨੇ 'ਕ੍ਰਿਟੀਕ ਆਫ਼ ਪਿਉਰ ਰੀਜ਼ਨ' 'ਚ ਇਸ ਗੱਲ ਨੂੰ ਪੇਸ਼ ਕੀਤਾ ਸੀ ਕਿ ਮਨੁੱਖ ਦਾ ਜੀਵਨ ਅਨੁਭਵ ਵੀ ਦੇਸ਼ ਅਤੇ ਕਾਲ ਦੇ ਦਾਇਰੇ ਤੋਂ ਬਾਹਰ ਨਹੀਂ ਹੈ। ਉਸ ਸਮੇਂ ਤੋਂ ਪੱਛਮੀ

ਦਾਰਸ਼ਨਿਕ ਪਰੰਪਰਾ ਸੱਚ ਦੀ ਧਾਰਨਾ ਨੂੰ ਇਤਿਹਾਸ ਦੇ ਸੰਦਰਭ ’ਚ ਸਮਝਣ ਦੀਆਂ ਕੋਸ਼ਿਸ਼ਾਂ ’ਚ ਲੱਗੀ ਰਹੀ ਹੈ। ਮਿਸ਼ੈਲ ਫੂਕੋ ਦੀ ਮੌਲਿਕਤਾ ਇਸ ਗੱਲ ’ਚ ਹੈ ਕਿ ਉਸ ਨੇ ਦਾਰਸ਼ਨਿਕ ਚਿੰਤਨ ਨੂੰ ਇਤਿਹਾਸ ਦੀ ਠੋਸ ਸਮੱਗਰੀ ਦੇ ਨਾਲ-ਨਾਲ ਮਨੋਵਿਗਿਆਨ ਨਾਲ ਵੀ ਸਬੰਧਿਤ ਕੀਤਾ। ਫੂਕੋ ਇਤਿਹਾਸ ਦੇ ਸੱਚ ਨਾਲੋਂ, ਇਸਦੇ ਵਿਕਾਸ ਕ੍ਰਮ ’ਚ ਰਹਿ ਗਈ ਜਗ੍ਹਾ, ਹਨੇਰੇ ਕੋਨਿਆਂ, ਖੱਪਿਆਂ, ਖਾਮੋਸ਼ੀਆਂ, ਬਿਰਤੀਆਂ ਅਤੇ ਕ੍ਰਮ ਉਲਟ ਫੇਰ ਦੀ ਪਛਾਣ ਕਰਦਾ ਹੈ। ਉਹ ਪ੍ਰਮਾਣਿਕ ਸੱਚ ਅਤੇ ਸਥਾਪਨਾਵਾਂ ਦੇ ਤਾਕਤਵਰ ਰੂਪਾਂ ਅਤੇ ਸਵੀਕ੍ਰਿਤ ਵਿਵਹਾਰਾਂ ਦੀਆਂ ਵੀ ਬੱਖੀਆਂ ਉਘਾੜਦਾ ਹੈ। ਉਹ ਮੰਨਦਾ ਹੈ ਕਿ ਜਿਸਨੂੰ ਅਸੀਂ ਪ੍ਰਮਾਣਿਕ ਸੱਚ ਮੰਨਦੇ ਹਾਂ ਉਹ ਹੋਰ ਕੁਝ ਨਹੀਂ ਇਤਿਹਾਸ ਦੇ ਕਿਸੇ ਖ਼ਾਸ ਸਮੇਂ ’ਚ ਖ਼ਾਸ ਸ਼ਕਤੀ ਸਮੂਹਾਂ ਦੁਆਰਾ ਆਪਣੇ ਹਿੱਤਾਂ ਅਨੁਕੂਲ ਬਣਾਈ ਗਈ ਇਕ ਧਾਰਨਾ ਹੈ। ਇਸਨੂੰ ਅਸੀਂ ਅਪਣਾ ਲੈਂਦੇ ਹਾਂ। ਅਜਿਹੀਆਂ ਪ੍ਰਚਲਿਤ ਧਾਰਨਾਵਾਂ ਸਾਡੇ ਅੰਤਹਕਰਣ ਦਾ ਅਨੁਕੂਲਣ ਕਰਦੀਆਂ ਹਨ। ਅਸੀਂ ਸ਼ਕਤੀ ਸੰਬੰਧਾਂ ਦੇ ਇਕ ਦਾਇਰੇ ’ਚ ਉਸ ਸਮੇਂ ਦੀ ਕੰਟਰੋਲ ਵਿਵਸਥਾ ਦੇ ਸ਼ਿਕੰਜੇ ’ਚ ਜਿਊਂਦੇ ਰਹਿੰਦੇ ਹਾਂ।ਜਿਸਨੂੰ ਅਸੀਂ ਮਨੁੱਖ ਦੀ ਵਿਅਕਤੀਗਤਤਾ ਅਤੇ ਉਸਦਾ ਅੰਤਹਕਰਣ ਕਹਿੰਦੇ ਹਾਂ ਉਹ ਹੋਰ ਕੁਝ ਨਹੀਂ ਸਿਰਫ਼ ਇਕ ਸਾਧਨ ਹੈ ਜਿਸ ਰਾਹੀਂ ਸ਼ਕਤੀ-ਸੰਰਚਨਾ ਹਮੇਸ਼ਾ ਮਨੁੱਖ ਦੇ ਸਰੀਰਾਂ (ਦੇਹਾਂ) ਉਪਰ ਆਪਣਾ ਕਬਜ਼ਾ ਜਮਾਉਂਦੀ ਹੈ। ਇਹ ਸ਼ਕਤੀ ਸੰਰਚਨਾ ‘ਸਚ’ ਦੇ ਬਾਰੇ ’ਚ ਹਮੇਸ਼ਾ ਕੁਝ ਖ਼ਾਸ ਧਾਰਨਾਵਾਂ ਅਤੇ ਵਿਚਾਰਾਂ ਨੂੰ ਪੈਦਾ ਕਰਦੀ ਅੱਗੇ ਵਧਾਉਂਦੀ ਹੋਰ ਚੀਜ਼ਾਂ ਦਾ ਮਾਨਵੀਕਰਨ ਕਰਦੀ ਰਹਿੰਦੀ ਹੈ। ਇਸ ਲਈ ਕਿਸੇ ਵੀ ਦੌਰ ’ਚ ਜੋ ਇਸ ਤੋਂ ਬਾਹਰ ਹੈ, ਰਹਿ ਗਿਆ ਹੈ, ਹਾਸ਼ੀਏ ਤੇ ਹੈ, ਖਾਰਜ਼ ਹੈ, ਉਸਨੂੰ ਦੇਖਣਾ-ਜਾਨਣਾ ਮਹੱਤਵਪੂਰਨ ਹੈ। ਉਹ ਸ਼ਕਤੀ-ਸੰਰਚਨਾਵਾਂ ਦੇ ਵਿਹਾਰ ਦੀ ਪੋਲ ਖੋਲ੍ਹਦਾ ਹੈ।

ਫੂਕੋ ਦੇ ਅਨੁਸਾਰ ਜੋ ‘ਸਮਾਨਯ’, ਸਰਵਭੌਮਿਕ ਅਤੇ ਸਰਵ-ਸਵੀਕ੍ਰਿਤ ਕਹੇ ਜਾਂਦੇ ਹਨ, ਉਹ ਖ਼ਾਸ ਪ੍ਰਕਾਰ ਦਾ ਸਟੈਂਡਰਡ ਪੈਮਾਨਾ ਹੈ ਜਿਸ ਵਿਚ ਸਥਾਪਤੀ ਦਾ ਸੜਯੰਤਰ ਛੁਪਿਆ ਹੁੰਦਾ ਹੈ। ਇਸ ਤਰ੍ਹਾਂ ਗਿਆਨ ਦੇ ਵਿਕਾਸ ਅਤੇ ਸ਼ਕਤੀ ਸੰਰਚਨਾਵਾਂ ਦੇ ਰੂਪਾਂਤਰਣ ਦਾ ਇਕ ਅਨਿੱਖੜ ਸੰਬੰਧ ਬਣਦਾ ਹੈ। ਇਸ ਲਈ ਫੂਕੋ ਨੇ 19ਵੀਂ ਸਦੀ ’ਚ ਵਿਕਸਿਤ ਹੋਏ ਸਾਰੇ ਮਾਨਵ ਵਿਗਿਆਨਾਂ ਅਰਥਾਤ ਮਨੋਚਿਕਿਤਸਾ, ਆਧੁਨਿਕ ਉਪਚਾਰ ਵਿਵਸਥਾ, ਸਮਾਜ ਵਿਗਿਆਨ, ਅਪਰਾਧ ਅਤੇ ਦੰਡ ਵਿਵਸਥਾ ਆਦਿ ਨੂੰ ਗਹਿਰੇ ਸੰਦੇਹ ਨਾਲ ਵਾਚਿਆ ਹੈ। ਇਹ ਉਹ ਤਮਾਮ ਗਿਆਨ ਅਨੁਸ਼ਾਸਨ ਹਨ ਜਿਨ੍ਹਾਂ ਸਹਾਰੇ ਸਾਡੇ ਆਧੁਨਿਕ ਸਮਾਜ ਦੀ ਨੀਂਹ ਖੜ੍ਹੀ ਹੈ। ਫੂਕੋ ਅਨੁਸਾਰ ਇਹਨਾਂ ਮਾਨਵ ਵਿਗਿਆਨਾਂ ਨੇ ਸਮੱਗਰਤਾ ਦੀ ਇਕ ਮਿੱਥ ਰਚੀ ਹੈ ਪਰ ਉਹਨਾਂ ਦੀ ਅਸਲੀ ਭੂਮਿਕਾ ਇਕ ਦਮਨਕਾਰੀ ਵਾਲੀ ਹੈ। ਉਹ ਮਨੁੱਖ ਦੀ ਦੇਹ ਅਤੇ ਮਨ ਉਤੇ ਕਬਜ਼ਾ ਕਰਨ ਦੇ ਨਵੇਂ ਤਰੀਕੇ ਹਨ। ਸਮੱਗਰਤਾ ਦੇ ਇਸ ਦਾਅਵੇ ਨੂੰ ਖਾਰਿਜ਼ ਕਰਨਾ ਚਾਹੀਦਾ ਹੈ ਕਿਉਂਕਿ ਉਹ ਕੇਂਦਰੀਪਰਕ ਹੈ, ਸੱਤਾ ਦੇ ਅਧਿਕਾਰਿਕ ਰੂਪ ਹਨ ਅਤੇ ਕਿਸੇ ਵੀ ਹੋਰ ਦੀ ਹਾਜ਼ਰੀ ਨੂੰ ਨਕਾਰਦੇ ਹਨ। ਸਾਨੂੰ ਵਿਕਾਸ-ਕ੍ਰਮ ’ਚ ਮੌਜੂਦ ਵਿਖੰਡਨਾ ਵਿਚ ਹਾਸ਼ੀਏ ’ਤੇ ਪਈ ਵਸਤੂ ਨੂੰ ਵੇਖਣਾ ਚਾਹੀਦਾ ਹੈ। ਇਹ ‘ਅਚਾਨਕ’ ਅਤੇ ਨਾਉਮੀਦੇ ਸੱਚ ਸਥਾਪਤ ਅਤੇ ਦਬਾਮੂਲਕ ਸੱਚ ਤੋਂ ਬੇਹਤਰ ਹਨ, ਕਿਉਂਕਿ ਇਹ ਸ਼ਕਤੀ ਸੰਰਚਨਾਵਾਂ ਦੀ ਖੇਡ ਤੋਂ ਪਰਦਾ ਹਟਾਉਣ ਦਾ ਕੰਮ ਕਰਦੇ ਹਨ। ਇਸ ਲਈ ਇਹ ਅਚਾਨਕ ਨਹੀਂ ਹੈ। ਮਿਸ਼ੈਲ ਫੂਕੋ ਨੇ ਗਿਆਨ ਦੇ ਵਿਕਾਸ ਕ੍ਰਮ ’ਚ ਸਮਾਜ ਦੇ ਹਾਸ਼ੀਏ ਅਤੇ ਸਭਿਅਤਾ ਦੇ ਹੇਠ ਲੁਕੇ ਪਏ ਲੋਕਾਂ ਨੂੰ ਦੇਖਦੇ ਹੋਏ, ਇਤਿਹਾਸ ਦੇ ਵਿਕਾਸ ਕ੍ਰਮ ਨੂੰ ਪੜ੍ਹਿਆ ਹੈ। ਉਸਦੇ ਲੇਖਣ ’ਚ ਪਾਗ਼ਲਾਂ, ਕੋੜ੍ਹੀਆਂ, ਭਿਖਾਰੀਆਂ, ਸਮਲਿੰਗੀਆਂ, ਹਤਿਆਰਿਆਂ ਅਤੇ ਗੁੰਮਨਾਮ ਕਿਸਮ ਦੇ ਕਲਾਕਾਰਾਂ



ਬਾਰੇ ਵਿਸ਼ੇਸ਼ ਧਿਆਨ ਹੈ।

ਇਹ ਵੀ ਅਚਾਨਕ ਨਹੀਂ ਕਿ ਜਦ ਪਿਛਲੇ ਕੁਝ ਦਹਾਕਿਆਂ ਤੋਂ ਦੂਜੇ ਵਿਰਚਨਾਵਾਦੀ ਲੋਕ ਕੇਵਲ ਰਚਨਾ ਦੇ ‘ਪਾਠ’ ’ਚ ਉਲਝੇ ਹੋਏ ਸੀ ਅਤੇ ਭਾਸ਼ਿਕ-ਸੰਰਚਨਾ ਅਤੇ ਲੇਖਣ-ਵਿਗਿਆਨ ਦੀ ਮੋਹ ’ਚ ਘਿਰੇ ਹੋਏ ਸਨ ਉਦੋਂ ਮਿਸ਼ੈਲ ਫੂਕੋ ਨੇ ਸ਼ਕਤੀ ਸੰਰਚਨਾਵਾਂ ਦੇ ਖੇਲ ਨੂੰ ਸਮਾਜ ’ਚ ਮਾਨਤਾ ਪ੍ਰਾਪਤ ਵਿਵਹਾਰਾਂ ਅਤੇ ਪ੍ਰਥਾਵਾਂ ਦੀਆਂ ਪਰਤਾਂ ਹੇਠ ਛੁਪੇ ਹੋਏ ਵਿਅਕਤੀਆਂ ‘ਚ ਤਲਾਸ਼ਿਆ। ਇਸ ਸੰਦਰਭ ’ਚ ਉਸਨੇ ਪਾਗ਼ਲਪਣ ਦੇ ਇਤਿਹਾਸ ਨੂੰ ਲਿਖਿਆ, ਆਧੁਨਿਕ ਉਪਚਾਰ-ਪੱਧਤੀ ਅਤੇ ਔਸ਼ਧੀ ਵਿਗਿਆਨ ਦੇ ਮੂਲ ਤਰਕ ਨੂੰ ਸਮਝਿਆ। ਜੀਵ ਵਿਗਿਆਨ ਅਤੇ ਅਰਥ-ਸ਼ਾਸਤਰ ਦੇ ਵਿਕਾਸ ਕ੍ਰਮ ਨੂੰ ਰੇਖਾਂਕਿਤ ਕੀਤਾ। ਆਧੁਨਿਕ ਅਨੁਸ਼ਾਸਨ, ਦੰਡ-ਪ੍ਰਣਾਲੀ ਅਤੇ ਜੇਲ੍ਹ ਵਿਵਸਥਾ ਦੇ ਜਨਮ ਦੀ ਕਹਾਣੀ ਲਿਖੀ। ਉਹ ਸੈਕਸੂਐਲਿਟੀ ਅਤੇ ਵਿਅਕਤੀ ਪਰਕਤਾ ਦੇ ਇਤਿਹਾਸ ਦੀ ਤਰਫ਼ ਖਿੱਚਿਆ ਗਿਆ। ਵੀਹਵੀਂ ਸਦੀ ਦੇ ਉੱਤਰ ਅੱਧ ਦਾ ਸਾਰਾ ਰੈਡੀਕਲ ਚਿੰਤਨ ਮਿਸ਼ੈਲ ਫੂਕੋ ਦੇ ਇਸ ਅਧਿਐਨ ਤੋਂ ਪ੍ਰਭਾਵਿਤ ਹੋਇਆ ਹੈ।

ਕੀ ਮਿਸ਼ੈਲ ਫੂਕੋ ਸਹੀ ਅਰਥਾਂ ’ਚ ਦਾਰਸ਼ਨਿਕ ਸੀ? ਇਤਿਹਾਸਕਾਰ ਸੀ? ਮਨੋਵਿਗਿਆਨਕ ਸੀ? ਸੰਰਚਨਾਵਾਦੀ ਸੀ? ਮਾਰਕਸਵਾਦੀ ਸੀ? ਕੀ ਸੀ ਉਹ? 1982 ’ਚ ਫੂਕੋ ਦੀ ਏਡਜ਼ ਨਾਲ ਮੌਤ ਹੋ ਗਈ। ਉਸ ਸਮੇਂ ਉਹ ਕਾਲਜ ਦ ਫਰਾਂਸ ਵਿਚ ‘ਵਿਚਾਰ ਪੱਧਤੀਆਂ ਦੇ ਇਤਿਹਾਸ’ ਵਿਭਾਗ ਦਾ ਪ੍ਰੋਫੈਸਰ ਸੀ। ਉਸ ਨੇ ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ ਲੰਡਨ ’ਚ ਇਕ ਸੈਮੀਨਾਰ ਵਿਚ ਕੁਝ ਦਿਲਚਸਪ ਗੱਲਾਂ ਕੀਤੀਆਂ ਸਨ। ਉਸਨੇ ਕਿਹਾ ਸੀ ਕਿ “ਮੈਂ ਨਹੀਂ ਸਮਝਦਾ ਕਿ ਇਹ ਜਾਣਨਾ ਜ਼ਰੂਰੀ ਹੈ ਕਿ ਮੈਂ ਵਾਸਤਵ ’ਚ ਕੀ ਹਾਂ। ਜੀਵਨ ਅਤੇ ਅਧਿਐਨ ’ਚ ਮੁਖ ਰੂਪ ’ਚ ਰੁਚੀ ਇਸ ਲਈ ਹੋਵੇ ਕਿ ਅਸੀਂ ਇਕ ਐਸਾ ‘ਦੂਸਰਾ’ ਵਿਅਕਤੀ ਬਣ ਸਕੀਏ ਜੋ ਅਸੀਂ ਆਰੰਭ ’ਚ ਨਹੀਂ ਸੀ। ਅਸੀਂ ਕਿਤਾਬ ਆਰੰਭ ਕਰਦੇ ਹੀ ਇਹ ਜਾਣ ਲਈਏ ਕਿ ਅਸੀਂ ਅੰਤ ’ਚ ਕੀ ਲਿਖਾਂਗੇ ਤਾਂ ਅਸੀਂ ਕੀ ਉਸ ਨੂੰ ਪੂਰਾ ਕਰਨ ਦਾ ਸਾਹਸ ਕਰ ਪਾਵਾਂਗੇ। ਜੋ ਲੇਖਣ ਦੇ ਲਈ ਅਤੇ ਪਿਆਰ-ਸੰਬੰਧਾਂ ਦੇ ਲਈ ਸੱਚ ਹੈ, ਉਹੀ ਜੀਵਨ ਦੇ ਲਈ ਵੀ ਸੱਚ ਹੈ। ਇਹ ਖੇਡ ਤਦ ਤੱਕ ਦਿਲਚਸਪ ਹੈ ਜਦ ਤੱਕ ਅਸੀਂ ਇਹ ਨਾ ਜਾਣ ਲਈਏ ਕਿ ਅੰਤ ’ਚ ਕੀ ਹੋਣ ਵਾਲਾ ਹੈ। ਮੇਰਾ ਖੇਤਰ ਵਿਚਾਰਾਂ ਦਾ ਇਤਿਹਾਸ ਹੈ। ਮਨੁੱਖ ਸੋਚਣ ਵਾਲਾ ਪ੍ਰਾਣੀ ਹੈ। ਜਿਸ ਤਰ੍ਹਾਂ ਉਹ ਸੋਚਦਾ ਹੈ, ਉਸਦੀ ਉਹ ਸੋਚ ਸਮਾਜ, ਰਾਜਨੀਤੀ, ਅਰਥ ਸ਼ਾਸਤਰ, ਇਤਿਹਾਸ ਨਾਲ ਜੁੜੀ ਹੈ। ਉਸਦੀ ਇਹ ਸੋਚ ਉਸ ਸਾਰੇ ਕੁਝ ਨਾਲ ਵੀ ਜੁੜੀ ਹੈ ਜੋ ਬਹੁਤ ਸਮਾਨਯ ਅਤੇ ਸਦੀਵੀ ਸ਼੍ਰੇਣੀਆਂ ਮੰਨ ਲਈਆਂ ਗਈਆਂ ਹਨ ਅਤੇ ਸੱਚ ਦੇ ਕੁਝ ਖ਼ਾਸ ਢਾਂਚੇ ਨੂੰ ਖੜ੍ਹਾ ਕਰਦੀ ਹੈ। ਪਰ ਬੰਦੇ ਦੀ ਸੋਚ ਸਮਾਜਿਕ ਸੰਬੰਧਾਂ ਨਾਲੋਂ ਕੋਈ ਅਲੱਗ ਚੀਜ਼ ਹੈ। ਜਿਵੇਂ ਵਾਸਤਵ ’ਚ ਲੋਕ ਸੋਚਦੇ ਹਨ, ਜੋ ਉਹਨਾਂ ਦੇ ਅੰਦਰ ਚਲਦਾ ਰਹਿੰਦਾ ਹੈ, ਉਸਨੂੰ ਤਰਕ ਦੀਆਂ ਸਦੀਵੀ ਸ਼੍ਰੇਣੀਆਂ ਨੇ ਕਦੀ ਠੀਕ ਢੰਗ ਨਾਲ ਵਿਸ਼ਲੇਸ਼ਤ ਕਰਿਆ ਹੀ ਨਹੀਂ ਹੈ। ਸਮਾਜਿਕ ਇਤਿਹਾਸ ਅਤੇ ਸੋਚ ਦੇ ਇਲਾਜ ਵਿਸ਼ਲੇਸ਼ਣਾਂ ਦੇ ਵਿਚ ਇਕ ਰਾਹ ਹੈ, ਇਹ ਇਕ ਬਾਰੀਕ ਗਲੀ ਹੈ, ਬਹੁਤ ਹੀ ਤੰਗ ਗਲੀ ਇਹ ਹੀ ਵਿਚਾਰਾਂ ਦੇ ਇਤਿਹਾਸਕਾਰ ਦਾ ਰਸਤਾ ਹੈ।

ਮਿਸ਼ੈਲ ਫੂਕੋ ਤੋਂ ਜਦ ਇਹ ਪੁੱਛਿਆ ਗਿਆ ਕਿ ਤਿੰਨ ਖੰਡਾਂ ’ਚ ਲਿਖੀ ਆਪਣੀ ਪੁਸਤਕ ‘ਹਿਸਟਰੀ ਆਫ਼ ਸੈਕਸੂਐਲਿਟੀ’ ਦੇ ਕਾਰਨ ਉਸ ਦਾ ਸ਼ੁਮਾਰ ਐਸੇ ਵਿਅਕਤੀ ਦੇ ਰੂਪ ਵਿਚ ਹੁੰਦਾ ਹੈ ਜਿਸਨੇ ਸਥਾਪਿਤ ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਹਨ ਅਤੇ ਇਸ ਵਿਚ

ਸੁਤੰਤਰਤਾ ਦੇ ਆਗਾਜ਼ ਨੂੰ ਵੇਖਦਾ ਹੈ ਤਾਂ ਉਸਦਾ ਜੁਆਬ ਸੀ, "ਨਹੀਂ ਅਜਿਹਾ ਨਹੀਂ ਹੈ। ਇਕ ਲੰਬੇ ਸਮੇਂ ਤੋਂ ਲੋਕ ਮੈਨੂੰ ਪੁੱਛਦੇ ਰਹੇ ਹਨ ਕਿ ਮੈਂ ਉਹਨਾਂ ਨੂੰ ਦੱਸਾਂ ਕਿ ਭਵਿੱਖ 'ਚ ਕੀ ਹੋਵੇਗਾ ਅਤੇ ਉਹਨਾਂ ਨੂੰ ਭਵਿੱਖ ਦਾ ਇਕ ਕਾਰਜ-ਕ੍ਰਮ ਦੇਵਾਂ। ਅਸੀਂ ਸਾਰੇ ਅੱਛੀ ਤਰ੍ਹਾਂ ਜਾਣਦੇ ਹਾਂ ਕਿ ਆਪਣੇ ਸਾਰੇ ਚੰਗੇ ਇਰਾਦਿਆਂ ਦੇ ਬਾਵਜੂਦ ਭਵਿੱਖ ਦੇ ਤਮਾਮ ਕਾਰਜ-ਕ੍ਰਮ ਦਮਨ ਦਾ ਇਕ ਨਵਾਂ ਉਪਕਰਣ/ਸਾਧਨ ਬਣ ਜਾਂਦੇ ਹਾਂ। ਰੂਸੋ ਅਜ਼ਾਦੀ ਦਾ ਦੀਵਾਨਾ ਸੀ ਪਰ ਫਰਾਂਸੀਸੀ ਕ੍ਰਾਂਤੀ 'ਚ ਸਮਾਜਕ ਦਮਨ ਦਾ ਇਕ ਮਾਡਲ ਬਣਾਉਣ ਦੇ ਲਈ ਉਸਦਾ ਪ੍ਰਯੋਗ ਹੋਇਆ। ਵੀਹਵੀਂ ਸਦੀ 'ਚ ਜੇਕਰ ਮਾਰਕਸ ਜਿਉਂਦਾ ਹੁੰਦਾ ਤਾਂ ਸਟਾਲਨਵਾਦ ਅਤੇ ਲੈਨਿਨਵਾਦ ਦਾ ਰੂਪ ਦੇਖ ਕੇ ਭੈਭੀਤ ਹੋ ਗਿਆ ਹੁੰਦਾ। ਮੇਰੀ ਭੂਮਿਕਾ ਲੋਕਾਂ ਨੂੰ ਇਹ ਵਿਖਾਉਣਾ ਹੈ ਜਿਸ ਤਰ੍ਹਾਂ ਲੋਕ ਕੁਝ ਚੀਜ਼ਾਂ ਨੂੰ ਸਦੀਵੀ ਸੱਚ ਅਤੇ ਪ੍ਰਮਾਣਿਕ ਮੰਨ ਕੇ ਸਵੀਕਾਰ ਕਰ ਲੈਂਦੇ ਹਨ, ਜਦ ਕਿ ਇਹ ਚੀਜ਼ਾਂ ਇਤਿਹਾਸ ਦੇ ਕਿਸੇ ਖ਼ਾਸ ਛਿਣ 'ਚ ਬਣੀਆਂ ਹੁੰਦੀਆਂ ਹਨ। ਇਹ ਵਿਚਾਰਯੋਗ ਪ੍ਰਮਾਣ ਵੀ ਆਲੋਚਨਾ ਤੋਂ ਪਰ੍ਹੇ ਨਹੀਂ ਹੈ ਅਤੇ ਉਹਨਾਂ ਨੂੰ ਨਸ਼ਟ ਕੀਤਾ ਜਾ ਸਕਦਾ ਹੈ। ਇਕ ਬੁੱਧੀਜੀਵੀ ਦੀ ਭੂਮਿਕਾ ਤਾਂ ਇਹ ਹੈ ਕਿ ਉਹ ਲੋਕਾਂ ਦੇ ਦਿਮਾਗ਼ 'ਚ ਬੈਠੀ ਹੋਈ ਕਿਸੇ ਚੀਜ਼ ਨੂੰ ਬਦਲੇ। ਮੈਂ ਹਾਸ਼ੀਏ ਤੇ ਪਏ ਲੋਕਾਂ ਅਤੇ ਪ੍ਰਕਿਰਿਆਵਾਂ ਦੀ ਤਰਫ਼ ਦੋ ਕਾਰਨਾਂ ਕਰਕੇ ਜਾਂਦਾ ਹੈ। ਇਕ ਤਾਂ ਇਹ ਕਿ ਪੱਛਮੀ ਯੂਰਪ ਦੇ ਸਮਾਜਾਂ ਨੇ ਜੋ ਰਾਜਨੀਤਕ ਅਤੇ ਸਮਾਜਕ ਪ੍ਰਕਿਰਿਆਵਾਂ ਦੇ ਰਾਹੀਂ ਆਪਣੀ ਵਿਵਸਥਾ ਖੜ੍ਹੀ ਕੀਤੀ ਹੈ ਅਤੇ ਜਿਸਦੀ ਵਾਸਤਵਿਕ ਭਾਵਨਾ ਬਹੁਤੀ ਪ੍ਰਗਟ ਨਹੀਂ ਹੁੰਦੀ, ਉਹ ਇਹਨਾਂ ਲੋਕਾਂ ਰਾਹੀਂ ਉਜਾਗਰ ਹੁੰਦੀਆਂ ਹਨ। ਦੂਜਾ ਜੋ ਇਹ ਮੰਨਦੇ ਹਨ ਕਿ ਤਮਾਮ ਲੋਕ ਇਕੋ ਜਿਹੇ ਹਨ, ਇਹ ਗੱਲ ਵੀ ਸੱਚ ਨਹੀਂ ਹੈ। ਸਦੀਵੀ ਅਤੇ ਸਮੱਗਰਤਾ ਦੀਆਂ ਧਾਰਨਾਵਾਂ ਵੀ ਕਿਸੇ ਖ਼ਾਸ ਇਤਿਹਾਸਕ ਪਰਿਵਰਤਨਾਂ ਦੀ ਵਜ੍ਹਾ ਨਾਲ ਹੀ ਬਣੀਆਂ ਹਨ। ਮੇਰਾ ਸਾਰਾ ਅਧਿਐਨ ਮਨੁੱਖੀ ਅਸਤਿਤਵ ਦੀ ਸਰਵ-ਵਿਆਪਕਤਾ ਦੇ ਵਿਚਾਰ ਦੇ ਖਿਲਾਫ਼ ਹੈ। ਇਹ ਵਿਚਾਰ ਸੰਸਥਾਵਾਂ ਦੀ ਤਾਨਾਸ਼ਾਹੀ ਤੋਂ ਜਨਮਿਆ ਹੈ।"

ਪਰ ਮਿਸ਼ੈਲ ਫੂਕੋ ਕਿਸੇ ਵੀ ਸਦੀਵੀ ਮੰਨ ਲਏ ਗਏ ਦਾਅਵੇ ਨੂੰ ਇਕ ਝਟਕੇ ਨਾਲ ਖਾਰਜ਼ ਨਹੀਂ ਕਰਦਾ। ਉਸਦੇ ਕੰਮ ਦਾ ਤਰੀਕਾ ਅਲੱਗ ਹੈ। ਉਹ ਉਸਦੇ ਜਨਮ ਉਭਾਰ ਦਾ ਇਕ ਇਤਿਹਾਸਕ ਪਰਿਪੇਖ ਬਣਾਉਂਦਾ ਹੈ। ਉਸਨੇ ਮਨੁੱਖੀ ਸੁਭਾਅ ਦੇ ਬਾਰੇ 'ਚ ਆਧੁਨਿਕ ਸਭਿਅਤਾ ਦੀਆਂ ਸਾਰੀਆਂ ਮਹਾਨ ਅਮੂਰਤਵਾਂ ਨੂੰ (ਅਰਥਾਤ ਪ੍ਰਤੱਖ ਅਨੁਭਵ ਤੋਂ ਪਰ੍ਹੇ ਦੀਆਂ ਧਾਰਾਨਾਵਾਂ ਨੂੰ) ਇਤਿਹਾਸ ਦੇ ਸੰਦਰਭ 'ਚ 'ਲੋਕੇਟ' ਕੀਤਾ ਹੈ। ਆਪਣੇ ਅੰਤਿਮ ਵਿਸ਼ਲੇਸ਼ਣ 'ਚ ਉਹਨਾਂ ਦੇ ਪੱਖ ਜਾਂ ਵਿਰੋਧ ਦੀ ਬਹਿਸ 'ਚ ਨਹੀਂ ਪੈਂਦਾ ਕਿ ਕੀ ਸਚਮੁੱਚ ਸਦੀਵੀ ਕਿਸਮ ਦਾ ਮਨੁੱਖੀ ਸੁਭਾਅ ਜਿਹੀ ਕੋਈ ਚੀਜ਼ ਹੁੰਦੀ ਹੈ। ਉਹ ਇਸ ਗੱਲ ਦੀ ਜਾਂਚ ਕਰਦਾ ਹੈ ਕਿ ਅਜਿਹੀਆਂ ਸਥਾਪਨਾਵਾਂ ਨੇ ਸਮਾਜਿਕ ਵਿਵਹਾਰ ਦੇ ਰੂਪ 'ਚ ਕਿਸ ਤਰ੍ਹਾਂ ਦੀ ਭੂਮਿਕਾ ਅਦਾ ਕੀਤੀ ਹੈ। ਆਧੁਨਿਕ ਅਰਥ ਸ਼ਾਸਤਰ, ਟੈਕਨਾਲੋਜੀ, ਰਾਜਨੀਤੀ ਅਤੇ ਸਮਾਜ-ਵਿਗਿਆਨ ਦਾ ਉਦਭਵ ਕਿਹੜੀਆਂ ਪਰਿਸਥਿਤੀਆਂ 'ਚ ਹੋਇਆ, ਉਹਨਾਂ ਦੇ ਕਿਹੜੇ ਮਾਡਲ ਬਣੇ ਹਨ, ਉਹਨਾਂ ਨੇ ਕਿਹੋ ਜਿਹੇ ਵਰਤਾਵ ਕੀਤੇ ਹਨ ?

ਫੂਕੋ ਦੇ ਅਨੁਸਾਰ ਇਕ ਖ਼ਾਸ ਸਮੇਂ ਦੇ ਇਤਿਹਾਸ ਅਤੇ ਸਮਾਜ ਦੇ ਬਾਹਰ ਕੁਝ ਵੀ ਸੁਨਿਸ਼ਚਿਤ ਅਤੇ ਸਰਵਕਾਲਿਕ ਹੋ ਹੀ ਨਹੀਂ ਸਕਦਾ। ਉਹ ਗਿਆਨ ਦਾ ਇਕ ਪੁਰਾਤਤਵ ਬਣਾਉਂਦਾ ਹੈ। ਵਿਚਾਰ-ਵਿਮਰਸ਼ਾਂ 'ਚ ਆਏ ਸੂਖ਼ਮ ਬਦਲਾਵਾਂ ਨੂੰ ਨੋਟ ਕਰਦਾ ਹੈ। ਉਹ ਅਲੱਗ-ਅਲੱਗ ਸਮੇਂ 'ਚ ਇਹਨਾਂ ਸਥਾਪਨਾਵਾਂ ਦੀ ਖੇਡ ਨੂੰ ਵੇਖਦਾ ਹੋਇਆ ਤਰਕ ਦੀਆਂ



ਬਹੁਪੱਖੀ ਭੂਮਿਕਾਵਾਂ ਨੂੰ ਵੀ ਪੜਚੋਲਦਾ ਹੈ। ਉਹ ਪਹਿਲਾਂ ਹੀ ਬਣੀਆਂ-ਬਣਾਈਆਂ ਸਥਾਪਨਾਵਾਂ ਦੇ ਬਲ ਤੇ ਇਤਿਹਾਸ 'ਚ ਨਹੀਂ ਜਾਂਦਾ ਸਗੋਂ ਉਸਦਾ ਕੰਮ ਇਹ ਵੇਖਣਾ ਹੈ ਕਿ ਵਿਭਿੰਨ ਯੁੱਗਾਂ 'ਚ ਵਿਸ਼ਿਸ਼ਟ ਵਿਗਿਆਨਕ ਅਨੁਸ਼ਾਸਨਾਂ ਅਤੇ ਸਮਾਜਕ ਵਿਵਹਾਰ ਦਾ ਰਿਸ਼ਤਾ ਕਿਸ ਤਰ੍ਹਾਂ ਬਣਦਾ ਹੈ।

ਫੂਕੋ ਆਪਣੇ ਇਸ ਸਾਰੇ ਅਧਿਐਨ 'ਚ ਇਕ ਕੇਂਦਰੀ ਵਿਚਾਰ ਨੂੰ ਉਭਾਰਦਾ ਹੈ ਕਿ ਪੁਰਾਤਨ ਯੁੱਗ ਦੀ ਮੂਲ ਇੱਛਾ ਇਹ ਸੀ ਕਿ ਅਜਿਹੀ ਪੱਧਤੀ ਵਿਕਸਿਤ ਕੀਤੀ ਜਾਵੇ ਜਿਸ ਤੋਂ ਸਾਡੇ ਸਮਾਜ ਤਰਕ ਅਧਾਰਿਤ ਤਰੀਕਿਆਂ ਅਤੇ ਕਿਸੇ ਨਿਯਮਿਤ ਵਿਵਸਥਾ ਦੇ ਅੰਤਰਗਤ ਸਵੈਚਾਲਿਤ ਢੰਗ ਨਾਲ ਨਿਯੰਤਰਿਤ ਹੁੰਦੇ ਰਹਿਣ। ਉਹ ਕਹਿੰਦਾ ਹੈ ਕਿ 19ਵੀਂ ਸਦੀ ਵਿਚ ਜਦ ਵਿਭਿੰਨ ਕਿਸਮ ਦੇ ਆਧੁਨਿਕ ਮਾਨਵ-ਵਿਗਿਆਨਾਂ ਦਾ ਵਿਕਾਸ ਹੋ ਰਿਹਾ ਸੀ ਤਾਂ ਉਹਨਾਂ ਦੀ ਸ਼ਬਦਾਵਲੀ ਜਿਹੜੀ 'ਵਸਤੂਪਰਕ' ਅਤੇ 'ਨਿਰਦੋਸ਼' ਦਿਖਾਈ ਪੈਂਦੀ ਹੈ, ਦਰਅਸਲ ਸ਼ਕਤੀ-ਸੰਰਚਨਾ ਦੇ ਵਿਕਾਸ ਨੂੰ ਹੀ ਦਰਸਾਉਂਦੀ ਹੈ। ਮਨੋਚਿਕਿਤਸਾ, ਅਪਰਾਧ-ਵਿਗਿਆਨ, ਔਸ਼ਧੀ-ਅਨੁਸੰਧਾਨ ਜਾਂ ਸਰੀਰ ਵਿਗਿਆਨ ਦੀ ਸਾਰੀ ਸੋਚ ਆਪਣੇ ਮੂਲ ਰੂਪ ਵਿਚ ਦਮਨਕਾਰੀ ਹੈ। ਉਹ ਗਿਆਨ ਦੇ ਨਵੇਂ ਰੂਪਾਂ, ਕਠੋਰ ਨਿਯੰਤਰਣਾਂ ਅਤੇ ਮੁੱਲਾਂ ਨੂੰ ਆਰੋਪਿਤ ਕਰਦਾ ਹੈ। ਫਿਰ ਇਸ ਸਥਿਤੀ ਨੂੰ ਇਕ 'ਵਸਤੂਪਰਕ' ਸੱਚਾਈ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਜੋ ਵੀ ਸਥਿਤੀ, ਅਨੁਭਵ ਜਾਂ ਬੋਧ ਇਸ ਦਾਇਰੇ ਤੋਂ ਬਾਹਰ ਹੈ, ਉਸਨੂੰ ਮਾਣਤਾ ਨਹੀਂ ਦਿੱਤੀ ਜਾਂਦੀ। ਇਹ ਮਨੁੱਖੀ ਸੰਸਥਾਵਾਂ ਅਤੇ ਸਥਾਨਾਂ ਦੇ ਵਿਚ ਮੌਜੂਦ ਅੰਤਰਾਂ ਅਤੇ ਵਿਭੇਦਾਂ ਦੀ ਅਣਦੇਖੀ ਹੈ। ਸਮੱਗਰਤਾ ਦੀ ਇਹ ਪਰਿਭਾਸ਼ਾ ਉਪਰ ਤੋਂ ਆਰੋਪਿਤ ਹੈ। ਇਹ ਆਰੋਪਣ ਇਸ ਹੱਦ ਤੱਕ ਕੀਤਾ ਗਿਆ ਹੈ ਕਿ ਅਸੀਂ ਸਾਰੇ ਵਿਚਾਰਾਂ, ਮੁੱਲਾਂ ਅਤੇ ਪਰਿਭਾਸ਼ਾਵਾਂ ਨੂੰ ਖੁਸ਼ੀ-ਖੁਸ਼ੀ ਆਪਣੇ ਅੰਦਰ ਆਤਮਸਾਤ ਕਰ ਲਿਆ ਹੈ ਜੋ ਸਥਿਤੀ ਅਨੁਭਵ, ਬੋਧ ਜਾਂ ਮੁੱਲ ਇਸ ਮਿਆਰ ਦੇ ਬਾਹਰ ਹੈ, ਉਸਨੂੰ ਅਯੋਗ ਕਰਾਰ ਦਿੱਤਾ ਜਾਂਦਾ ਹੈ। ਸਮਾਜ ਵਿਚ ਜਿਸ ਨੂੰ ਅਸੀਂ ਮਨੁੱਖੀ ਪੱਧਤੀਆਂ ਕਹਿੰਦੇ ਹਾਂ, ਉਹਨਾਂ ਦੀ ਆਪਣੀ ਇਕ ਤਾਨਾਸ਼ਾਹੀ ਹੁੰਦੀ ਹੈ, ਗਿਆਨ ਇਸ ਤਰ੍ਹਾਂ ਸਥਾਪਤੀ ਦੀ ਰਣਨੀਤੀ 'ਚ ਆਪਣੀ ਭੂਮਿਕਾ ਨਿਭਾਉਣ ਲੱਗਦਾ ਹੈ। ਦੋ ਸੌ ਸਾਲ ਪਹਿਲਾਂ ਕਾਂਤ ਨੇ ਆਪਣੀ ਗਿਆਨ-ਮੀਮਾਂਸਾ ਵਿਚ ਇਸ ਅਦਭੁਤ ਵਿਚਾਰ ਨੂੰ ਰੱਖਿਆ ਸੀ ਕਿ ਮਨੁੱਖ ਦੇ ਅਨੁਭਵ ਵਿਚ ਜੋ ਕੁਝ ਵੀ ਅਚਾਨਕ ਨਜ਼ਰ ਆਉਂਦਾ ਹੈ, ਉਹ ਹੀ ਲਾਜ਼ਮੀ ਸੱਚਾਈ ਬਣ ਜਾਂਦਾ ਹੈ। ਫੂਕੋ ਕਹਿੰਦਾ ਹੈ ਕਿ ਕਾਂਤ ਦੇ ਇਸ ਵਿਚਾਰ ਨੂੰ ਅੱਜ ਉਲਟਾ/ਰੱਦ ਕਰਨ ਦੀ ਲੋੜ ਹੈ। ਸਾਨੂੰ ਅੱਜ ਇਹ ਕਹਿਣਾ ਚਾਹੀਦਾ ਹੈ ਕਿ ਸਾਡੇ ਅਨੁਭਵ-ਬੋਧ ਵਿਚ ਜੋ ਕੁਝ ਵੀ ਲਾਜ਼ਮੀ ਦਿਖਾਈ ਦੇ ਰਿਹਾ ਹੈ, ਉਹ ਕੇਵਲ ਫੁਟਕਲ ਅਤੇ ਅਚਾਨਕ ਹੈ। ਸਾਡੇ ਬੋਧ ਦੇ ਲਾਜ਼ਮੀ ਤੱਤ ਕੁਝ ਹੋਰ ਹਨ।

ਸ਼ਕਤੀ ਦੀ ਮੁੱਖ ਧਾਰਾ ਦੇ ਬਾਹਰ ਰਹਿ ਗਏ ਲੋਕਾਂ ਦਾ ਅਧਿਐਨ ਕਰਦੇ ਹੋਏ, ਮਿਸ਼ੈਲ ਫੂਕੋ ਨੇ ਵਿਭਿੰਨ ਸਥਿਤੀਆਂ ਦੇ ਇਤਿਹਾਸ ਲਿਖੇ ਹਨ। ਪਾਗ਼ਲਪਣ ਦਾ ਇਤਿਹਾਸ, ਜੇਲ ਵਿਵਸਥਾ ਅਤੇ ਦੰਡ-ਪ੍ਰਕਿਰਿਆ ਦਾ ਇਤਿਹਾਸ ਅਤੇ ਮਨੁੱਖ ਦੀ ਸੈਕਸੁਐਲਿਟੀ ਅਤੇ ਉਸ ਦੀ ਵਿਅਕਤੀਗਤਤਾ ਦਾ ਇਤਿਹਾਸ। ਇਸ ਵਿਚ 'ਮੈਡਨਸ ਐਂਡ ਸਿਵੀਲੀਏਸ਼ਨ' ਪੁਸਤਕ 1961 'ਚ ਪ੍ਰਕਾਸ਼ਿਤ ਹੋਈ ਸੀ (ਅੰਗਰੇਜ਼ੀ ਅਨੁਵਾਦ 1964 ਵਿਚ ਪ੍ਰਕਾਸ਼ਿਤ) ਜਿਸਨੇ ਉਸਨੂੰ ਖ਼ਾਸੀ ਪ੍ਰਸਿੱਧੀ ਦਿੱਤੀ। ਫੂਕੋ ਇਸ ਪੁਸਤਕ ਰਾਹੀਂ ਇਕ ਨਵੀਂ ਤਰ੍ਹਾਂ ਦਾ ਚਿੰਤਨ ਲੈ ਕੇ ਆਇਆ। ਇਥੇ ਉਸ ਬਾਰੇ ਵਿਸਥਾਰ ਪੂਰਵਕ ਗੱਲ ਕੀਤੀ ਜਾਣੀ ਚਾਹੀਦੀ ਹੈ। 1949 ਵਿਚ ਮਨੋਵਿਗਿਆਨ ਸੰਬੰਧੀ ਅਕਾਦਮਿਕ ਅਧਿਐਨ ਕਰਦੇ ਹੋਏ ਮਿਸ਼ੈਲ ਫੂਕੋ ਦੀ ਦਿਲਚਸਪੀ

ਕਲਾਸਿਕ ਯੁੱਗ ਵਿਚ ਪਾਗ਼ਲਾਂ ਦੀ ਸਥਿਤੀ ਬਾਰੇ ਰੁਚਿਤ ਸੀ। ਉਹ ਪੈਰਿਸ ਦੇ ਇਕ ਮਨੋਰੋਗ-ਡਾਕਟਰੀ ਹਸਪਤਾਲ ਵਿਚ ਕੰਮ ਕਰ ਰਿਹਾ ਸੀ। ਬਾਅਦ ਵਿਚ ਸਵੀਡਨ, ਜਰਮਨੀ ਅਤੇ ਪੋਲੈਂਡ ਵਿਚ ਰਹਿੰਦੇ ਹੋਏ ਉਸਨੇ ਆਪਣੇ ਇਸ ਅਧਿਐਨ ਨੂੰ ਅੱਗੇ ਵਿਕਸਿਤ ਕੀਤਾ। ਯੂਰਪ ਵਿਚ 'ਮਾਨਸਿਕ ਰੋਗ' ਦੇ ਬਾਰੇ ਵਿਚ ਜੋ ਆਧੁਨਿਕ ਧਾਰਨਾਵਾਂ ਵਿਕਸਿਤ ਹੋਈਆਂ ਹਨ, ਉਹਨਾਂ ਨੇ ਫੂਕੋ ਨੂੰ ਵਿਸ਼ੇਸ਼ ਤੌਰ ਤੇ ਆਕ੍ਰਸ਼ਿਤ ਕੀਤਾ ਹੈ। ਪਾਗ਼ਲਪਣ ਦਾ ਇਤਿਹਾਸ ਲਿਖਦੇ ਹੋਏ ਮਿਸ਼ੈਲ ਫੂਕੋ ਪਿਛਲੇ ਚਾਰ ਸੌ ਸਾਲਾਂ ਦਾ ਇਕ ਵਿਸਤ੍ਰਿਤ ਪੁਰਾਤਾਤਵਿਕ ਅਧਿਐਨ ਤਾਂ ਕਰਦਾ ਹੀ ਹੈ, ਇਸ ਦੇ ਵਿਚ ਬੇਹੱਦ ਗੁੱਸੇ ਨਾਲ ਆਧੁਨਿਕ ਮਨੋਚਿਕਿਤਸਾ ਵਿਚ ਮੌਜੂਦ ਨੈਤਿਕ ਪਾਖੰਡ ਦੀਆਂ ਵੀ ਬੱਖੀਆਂ ਉਧੇੜਦਾ ਹੈ।

ਉਹ ਲਿਖਦਾ ਹੈ ਕਿ ਮੱਧ ਯੁੱਗ ਵਿਚ ਪਾਗ਼ਲਪਣ ਦੀ ਧਾਰਣਾ ਇਕ ਵਿਸ਼ੇਸ਼ ਕਿਸਮ ਦੀ ਉਦਾਰਤਾ ਦੇ ਬੋਧ ਨਾਲ ਜੁੜੀ ਹੋਈ ਸੀ। ਸਮਾਜ ਵਿਚ ਪਾਗ਼ਲ ਅਤੇ ਜੀਨੀਅਸ ਦੇ ਵਿਚ ਕੋਈ ਵੱਡਾ ਫ਼ਰਕ ਨਹੀਂ ਦੇਖਿਆ ਜਾਂਦਾ ਸੀ। 15ਵੀਂ ਸਦੀ ਵਿਚ ਰੈਨੇਸਾਂ-ਯੁੱਗ ਦੇ ਨਾਲ ਇਸ ਸਥਾਪਨਾ ਵਿਚ ਇਕ ਤਬਦੀਲੀ ਵਾਪਰੀ। ਪਾਗ਼ਲਾਂ ਦੇ ਬਾਰੇ 'ਚ ਇਕ ਦੁਬਿਧਾ ਪੈਦਾ ਹੋਈ।

ਜਰਮਨ ਕਵੀ ਸੇਬੇਸਿਤਿਯਨ ਬਰਾਟ ਦੀ 15ਵੀਂ ਸਦੀ ਦੀ ਇਕ ਪ੍ਰਸਿੱਧ ਕਵਿਤਾ ਹੈ 'ਮੂਰਖ਼ਾਂ ਦਾ ਜਲਯਾਨ। ਇਹ ਕਵਿਤਾ ਜਾਗਰਿਤੀ ਕਾਲ ਦੇ ਦਵੈਤ ਨੂੰ ਪ੍ਰਤੀਕਾਤਮਕ ਢੰਗ ਨਾਲ ਅਭਿਵਿਅਕਤ ਕਰਦੀ ਹੈ। ਇਕ ਪਾਸੇ ਤਾਂ ਪਾਗ਼ਲਾਂ ਨੂੰ ਇਕ ਕਾਲਪਨਿਕ ਜਹਾਜ਼ ਵਿਚ ਭਰ ਕੇ ਸਮਾਨਯ ਲੋਕਾਂ ਦੇ ਸਮਾਜ ਤੋਂ ਦੂਰ ਭੇਜਿਆ ਜਾ ਰਿਹਾ ਹੈ, ਦੂਜੀ ਤਰਫ਼ ਇਹ ਵੀ ਅਹਿਸਾਸ ਹੈ ਕਿ ਇਹ ਅਸਮਾਨਯ ਲੋਕ ਕਿਸੇ ਅਸਧਾਰਣ ਚੀਜ਼ ਦੀ ਖੋਜ ਵਿਚ ਆਪਣੀ ਯਾਤਰਾ ਉਤੇ ਨਿਕਲੇ ਹਨ। ਉਹ ਕਿਸੇ ਅਜਿਹੀ ਸੱਚਾਈ ਦੀ ਤਲਾਸ਼ ਵਿਚ ਹਨ ਜਿਸ ਨੂੰ ਪ੍ਰਾਪਤ ਕਰ ਸਕਣਾ ਆਮ ਨਾਗਰਿਕ ਦੇ ਵੱਸ ਤੋਂ ਬਾਹਰ ਹੈ। 1448 ਵਿਚ ਲਿਖੀ ਇਹ ਕਵਿਤਾ ਸਮੁੱਚੇ ਜਾਗਰਤੀ ਕਾਲ ਦੀ ਭਾਵਨਾ ਦੀ ਪ੍ਰਤੀਨਿਧਤਾ ਕਰਦੀ ਹੈ। 112 ਅਧਿਆਇਆਂ ਵਿਚ ਪਸਰੀ ਇਸ ਰੂਪਾਤਮਕ ਕਵਿਤਾ ਵਿਚ 110 ਪ੍ਰਕਾਰ ਦੇ ਵਿਚਿੱਤਰਤਾ ਦਾ ਜ਼ਿਕਰ ਹੈ। ਇਹ ਜਿਸ ਜਹਾਜ਼ ਉਤੇ ਰੱਖੇ ਗਏ ਹਨ ਉਹ 'ਨਾਰਾਗੋਨੀਆ' ਨਾਮਕ ਪਾਗ਼ਲਾਂ ਦੇ ਦੇਸ਼ ਦੀ ਤਰਫ਼ ਜਾ ਰਿਹਾ ਹੈ। ਬਰਾਟ ਦੀ ਇਸ ਕਵਿਤਾ ਤੋਂ ਪ੍ਰਭਾਵਿਤ ਹੋ ਕੇ ਸੰਨ 1500 ਵਿਚ ਜਰਮਨ ਚਿੱਤਰਕਾਰ ਹਿਰੋਨਿਮਸ ਬਾਸ਼ ਨੇ ਇਸੇ ਹੀ ਸਿਰਲੇਖ ਤੋਂ ਇਕ ਇਕ ਤੇਲ ਚਿੱਤਰ ਬਣਾਇਆ ਸੀ। ਬਾਸ਼ ਦੀ ਕਲਪਨਾ ਹੈ ਕਿ ਸਮੁੱਚੀ ਮਨੁੱਖਤਾ ਇਕ ਜਹਾਜ਼ ਉਤੇ ਸਵਾਰ ਹੋ ਕੇ ਸਮੇਂ ਦੇ ਸਮੁੰਦਰ ਉਤੇ ਵਿਚਰ ਰਹੀ ਹੈ। ਦੁੱਖ ਤਾਂ ਇਹ ਹੈ ਕਿ ਇਸ ਜਹਾਜ਼ ਉਤੇ ਹਰ ਯਾਤਰੀ ਕਿਸੇ ਨਾ ਕਿਸੇ ਪਾਗ਼ਲਪਣ ਦਾ ਪ੍ਰਤਿਨਿੱਧਤਵ ਕਰਦਾ ਹੈ। ਬਾਸ਼ ਨੇ ਆਖਿਆ ਕਿ ਅਸੀਂ ਇਸ ਤਰ੍ਹਾਂ ਜੀਅ ਰਹੇ ਹਾਂ ਅਰਥਾਤ ਸਾਰੀ ਤਰ੍ਹਾਂ ਦੇ ਖਾਣੇ-ਪੀਣੇ, ਸਾਰੀ ਤਰ੍ਹਾਂ ਦੇ ਕੁਕਰਮ ਅਤੇ ਅਪਰਾਧ ਕਰਨ ਵਿਚ ਸ਼ਾਮਲ ਹਾਂ। ਸਾਡੇ ਇਹ ਜਲਯਾਨ (ਜਹਾਜ਼) ਦਿਸ਼ਾਹੀਨ ਹਨ ਅਤੇ ਕਦੀ ਵੀ ਕਿਤੇ ਵੀ ਨਹੀਂ ਪਹੁੰਚ ਸਕਾਂਗੇ। ਬਾਸ਼ ਨੇ ਕਿਹਾ ਸੀ ਕਿ 'ਮੂਰਖ਼ਾਂ ਦਾ ਜਹਾਜ਼' ਦੂਸਰਿਆਂ ਦੇ ਬਾਰੇ ਵਿਚ ਨਹੀਂ ਹੈ, ਸਾਡੇ ਆਪਣੇ ਬਾਰੇ ਵਿਚ ਹੈ।

ਫੂਕੋ ਅਨੁਸਾਰ ਸ਼ੈਕਸਪੀਅਰ ਅਤੇ ਸਰਵੇਂਡੀਸ ਦੇ ਸਾਹਿਤ ਵਿਚ ਪਾਗ਼ਲਾਂ ਦੀ ਚਰਿੱਤਰਤਾ ਬਾਰੇ ਇਕ ਉਦਾਰਤਾ ਪਾਈ ਜਾਂਦੀ ਹੈ। ਉਸ ਯੁੱਗ 'ਚ ਇਕ ਪਾਗ਼ਲ ਬਾਕੀ ਲੋਕਾਂ ਦੇ ਮਨ ਵਿਚ ਭੈਅ ਪੈਦਾ ਨਹੀਂ ਕਰਦਾ। ਪਾਗ਼ਲ ਬੰਦਾ ਵੱਧ ਤੋਂ ਵੱਧ ਇਕ ਮਾਨਵੀ ਕਿਸਮ ਦੇ ਵਿਅੰਗ ਦਾ ਵਿਸ਼ਾ ਸੀ। ਬਰੂਗੇਲ ਦੇ ਚਿੱਤਰਾਂ ਵਿਚ ਇਹ ਵੇਖਿਆ ਜਾ ਸਕਦਾ ਹੈ। ਬੰਦੇ



ਦੇ ਅੰਦਰ ਵਿਚਿੱਤਰਤਾ ਦੀ ਇਹ ਹਾਲਤ ਇਸ ਸੰਸਾਰ ਦੀ ਅਰਥਹੀਣਤਾ ਨੂੰ ਉਭਾਰਦੀ ਹੈ ਅਤੇ ਅਰਥ ਦੀ ਇਕ ਅਜਿਹੀ ਅਵਸਥਾ ਦੀ ਤਰਫ਼ ਇਸ਼ਾਰਾ ਕਰਦੀ ਸੀ ਜੋ ਤਰਕ ਤੋਂ ਪਰ੍ਹੇ ਹੈ। ਪਾਗ਼ਲਾਂ ਨੂੰ ਸਮਾਜ ਤੋਂ ਬਾਹਰ ਕਰ ਦਿੱਤੇ ਜਾਣ ਦੀ ਗੱਲ ਤਾਂ ਹੈ ਪਰ ਉਹਨਾਂ ਨੂੰ ਪੀੜਤ ਕੀਤੇ ਜਾਣ ਦਾ ਸੰਦਰਭ ਕਿਤੇ ਨਹੀਂ ਹੈ। ਫੂਕੋ ਅਨੁਸਾਰ ਜਾਗਰਤੀ ਵਿਚ ਪਾਗ਼ਲਾਂ ਅਤੇ ਵਿਸ਼ੇਸ਼ ਸਮਾਜ ਦੇ ਵਿਚ ਰਿਸ਼ਤਾ (ਪੁਲ) ਪੂਰੀ ਤਰ੍ਹਾਂ ਟੁੱਟਿਆ ਨਹੀਂ ਸੀ। ਤਰਕ ਅਤੇ ਤਰਕਹੀਣਤਾ ਦੇ ਵਿਚ ਇਕ ਆਵਾਜਾਈ ਸੀ। ਰੈਨੇਸਾਂ ਯੁੱਗ ਦੇ ਮਨੁੱਖ ਨੂੰ ਲੱਗਦਾ ਸੀ ਕਿ ਵਿਚਿੱਤਰਤਾ ਦੀ ਵੀ ਸੱਚ ਨੂੰ ਜਾਣਨ ਵਿਚ ਇਕ ਵਿਸ਼ੇਸ਼ ਕਿਸਮ ਦੀ ਭੂਮਿਕਾ ਅਦਾ ਕਰਦਾ ਸੀ।

ਫੂਕੋ ਅਨੁਸਾਰ ਅਚਾਨਕ 17ਵੀਂ ਸਦੀ ਦੇ ਅੱਧ ਵਿਚ ਪਾਗ਼ਲਾਂ ਦੇ ਬਾਰੇ ਇਹ ਸਥਾਪਨਾ ਖ਼ਤਮ ਹੋ ਜਾਂਦੀ ਹੈ ਕਿ "ਉਹ ਇਸ ਸੰਸਾਰ ਦੀ, ਮਨੁੱਖ ਦੀ ਅਤੇ ਮੌਤ ਦੀਆਂ ਸੀਮਾਵਾਂ ਉਤੇ ਖੜ੍ਹੇ ਕਿਸੇ ਯੁੱਗ-ਅੰਤ ਵਿਗਿਆਨ ਨਾਲ ਜੁੜੇ ਲੋਕ ਹਨ। ਇਹ ਮੰਨਿਆ ਜਾਣਾ ਬੰਦ ਹੋ ਜਾਂਦਾ ਹੈ ਕਿ ਉਹ ਕਿਸੇ ਭਿਅੰਕਰ ਬਿਪਤਾ ਨੂੰ ਲਿਆਉਣ ਵਾਲੀਆਂ ਰਹੱਸਮਈ ਸ਼ਕਤੀਆਂ ਦੇ ਸੰਪਰਕ ਵਿਚ ਹਨ। ਉਹ ਕਾਲਪਨਿਕ ਜਲਯਾਨ (ਜਹਾਜ਼) ਜਿਸ ਵਿਚ ਭਰ ਕੇ ਉਹਨਾਂ ਨੂੰ ਕਿਸੇ ਅਗਿਆਤ ਦੇਸ਼ ਦੀ ਯਾਤਰਾ ਉਤੇ ਭੇਜਿਆ ਜਾਣਾ ਸੀ, ਉਹ ਸਤਾਰਵੀਂ ਸਦੀ ਦੇ ਅੱਧ ਵਿਚ ਇਕ ਡਰਾਵਣੇ ਹਸਪਤਾਲ ਵਿਚ ਬਦਲ ਜਾਂਦਾ ਹੈ। ਮੱਧ ਯੁੱਗ ਦੇ ਬਾਅਦ ਦੇ ਯੂਰਪ ਵਿਚ ਕੋਹੜ ਰੋਗ ਖ਼ਤਮ ਹੋ ਚੁੱਕਿਆ ਸੀ। ਸ਼ਹਿਰਾਂ ਦੇ ਬਾਹਰ, ਸਮੁਦਾਇਆਂ ਦੇ ਬਾਹਰ, ਉਜਾੜ ਅਤੇ ਬੰਜਰ ਸਥਾਨਾਂ ਉਤੇ ਕੋਹੜੀਆਂ ਨੂੰ ਰੱਖਣ ਲਈ ਜੋ ਸ਼ਿਵਰ-ਘਰ ਬਣਾਏ ਗਏ ਸੀ, ਉਹ ਮੱਧ ਯੁੱਗ ਦੇ ਬਾਅਦ ਵਿਚ ਵੀਰਾਨ ਪਏ ਸਨ। 17ਵੀਂ ਸਦੀ ਦੇ ਬਾਅਦ ਇਹ ਪਾਗ਼ਲਖ਼ਾਨਿਆਂ ਵਿਚ ਬਦਲ ਦਿੱਤੇ ਜਾਂਦੇ ਹਨ। ਇਹਨਾਂ ਜੇਲ੍ਹਘਰਾਂ ਨੂੰ ਜੋ ਲੋਕ ਆਬਾਦ ਕਰਦੇ ਹਨ, ਉਹਨਾਂ ਦੇ ਬਾਰੇ ਵਿਚ ਮੰਨਿਆ ਜਾਂਦਾ ਹੈ ਕਿ ਉਹ 'ਨੈਤਿਕ ਰੂਪ 'ਚ ਕੋਹੜੀ' ਹਨ।

ਇਹ ਵਿਸ਼ਾਲ ਬੰਦੀਖ਼ਾਨੇ ਪਾਗ਼ਲਾਂ ਨੂੰ ਸ਼ਹਿਰ ਦੇ ਬਾਕੀ ਲੋਕਾਂ ਤੋਂ ਅਲੱਗ-ਥਲੱਗ ਕਰ ਦਿੰਦੇ ਹਨ। ਪਾਗ਼ਲਾਂ ਦੀ ਇਕ ਗੈਰ-ਸਮਾਜਿਕ ਸ਼੍ਰੇਣੀ ਬਣਦੀ ਹੈ। 17ਵੀਂ ਅਤੇ 18ਵੀਂ ਸਦੀ ਦੇ ਬਾਅਦ ਇਹ ਦੀਵਾਨੇ ਲੋਕ ਹੁਣ 'ਕੁਝ ਅਲੱਗ ਕਿਸਮ ਦੇ ਲੋਕ' ਨਹੀਂ, ਜਿਨ੍ਹਾਂ ਨੂੰ ਸਮਾਜ ਤੋਂ ਬਾਹਰ ਕਰ ਦਿੱਤਾ ਜਾਏ, ਬਲਕਿ ਉਹਨਾਂ ਨੂੰ ਇਸ ਸਮਾਜ ਵਿਚ ਕੁਝ ਖ਼ਾਸ ਥਾਵਾਂ ਉਤੇ ਬੰਦੀ ਬਣਾ ਕੇ ਰੱਖਿਆ ਜਾਣ ਲੱਗਦਾ ਹੈ। ਠੀਕ ਉਸ ਤਰ੍ਹਾਂ ਜਿਵੇਂ ਦੂਜੇ ਅਪਰਾਧੀਆਂ, ਰਾਹੋਂ ਭਟਕੇ, ਨਕਾਰਾ ਅਤੇ ਨਿਕੰਮੇ ਲੋਕਾਂ ਨੂੰ ਆਮ ਲੋਕਾਂ ਤੋਂ ਅਲੱਗ ਕਰਕੇ ਬੰਦੀ ਬਣਾ ਦਿੱਤਾ ਜਾਂਦਾ ਹੈ।

ਫੂਕੋ ਇਸ ਦਿਲਚਸਪ ਪਰਿਵਰਤਨ ਨੂੰ ਰੇਖਾਂਕਿਤ ਕਰਦਾ ਹੈ ਕਿ ਪੁਨਰਜਾਗਰਤੀ ਕਾਲ ਵਿਚ ਪਾਗ਼ਲਪਣ ਨੂੰ ਬਿਮਾਰੀ ਨਹੀਂ ਮੰਨਿਆ ਜਾਂਦਾ ਸੀ ਪਰ ਸਤਾਰਵੀਂ ਸਦੀ ਦੇ ਮੱਧ ਵਿਚ ਕਲਾਸਿਕ ਯੁੱਗ ਆਰੰਭ ਹੋਣ ਦੇ ਨਾਲ, ਇਸ ਨੂੰ ਨਕਾਰਾ ਲੋਕਾਂ ਦੀ ਇਕ ਬਿਮਾਰੀ ਘੋਸ਼ਿਤ ਕਰ ਦਿੱਤਾ ਗਿਆ। ਤਰਕ ਅਤੇ ਬੁੱਧੀਵਾਦ ਦਾ ਆਤੰਕ ਇਸ ਹੱਦ ਤੱਕ ਫੈਲਿਆ ਕਿ ਅਤਾਰਕਿਕਤਾ ਇਕ ਵਿਕ੍ਰਿਤੀ ਜਾਂ ਸਰੀਰ ਦਾ ਇਕ ਰੋਗ ਮੰਨ ਲਈ ਗਈ। ਉਸ ਦੇ ਇਲਾਜ ਵਿਚ ਨੈਤਿਕਤਾ ਦੀ ਇਕ 'ਓਵਰਟੋਨ' ਛੁਪੀ ਹੋਈ ਸੀ। ਇਹਨਾਂ ਬੰਦੀਖ਼ਾਨਿਆਂ ਵਿਚ ਲੀਹੋਂ ਲੱਥੇ ਲੋਕਾਂ ਦੀ ਤਬੀਅਤ 'ਠੀਕ' ਕਰਨ ਦੇ ਸਾਰੇ ਕਾਰਜ ਕੀਤੇ ਜਾਂਦੇ ਸਨ। ਪਾਗ਼ਲਾਂ ਨੂੰ ਲੱਗਭਗ ਪਸ਼ੂ ਤਰੀਕਿਆਂ ਨਾਲ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਰੋਗੀ ਦੇ ਸਰੀਰ ਉਤੇ

ਬਰਫ਼ੀਲੇ ਪਾਣੀ ਦੀ ਬੁਛਾੜ ਕੀਤੀ ਜਾਂਦੀ ਸੀ, ਉਸਦੇ ਸਰੀਰ ਉਤੇ ਗਰਮ ਭਾਫ਼ ਛੱਡੀ ਜਾਂਦੀ ਸੀ, ਗਰਮ ਲੋਹੇ ਨਾਲ ਦਾਗਿਆ ਜਾਂਦਾ ਸੀ। ਇਹ ਮੰਨਿਆ ਜਾਂਦਾ ਸੀ ਕਿ ਸਰੀਰਕ ਸਜ਼ਾਵਾਂ ਦੇਣ ਦੇ ਨਾਲ ਉਸਦੇ ਹੋਸ਼ ਟਿਕਾਣੇ ਆ ਜਾਣਗੇ। ਬੰਦੇ ਨੂੰ ਉਦੋਂ ਤੱਕ ਦੁਖੀ ਕੀਤਾ ਜਾਂਦਾ ਸੀ ਜਦ ਤੱਕ ਉਹ ਥੱਕ ਹਾਰ ਕੇ, ਆਮ ਦੁਨੀਆਂ ਦੇ ਪੂਰੀ ਤਰ੍ਹਾਂ ਕਬਜ਼ੇ ਵਿਚ ਨਹੀਂ ਆ ਜਾਂਦਾ ਸੀ। ਸਰੀਰਕ ਸਲੂਕ ਤੋਂ ਬਿਨਾਂ ਮਰੀਜ਼ ਨੂੰ ਨੈਤਿਕ ਉਪਦੇਸ਼ ਵੀ ਦਿੱਤੇ ਜਾਂਦੇ ਸੀ। ਇਹ ਸਾਰੇ ਕੁਝ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਰੈਨੇਸਾਂ-ਯੁੱਗ ਵਿਚ ਜੀਨੀਅਸ ਮੰਨਿਆ ਜਾਣ ਵਾਲਾ ਪਾਗ਼ਲ ਕਲਾਸਿਕ-ਯੁੱਗ ਤੱਕ ਆਉਂਦੇ-ਆਉਂਦੇ ਇਕ ਮਰੀਜ਼ ਬਣ ਚੁੱਕਿਆ ਸੀ। ਇਸ ਬੰਦੇ ਦੇ ਅੰਦਰਲੀ ਅਤਾਰਕਿਤਾ ਆਪਣਾ ਗੌਰਵ ਮਹਿਮਾ ਖੋ ਚੁੱਕੀ ਸੀ।

ਫੂਕੋ ਅਨੁਸਾਰ 18ਵੀਂ ਸਦੀ ਦੇ ਅਖ਼ੀਰਲੇ ਦਹਾਕਿਆਂ ਅਤੇ 19ਵੀਂ ਸਦੀ ਵਿਚ ਪਾਗ਼ਲਪਣ ਦਾ ਇਲਾਜ ਸਰੀਰ ਨਾਲੋਂ ਹਟ ਕੇ ਦਿਮਾਗ਼ ਦੀ ਤਰਫ਼ ਵਧਣਾ ਸ਼ੁਰੂ ਹੋਇਆ। ਪਾਗ਼ਲਪਣ ਹੁਣ ਇਕ ਮਨੋਰੋਗ ਮੰਨਿਆ ਜਾਣ ਲੱਗਾ। ਪਾਗ਼ਲਾਂ ਨੂੰ ਬਾਕੀ ਅਪਰਾਧੀਆਂ ਨਾਲੋਂ ਵੱਖਰਾ ਰੱਖਿਆ ਜਾਣ ਲੱਗਿਆ। ਮਨੋਰੋਗ ਦਾ ਡਾਕਟਰੀ ਇਲਾਜ ਕਰਨ ਵਾਲੇ ਵਿਸ਼ੇਸ਼ ਕਿਸਮ ਦੇ ਹਸਪਤਾਲਾਂ ਦਾ ਜਨਮ ਹੋਇਆ। ਇਕ ਵਾਰੀ ਇਸ ਪਾਗ਼ਲਖ਼ਾਨੇ ਵਿਚ ਭਰਤੀ ਹੋਣ ਤੋਂ ਬਾਅਦ ਵਿਅਕਤੀ ਹੁਣ ਬਕਾਇਦਾ ਇਕ 'ਰੋਗੀ' ਘੋਸ਼ਿਤ ਹੋ ਜਾਂਦਾ ਸੀ।

18ਵੀਂ ਸਦੀ ਦੇ ਅੰਤ ਵਿਚ ਅਤੇ 19ਵੀਂ ਸਦੀ ਦੇ ਦੌਰਾਨ ਵਿਲੀਅਮ ਟਯੂਕ ਅਤੇ ਫਿਲਿਪ ਪਿਨੇਲ ਨੇ ਮਨੋਚਿਕਿਤਸਾ ਦੇ ਖੇਤਰ ਵਿਚ ਬਹੁਤ ਸਾਰੇ ਸੁਧਾਰ ਕੀਤੇ ਅਤੇ ਇਸਦੇ ਬਾਅਦ 19ਵੀਂ ਸਦੀ ਦੇ ਦੌਰਾਨ ਪਾਗ਼ਲਾਂ ਦੇ ਪ੍ਰਤੀ ਵਰਤਾਓ ਵਿਚ ਇਕ ਨਵੀਂ ਤਬਦੀਲੀ ਆਈ। ਪਾਗ਼ਲਾਂ ਨੂੰ ਹੁਣ ਅਪਰਾਧੀਆਂ ਅਤੇ ਕੰਗਾਲਾਂ ਦੇ ਨਾਲ ਨਹੀਂ ਰੱਖਿਆ ਜਾਂਦਾ ਸੀ। ਕੰਗਾਲਾਂ ਨੂੰ ਤਾਂ ਉਂਝ ਵੀ ਹੁਣ ਕੈਦ 'ਚ ਰੱਖਣਾ ਸੰਭਵ ਨਹੀਂ ਸੀ, ਕਿਉਂਕਿ ਵਧਦੇ ਹੋਏ ਉਦਯੋਗੀਕਰਨ ਦੇ ਕਾਰਨ ਸਮਾਜ ਨੂੰ ਸਸਤੇ ਮਜ਼ਦੂਰਾਂ ਦੀ ਜ਼ਰੂਰਤ ਸੀ। ਦੂਜੇ ਪਾਸੇ ਪਾਗ਼ਲਾਂ ਦੇ ਸਰੀਰਾਂ ਨੂੰ ਵੀ ਹੁਣ ਜੰਜੀਰਾਂ ਦੀ ਕੈਦ ਤੋਂ ਅਜ਼ਾਦ ਕਰ ਦਿੱਤਾ ਗਿਆ। ਪਰ ਹੁਣ ਉਸਦੀ ਹੋਣੀ/ਮਾਨਸਿਕਤਾ ਨਵੇਂ ਵਿਗਿਆਨ ਦੀ ਸ਼ਿਕਾਰ ਹੋ ਗਈ। ਕਲਾਸਿਕ ਯੁੱਗ ਤੋਂ 19ਵੀਂ ਸਦੀ ਤੱਕ ਦੀ ਯਾਤਰਾ ਨਵੇਂ ਗਿਆਨ-ਵਿਗਿਆਨ ਦੇ ਵਿਕਾਸ ਦੀ ਯਾਤਰਾ ਹੀ ਨਹੀਂ ਹੈ, ਉਹ ਆਧੁਨਿਕ/ਨਵੇਂ ਜ਼ਮਾਨੇ ਦੇ ਨਵੇਂ ਤੌਰ-ਤਰੀਕਿਆਂ ਦੀ ਵਿਕਾਸ-ਯਾਤਰਾ ਵੀ ਹੈ। ਵਸਤੂਆਂ ਹੋਰ ਸੰਗਠਿਤ ਹੋਈਆਂ, ਅਨੁਭਵਾਂ ਦੇ ਦਾਇਰੇ ਫੈਲੇ, ਮਨੁੱਖੀ ਦੇਹ ਦੀ ਬਜਾਏ ਉਸਦੀ ਮਾਨਸਿਕਤਾ ਉਤੇ ਕਬਜ਼ਾ ਕਰਨਾ ਹੋਰ ਵੀ ਸੂਖ਼ਮ ਅਤੇ ਹੋਰ ਕਾਰਗਰ ਤਰੀਕਾ ਬਣ ਗਿਆ ਸੀ। ਫੂਕੋ ਦੇ ਅਨੁਸਾਰ 19ਵੀਂ ਸਦੀ ਦੇ ਪਾਗ਼ਲਖ਼ਾਨੇ ਇਕ ਵਿਕਸਿਤ ਕਿਸਮ ਦੇ ਵਿਭੇਦ ਨੂੰ ਰਚਦੇ ਹਨ। ਪਾਗ਼ਲਾਂ ਨੂੰ ਨਾ ਕੇਵਲ ਤਥਾਕਥਿਤ ਆਮ ਲੋਕਾਂ ਤੋਂ ਅਲੱਗ ਕਰ ਦਿੱਤਾ ਗਿਆ, ਸਗੋਂ ਨਵੀਂ ਤਰ੍ਹਾਂ ਦੀ ਮਨੋਚਿਕਿਤਸਾ ਇਸ ਕੈਦਖ਼ਾਨੇ ਵਿਚ ਇਹਨਾਂ ਨੂੰ ਕੈਦ ਕਰਕੇ, ਉਹਨਾਂ ਦੇ ਮਨਾਂ ਅੰਦਰ ਆਪਣੀ ਇਸ ਅਵਸਥਾ ਨੂੰ ਲੈ ਕੇ ਭੈਅ, ਗਲਾਨੀ, ਦੋਸ਼ ਬੱਧ ਅਤੇ ਅਸੁਰੱਖਿਆ ਦੇ ਭਾਵ ਨੂੰ ਰਚਦੀ ਸੀ। ਇਹ ਪਾਗ਼ਲਖ਼ਾਨੇ ਪਾਗ਼ਲਾਂ ਨੂੰ ਸਰੀਰਕ ਦੰਡ ਨਹੀਂ ਦਿੰਦੇ ਸੀ, ਉਸਨੂੰ ਆਪਣੀਆਂ ਹੀ ਨਜ਼ਰਾਂ ਵਿਚ ਡੇਗ ਦਿੰਦੇ ਸਨ। ਮਨੋਚਿਕਿਤਸਿਕ ਪਾਗ਼ਲ ਦੇ ਅੰਦਰ ਪਤਨ ਦੇ ਬੋਧ ਨੂੰ ਭਰਦਾ ਸੀ ਅਤੇ ਇਸ ਅਹਿਸਾਸ ਦੇ ਨਾਲ ਉਹ ਇਕ ਕਮਜ਼ੋਰ ਅਤੇ ਨਿਆਸਰਾ ਵਿਅਕਤੀ ਬਣ ਜਾਂਦਾ ਸੀ। ਉਹ ਜੇਕਰ ਆਪਣੀ ਸਥਿਤੀ ਨੂੰ ਲੈ ਕੇ ਸ਼ਰਮਸਾਰ ਹੁੰਦਾ ਸੀ ਤਾਂ ਇਸ ਨੂੰ ਇਲਾਜ ਦੀ ਸਫ਼ਲਤਾ ਮੰਨਿਆ ਜਾਂਦਾ ਸੀ। ਦਬਾਅ ਵਿਚ ਉਹ ਵਿਅਕਤੀ ਆਪਣੇ 'ਸਵੈ' ਤੋਂ ਟੁੱਟ ਜਾਂਦਾ ਸੀ ਅਤੇ ਕੰਨਫੈੱਸ ਕਰਦਾ ਸੀ। ਇਕ



ਅਪਰਾਧ ਭਾਵਨਾ ਉਸਦੇ ਅੰਦਰ ਬੈਠ ਜਾਂਦੀ ਸੀ। ਇਹ ਇਕ ਸੰਗਠਿਤ ਅਤੇ ਨਿਯੋਜਿਤ ਢੰਗ ਸੀ। ਪਾਗ਼ਲ ਦੇ ਦਿਲ-ਦਿਮਾਗ਼ ਹੁਣ ਬਾਹਰ ਦੀ ਸੱਤਾ ਦੀ ਪਕੜ ਵਿਚ ਸਨ। ਇਹ ਮਨੋ-ਚਿਕਿਤਸਾ ਦੇ ਹਸਪਤਾਲ ਬਿਨਾਂ ਧਾਰਮਿਕ ਅਧਾਰ ਤੇ ਇਕ ਨਵੀਂ ਤਰ੍ਹਾਂ ਦੀ ਨੈਤਿਕਤਾ ਨੂੰ ਫੈਲਾਉਣ ਦੇ ਕੇਂਦਰ ਸੀ। ਇਹ ਮਨੁੱਖ ਦੇ ਆਚਰਣ ਦੀ ਸਰਵ-ਵਿਆਪਕਤਾ ਦੀਆਂ ਸਥਾਪਨਾਵਾਂ ਨੂੰ ਰਚਦੇ ਸੀ। ਇਹ ਭਿੰਨਤਾਵਾਂ ਨੂੰ ਮਿਟਾਉਂਦੇ ਸੀ। ਦੁਰਾਚਾਰ ਦਾ ਦਮਨ ਕਰਦੇ ਸੀ ਅਤੇ ਸੁਭਾਅ ਦੀ ਅਨਿਸ਼ਚਿਤਤਾ ਨੂੰ ਖ਼ਤਮ ਕਰਨ ਉਤੇ ਜ਼ੋਰ ਦਿੰਦੇ ਸਨ। ਪਹਿਲਾਂ ਜੇਕਰ ਪਾਗ਼ਲਾਂ ਨੂੰ ਕੋਹੜੀਆਂ ਲਈ ਬਣਾਏ ਗਏ ਘਰਾਂ ਵਿਚ ਰੱਖਿਆ ਜਾਂਦਾ ਸੀ ਤਾਂ ਉਥੇ ਕੈਦਖ਼ਾਨੇ ਦਾ ਘੱਟੋ-ਘੱਟ ਇਕ ਭੌਤਿਕ ਸਪੇਸ ਸੀ। 19ਵੀਂ ਸਦੀ ਦੇ ਕੈਦਖ਼ਾਨੇ ਪਾਗ਼ਲਾਂ ਦੇ ਸਰੀਰ ਦੇ ਬਾਹਰ ਨਹੀਂ, ਸਗੋਂ ਉਹਨਾਂ ਦੇ ਆਪਣੇ ਸਰੀਰ ਦੇ ਅੰਦਰ ਤਿਆਰ ਕੀਤੇ ਜਾ ਰਹੇ ਸੀ। ਫੂਕੋ ਅਨੁਸਾਰ ਇਹ ਆਧੁਨਿਕ ਇਲਾਜ-ਵਿਵਸਥਾ ਤਿੰਨ ਆਧਾਰਾਂ ਉਤੇ ਆਪਣਾ ਕਾਰਜ ਕਰਦੀ ਸੀ। ਵਿਅਕਤੀ ਦੇ 'ਦੂਜੇ' ਨੂੰ ਖਾਰਜ ਕਰਦੀ ਸੀ, ਉਸਨੂੰ ਆਪਣੀਆਂ ਹੀ ਨਜ਼ਰਾਂ 'ਚ ਅਪਰਾਧੀ ਬਣਾਉਂਦੀ ਸੀ ਅਤੇ ਉਸਦੇ ਦਿਲ ਅਤੇ ਦਿਮਾਗ਼ ਨੂੰ ਇਕ ਕਠੋਰ ਨਿਰੰਤਰ ਨਿਗਰਾਨੀ ਦੀ ਜਕੜ ਵਿਚ ਲੈ ਲੈਂਦੀ ਸੀ।

ਇਥੇ ਵਿਅਕਤੀ ਨੂੰ ਚਾਰੇ ਪਾਸਿਉਂ ਹੀ ਘੇਰ ਲਿਆ ਜਾਂਦਾ ਸੀ ਅਤੇ ਉਸ ਨੂੰ ਆਪਣੀ ਤਨਹਾਈ ਵਿਚ ਤੜਪਣ ਲਈ ਛੱਡ ਦਿੱਤਾ ਜਾਂਦਾ ਸੀ। ਉਸ ਵਿਅਕਤੀ ਦੇ ਪਾਗਲਪਣ ਦਾ ਹੁਣ ਕੋਈ ਗਵਾਹ ਨਹੀਂ ਸੀ। ਉਸਦਾ ਮਾਨਸਿਕ ਦੁੱਖ ਹੁਣ ਇਕ ਦਿਸਣਯੋਗ ਵਸਤੂ ਨਹੀਂ ਸੀ। ਉਸਦਾ ਇਕਲਾਪਾ ਸੁੰਨੀ ਦੀਵਾਰ ਨਾਲ ਟਕਰਾ ਕੇ ਉਸ ਤੱਕ ਵਾਪਸ ਪਰਤ ਆਉਂਦਾ ਸੀ। ਉਸ ਵਿਚ ਕਿਸੀ ਤਰ੍ਹਾਂ ਦੀ ਹੀਰੋਇਜ਼ਮ ਨਹੀਂ ਸੀ। ਇਸ ਤਰ੍ਹਾਂ ਉਸ ਦੀ 'ਹੋਰ' ਨੂੰ ਚੁੱਪ ਕਰਾ ਦਿੱਤਾ ਗਿਆ। ਉਸ ਨੂੰ ਸਮਾਜਿਕ ਢਾਂਚੇ ਦੇ ਸਰਬ-ਸ਼੍ਰੇਣੀਕ੍ਰਿਤ ਮੁੱਲਾਂ ਲਈ 'ਆਗਿਆਕਾਰੀ' ਬਣਾ ਦਿੱਤਾ ਗਿਆ। ਡਾਕਟਰ, ਪਹਿਰੇਦਾਰ ਅਤੇ ਮਰੀਜ਼ ਦੇ ਹੁਣ ਇਕਦਮ ਨਵੀਂ ਤਰ੍ਹਾਂ ਦੇ ਸੰਬੰਧ ਸਨ। ਤਾਕਤ ਦੇ ਇਸ ਨਵੇਂ ਢਾਂਚੇ ਵਿਚ ਉਸ ਵਿਅਕਤੀ ਦੀ ਆਪਣੀ 'ਵਿਅਕਤੀਗਤਾ' ਦਾ ਇਕ 'ਵਸਤੂਪਰਕ' ਅਧਿਐਨ ਕੀਤਾ ਜਾ ਰਿਹਾ ਸੀ। ਉਸ ਦੀ 'ਨਿਜਤਾ' ਹੁਣ ਦੂਜਿਆਂ ਦੇ ਅਧਿਐਨ ਦਾ ਵਿਸ਼ਾ ਸੀ। ਇਲਾਜ ਦਾ ਇਹ ਤਰੀਕਾ ਆਪਣੇ ਜ਼ਰੀਏ, ਆਪਣੀ ਨੈਤਿਕਤਾ, ਆਪਣੇ ਕਾਇਦੇ ਅਤੇ ਆਪਣੀ ਦੰਡ-ਪ੍ਰਣਾਲੀ ਖ਼ੁਦ ਘੜਦਾ ਸੀ। ਇਸ ਵਿਵਸਥਾ ਦੇ ਖਿਲਾਫ਼ ਮਰੀਜ਼ ਨੂੰ ਕਿਤੇ ਵੀ ਕੋਈ ਅਪੀਲ ਕਰਨ ਦੀ ਗੁੰਜਾਇਸ਼ ਨਹੀਂ ਸੀ। ਉਹ ਇਲਾਜ਼ ਦੀ ਤਾਨਾਸ਼ਾਹੀ ਦੇ ਅਧੀਨ ਸੀ।

ਫੂਕੋ ਅਨੁਸਾਰ 19ਵੀਂ ਸਦੀ ਤੱਕ ਆਉਂਦਿਆਂ ਦੀਵਾਨਗੀ ਉਤੇ ਤਰਕ ਦੀ ਪੂਰੀ ਨਿਰੰਕੁਸ਼ਤਾ ਨੇ ਆਪਣਾ ਕਬਜ਼ਾ ਕਰ ਲਿਆ ਅਤੇ ਇਕ ਖ਼ਾਸ ਕਿਸਮ ਦੀ ਨੈਤਿਕ ਵਿਧੀ ਨੂੰ ਜਾਇਜਤਾ ਦੇ ਦਿੱਤੀ ਸੀ। ਮਨੋਰੋਗ-ਚਿਕਿਤਸਾ ਦੇ ਸ਼ੁਰੂ ਤੋਂ ਪਹਿਲਾਂ ਪਾਗ਼ਲਖ਼ਾਨਿਆਂ ਦੀ ਦੁਨੀਆਂ ਵਿਚ ਵਿਚਿੱਤਰ ਲੋਕ ਕਿਤੇ ਵੱਧ ਸੁਤੰਤਰ ਸੀ, ਕਿਉਂਕਿ ਕਲਾਸਿਕ ਯੁੱਗ ਵਿਚ ਜਦ ਉਹਨਾਂ ਨੂੰ ਬੰਦੀ ਬਣਾਇਆ ਗਿਆ ਸੀ ਤਾਂ ਉਦੇਸ਼ ਉਹਨਾਂ ਦੀ ਚੇਤਨਾ ਉਤੇ ਕਬਜ਼ਾ ਕਰਨਾ ਨਹੀਂ ਸੀ। ਪਾਗ਼ਲਾਂ ਦਾ ਸਰੀਰ ਜੰਜੀਰਾਂ ਵਿਚ ਜ਼ਰੂਰ ਸੀ ਪਰ ਉਹਨਾਂ ਦਾ ਦਿਮਾਗ਼ ਕਲਪਨਾ ਦੀਆਂ ਉਡਾਰੀਆਂ ਭਰਦਾ ਸੀ। ਇਹਨਾਂ ਖੰਭਾਂ ਨੂੰ 19ਵੀਂ ਸਦੀ ਵਿਚ ਤਰਕ ਦੀ ਤਾਨਾਸ਼ਾਹੀ ਨੇ ਕੱਟ ਦਿੱਤਾ।

ਫੂਕੋ ਅਨੁਸਾਰ 19ਵੀਂ ਸਦੀ ਵਿਚ ਪਾਗ਼ਲਪਣ ਨੂੰ ਇਕ ਮਾਨਸਿਕ ਰੋਗ ਮੰਨ ਲਏ ਜਾਣ ਤੋਂ ਬਾਅਦ ਤਰਕ ਅਤੇ ਦੀਵਾਨਗੀ ਵਿਚਲਾ ਸੰਵਾਦ ਪੂਰੀ ਤਰ੍ਹਾਂ ਟੁੱਟ ਗਿਆ।

ਮਨੋਚਿਕਿਤਸਾ ਦੀ ਭਾਸ਼ਾ ਵਿਚਿੱਤਰਤਾ ਦੇ ਬਾਰੇ ਵਿਚ ਇਕ ਤਾਰਕਿਕ ਮਨੋਲਾਗ ਕਰਦੀ ਸੀ। ਦੂਸਰੇ ਪੱਖ ਨੂੰ ਕੁਝ ਵੀ ਕਹਿਣ ਦਾ ਮੌਕਾ ਨਹੀਂ ਸੀ। ਇਸਦੇ ਬਾਅਦ ਅਤਰਕ ਦਾ ਜੀਵਨ ਕੇਵਲ ਹੌਲਡਰਿਨ ਨਰਦਲ, ਨੀਤਸ਼ੇ ਅਤੇ ਅਰਸਤੂ ਜਿਹੇ ਬੇਚੈਨ ਘੁਮੱਕੜ ਅਤੇ ਆਗਿਆਹੀਣ ਆਤਮਾਵਾਂ ਦੇ ਸਾਹਿਤ 'ਚ ਬਚਿਆ ਰਹਿ ਗਿਆ। ਫੂਕੋ ਦੇ ਅਨੁਸਾਰ ਇਸ ਅਖੌਤੀ ਮਾਨਵਵਾਦੀ ਮਨੋਚਿਕਿਤਸਾ ਨੇ ਸਾਡੇ ਸਮਿਆਂ ਵਿਚ ਇਕ ਵਿਸ਼ਾਲ ਨੈਤਿਕ ਕੈਦਖ਼ਾਨੇ ਨੂੰ ਰਚਿਆ ਹੈ। ਮਨੋਰੋਗ ਹਸਪਤਾਲ ਬੁਰਜੂਆ ਸਮਾਜ ਵਿਚ ਤਾਨਾਸ਼ਾਹੀ ਦੇ ਇਕ ਵਿਆਪਕ ਢਾਂਚੇ ਅਤੇ ਉਸਦੇ ਮੁੱਲਾਂ ਦੇ ਸੂਖ਼ਮ ਰੂਪ ਨੂੰ ਹੀ ਪੇਸ਼ ਕਰਦੇ ਹਨ। ਬਾਹਰੀ ਸਮਾਜ ਵਿਚ ਜਿਵੇਂ ਪਰਿਵਾਰ ਅਤੇ ਬੱਚੇ ਦੇ ਸੰਬੰਧ ਇਕ ਪਿਤਰਕੀ ਤਾਨਾਸ਼ਾਹੀ ਦੀ ਬੁਨਿਆਦ ਉਤੇ ਖੜ੍ਹੇ ਹਨ; ਅਤਿਆਚਾਰ ਸੰਬੰਧੀ ਸਾਰਾ ਦੋਸ਼-ਪ੍ਰਬੰਧ ਇਕ ਤੀਬਰ ਨਿਆਂਇ ਦੀ ਧਾਰਨਾ ਉਤੇ ਖੜ੍ਹਾ ਹੈ। ਉਸੇ ਤਰ੍ਹਾਂ ਪਾਗ਼ਲਪਣ ਅਤੇ ਸਾਮਾਨਯਤਾ ਦੇ ਸੰਬੰਧ ਵੀ ਇਕ ਸਮਾਜਿਕ ਅਤੇ ਨੈਤਿਕ ਵਿਵਸਥਾ ਦੇ ਦਬਾਅ ਤੋਂ ਹੀ ਨਿਰਧਾਰਿਕ ਹੁੰਦੇ ਹਨ।

'ਮੈਡਨੇਸ ਐਂਡ ਸਿਵਲੀਜੇਸ਼ਨ' ਵਰਗੀ ਪੁਸਤਕ ਇਸ ਪ੍ਰਕਾਰ ਦੇ ਮੱਧ ਯੁੱਗ ਤੋਂ ਸਾਡੇ ਯੁੱਗ ਤੱਕ ਸ਼ਕਤੀ ਸੰਰਚਨਾਵਾਂ ਦੇ ਖਿਲਾਫ਼ ਇਕ ਸੰਵੇਦਨਸ਼ੀਲ ਕਵੀ ਦੀ ਯਾਤਰਾ ਹੈ। ਫੂਕੋ ਅਨੁਸਾਰ, "ਪਾਗ਼ਲਪਣ ਕੇਵਲ ਇਕ ਧਾਰਨਾ ਹੈ, ਜਿਸਨੂੰ ਵਿਭਿੰਨ ਯੁੱਗਾਂ ਵਿਚ ਤਾਕਤਵਰ ਲੋਕਾਂ ਨੇ ਆਪਣੇ ਹਿਤਾਂ ਅਨੁਸਾਰ ਘੜਿਆ ਹੈ। ਇਸ ਦੇ ਜ਼ਰੀਏ ਇਹ ਲੋਕ ਆਪਣੇ ਤੋਂ ਇਲਾਵਾ ਤੱਤਾਂ ਦੇ ਮਹੋਵਸ ਸਵੈ ਨੂੰ ਪਰਿਭਾਸ਼ਿਤ ਕਰਦੇ ਰਹੇ ਹਨ। ਕਹਿਣਾ ਪੈਂਦਾ ਹੈ ਕਿ ਇਸ ਪੁਸਤਕ ਨੇ ਵਿਚਾਰਾਂ ਦੀ ਦੁਨੀਆਂ ਵਿਚ ਇਕ ਭੂਚਾਲ/ਹਲਚਲ ਮਚਾ ਦਿੱਤੀ। ਜਿਸ ਤਰ੍ਹਾਂ ਨੀਤਸ਼ੇ ਦੀ ਪੁਸਤਕ 'ਬਰਥ ਆਫ਼ ਟ੍ਰੈਜਡੀ' ਪ੍ਰਾਚੀਨ ਯੂਨਾਨੀ ਸਭਿਅਤਾ ਦੀਆਂ ਅੰਦਰੂਨੀ ਪਰਤਾਂ ਉਤੇ ਸੱਟ ਮਾਰਦੀ ਹੈ, 'ਮੈਡਨੇਸ ਐਂਡ ਸਿਵਲੀਜੇਸ਼ਨ' ਸਾਡੇ ਆਧੁਨਿਕ ਯੁੱਗ ਦੀ ਕਾਰਜ ਪੱਧਤੀ ਨੂੰ ਬੇਨਕਾਬ ਕਰਦੀ ਹੈ। ਇਸਦੇ ਪੱਖ ਅਤੇ ਵਿਰੋਧ ਵਿਚ ਅਨੇਕਾਂ ਤਰ੍ਹਾਂ ਦੀਆਂ ਪ੍ਰਤਿਕਿਰਿਆਵਾਂ ਆਈਆਂ, ਪਰ ਇਸ ਪੁਸਤਕ ਤੋਂ ਮਿਸ਼ੈਲ ਫੂਕੋ ਨੂੰ ਆਪਣੇ ਭਵਿਖਤ ਅਧਿਐਨਾਂ ਦੇ ਲਈ ਇਕ ਮਜਬੂਤ ਅਧਾਰ ਵੀ ਮਿਲ ਗਿਆ। ਬਾਅਦ ਦੇ ਸਾਲਾਂ ਵਿਚ ਉਸਨੇ ਅਪਰਾਧ, ਸੈਕਸ ਅਤੇ ਵਿਅਕਤੀਗਤਤਾ ਦੀਆਂ ਧਾਰਨਾਵਾਂ ਦੇ ਇਤਿਹਾਸ ਲਿਖੇ। ਹਰ ਥਾਂ ਉਸਨੇ ਗਿਆਨ ਅਤੇ ਸੱਤਾ ਦੇ ਤੰਤਰ ਦੁਆਰਾ ਮਨੁੱਖ ਦੇ ਨਾਲ ਕੀਤੇ ਗਏ ਸਲੂਕ ਦੇ ਵਿਕਾਸ-ਕ੍ਰਮ ਨੂੰ ਰੇਖਾਂਕਿਤ ਕੀਤਾ ਹੈ।

**ਅਨੁਵਾਦਕ - ਬਲਕਾਰ ਸਿੰਘ,**

ਸੰਵਾਦ ਪ੍ਰਕਾਸ਼ਨ ਦੀ 'ਅੰਧੇਰੇ ਸਮਯ ਮੇਂ ਵਿਚਾਰ' ਪੁਸਤਕ ਵਿਚੋਂ।



# ਪੰਜਾਬੀ ਨਾਵਲ ਅਤੇ ਮੱਧਕਾਲੀਨ ਬਿਰਤਾਂਤ-ਪਰੰਪਰਾ/ ਡਾ. ਗੁਰਪ੍ਰੀਤ ਕੌਰ

ਆਧੁਨਿਕ ਸਾਹਿਤ ਦੇ ਦੂਜੇ ਰੂਪਾਕਾਰਾਂ ਜਿਵੇਂ ਕਵਿਤਾ ਅਤੇ ਨਾਟਕ ਤੋਂ ਪਿਛੋਂ ਉਪਜਣ ਦੇ ਬਾਵਜੂਦ ਵੀ ਨਾਵਲ ਸਭ ਤੋਂ ਵੱਧ ਪ੍ਰਚਲਿੱਤ ਅਤੇ ਲੋਕਪ੍ਰਿਯ ਸਾਹਿਤ ਰੂਪਾਕਾਰ ਹੈ। ਇਸ ਦੀ ਲੋਕਪ੍ਰਿਯਤਾ ਦਾ ਮੂਲ ਕਾਰਨ ਇਸ ਵਿੱਚ ਜੀਵਨ ਦੇ ਯਥਾਰਥ ਨੂੰ ਚਿਤਰਣ ਦੀਆਂ ਸੰਭਾਵਨਾਵਾਂ ਹਨ। ਨਾਵਲਕਾਰ ਦਾ ਅਨੁਭਵ ਵਿੱਚ ਦ੍ਰਿਸ਼ਟੀ ਚੌਗਿਰਦੇ ਨੂੰ ਸਮਝਦੀ ਹੋਈ ਵਿਸ਼ੇਸ਼ ਸਮੇਂ ਦੇ ਸਮਾਜਕ ਹਾਲਤਾਂ ਨੂੰ ਆਪਣੀਆਂ ਰਚਨਾਵਾਂ ਅਤੇ ਮੂਰਤੀਮਾਨ ਕਰਦੀ ਹੈ। ਦੂਜੇ ਰੂਪਾਕਾਰਾਂ ਦੇ ਮੁਕਾਬਲਤਨ ਨਾਵਲ ਦੀ ਪੇਸ਼ਕਾਰੀ ਸਮੇਂ ਸਮਾਜਿਕ ਸੱਚ ਆਪਣੀਆਂ ਸਮਕਾਲੀਨ ਸਥਿਤੀਆਂ ਤੋਂ ਵਧੇਰੇ ਅਸਰ ਅੰਦਾਜ਼ ਹੁੰਦਾ ਹੈ। ਇਸੇ ਕਰਕੇ ਸਮਾਜਿਕ ਤਬਦੀਲੀਆਂ ਦੇ ਫਲਸਰੂਪ ਸਾਹਿਤ/ਨਾਵਲ ਦਾ ਰੂਪਾਕਾਰ ਵੀ ਰੂਪਾਂਤਰਣ ਦੀ ਪ੍ਰਕਿਰਿਆ ਵਿੱਚ ਰਿਹਾ ਹੈ। ਇਥੇ ਬਦਲਾਵ ਤੋਂ ਭਾਵ ਇਹ ਨਹੀਂ ਕਿ ਮੂਲੋਂ ਹੀ ਨਵਾਂ ਚਰਿੱਤਰ ਅਖਤਿਆਰ ਕਰਦੀਆਂ ਰਚਨਾਵਾਂ ਪੂਰਵਲੇ ਨਾਲੋਂ ਨਾਤਾ ਤੋੜ ਲੈਂਦੀਆਂ ਹਨ। ਨਾਵਲ ਦੇ ਰੂਪਾਕਾਰ ਦੇ ਵਿਕਾਸ ਵਿੱਚ ਇਹ ਤੱਥ ਵਧੇਰੇ ਵਿਚਾਰਨਯੋਗ ਹੈ ਕਿ ਸਾਹਿਤ ਦੇ ਰੂਪਾਕਾਰ ਜਿੰਨੇ ਮਰਜ਼ੀ ਸਮੇਂ ਅਤੇ ਸਥਾਨ ਦੇ ਚੌਖਟੇ ਵਿਚ ਬੱਝੇ ਹੋਣੇ ਪ੍ਰੰਤੂ ਇਹ ਪੂਰਬਲੇ ਸਾਹਿਤ ਦੀਆਂ ਬਣਤਰਾਂ ਨੂੰ ਰੱਦ ਨਹੀਂ ਕਰਦੇ।

ਪੰਜਾਬੀ ਨਾਵਲ ਦੇ ਰੂਪਾਕਾਰ ਦਾ ਉਥਾਨ ਅੰਗਰੇਜ਼ਾਂ ਦੇ ਪੰਜਾਬ ਉਪਰ ਕਬਜ਼ੇ ਅਤੇ ਅੰਗਰੇਜ਼ੀ ਗਲਪ ਸਾਹਿਤ ਦੇ ਪ੍ਰੋਖ, ਅਪ੍ਰੋਖ ਪ੍ਰਭਾਵਾਂ ਦਾ ਸਿੱਟਾ ਹੀ ਮੰਨਿਆ ਜਾਂਦਾ ਹੈ। ਭਾਈ ਵੀਰ ਸਿੰਘ ਦੁਆਰਾ ਪਹਿਲਾ ਪੰਜਾਬੀ ਨਾਵਲ 'ਸੁੰਦਰੀ' ਲਿਖੇ ਜਾਣ ਤੱਕ, ਪੰਜਾਬੀ ਨਾਵਲ ਦੇ ਰਚੇ ਜਾਣ ਲਈ ਪਿੜ ਤਿਆਰ ਹੋ ਚੁੱਕਾ ਸੀ। ਇਹ ਪਿੜ ਉਦਯੋਗਿਕ ਕ੍ਰਾਂਤੀ, ਛਾਪੇਖਾਨੇ ਦਾ ਪ੍ਰਚਲਨ, ਅਖ਼ਬਾਰੀ ਸਭਿਆਚਾਰ ਦਾ ਪ੍ਰਫੁੱਲਨ, ਵਰਤਮਾਨ ਮਾਮਲਿਆਂ ਵਿੱਚ ਦਿਲਚਸਪੀ ਲੈਣ ਅਤੇ ਨਵੀਆਂ ਲੀਹਾਂ ਤੇ ਸੁਤੰਤਰ ਇੱਛਾ ਅਨੁਸਾਰ ਸੋਚਣ ਦੇ ਸਮਰੱਥ ਪੜ੍ਹੀ ਲਿਖੀ ਮੱਧ ਸ਼੍ਰੇਣੀ ਦੇ ਵਿਕਾਸ ਆਦਿ ਦੇ ਰੂਪ ਵਿੱਚ ਹੋਇਆ।[1] ਇਹ ਵੀ ਖਿਆਲ ਕੀਤਾ ਜਾਂਦਾ ਹੈ ਕਿ ਨਾਵਲ ਸਭਿਅਤਾ ਅਤੇ ਸੰਸਕ੍ਰਿਤੀ ਦੇ ਵਿਕਾਸ ਨਾਲ ਪੰਜਾਬੀ ਮੱਧਕਾਲੀ ਕਥਾ-ਰੂਪਾਂ ਵਿੱਚ ਹੀ ਗੁਣਾਤਮਕ ਤਬਦੀਲੀਆਂ ਦੇ ਸਿੱਟੇ ਦੇ ਰੂਪ ਵਿਚ ਹੋਂਦ ਵਿੱਚ ਆਇਆ। ਇਸਾਈ ਮਤ ਦੇ ਪ੍ਰਤੀਰੋਧ ਵਜੋਂ ਪੰਜਾਬ ਵਿੱਚ ਪੁਨਰ ਸਥਾਪਤੀ ਦੀ ਲਹਿਰ ਨੇ ਵੀ ਅਜਿਹੀਆਂ ਜੁਗਤਾਂ ਦੀ ਲੋੜ ਅਨੁਭਵ ਕਰਵਾਈ ਜੋ ਸੁਭਾਅ ਵਿੱਚ ਕਵਿਤਾ ਦੀ ਥਾਂ ਗੱਦ ਦੇ ਵਧੇਰੇ ਨੇੜੇ ਸਨ। ਪ੍ਰੋ. ਐਸ. ਐਸ. ਅਮੋਲ ਦਾ 'ਪੰਜਾਬੀ ਭੌਰੇ' ਪੁਸਤਕ ਵਿੱਚ ਪੰਜਾਬ ਦੀਆਂ ਪ੍ਰੀਤ ਕਥਾਵਾਂ ਨੂੰ ਦੁਆਰਾ ਗੱਦ ਰੂਪ ਵਿੱਚ ਪੇਸ਼ ਕਰਨਾ ਇਨ੍ਹਾਂ ਜੁਗਤਾਂ ਦੀ ਸਾਰਥਕਤਾ ਨੂੰ ਸਥਾਪਤ ਕਰਦਾ ਹੈ।[2] ਭਾਵੇਂ ਗੱਦ ਉਤੇ ਅਧਾਰਤ ਬਿਰਤਾਂਤਾਂ ਦੇ ਹਾਵੀ ਹੋਣ ਕਾਰਨ ਮੱਧਕਾਲੀਨ ਬਿਰਤਾਂਤ ਕਾਵਿ ਦੇ ਹੋਰ ਰੂਪਾਂ ਵਾਂਗ ਕਿੱਸਾ-ਕਾਵਿ ਵੀ ਬੀਤੇ ਦੀ ਬਾਤ ਬਣਕੇ ਰਹਿ ਗਿਆ ਪ੍ਰੰਤੂ ਇਸਦੀਆਂ ਬਿਰਤਾਂਤਕ ਜੁਗਤਾਂ ਕੁਝ ਬਦਲਵੇਂ ਰੂਪ ਵਿੱਚ ਮੁੱਢਲੇ ਪੰਜਾਬੀ ਨਾਵਲ ਵਿੱਚ ਹਾਜ਼ਰ ਹਨ।

ਮੁੱਢਲਾ ਪੰਜਾਬੀ ਨਾਵਲ ਉਨ੍ਹੀਵੀਂ ਸਦੀ ਦੇ ਅੰਤ ਵਿੱਚ ਲੋਕਾਂ ਦੀ ਭਾਵੁਕ-ਸਭਿਆਚਾਰਕ ਲੋੜ ਨੂੰ ਧਿਆਨ ਵਿੱਚ ਰੱਖ ਕੇ ਲਿਖਿਆ ਗਿਆ। ਨਾਵਲਕਾਰਾਂ ਨੇ ਬਦੇਸ਼ੀ ਸਾਮਰਾਜ ਵੱਲੋਂ ਪੈਦਾ ਕੀਤੀ ਧਾਰਮਿਕ, ਸੰਪਰਦਾਇਕ ਸਥਿਤੀ ਨਾਲ ਲੜਨ ਅਤੇ ਸਿੱਖ ਆਦਰਸ਼ਾਂ ਨੂੰ ਪ੍ਰਭਾਵਸ਼ਾਲੀ ਦਰਸਾਉਣ ਲਈ ਕਥਾਨਕ ਨੂੰ ਅਦਭੁਤ, ਚਮਤਕਾਰੀ, ਰਹੱਸਮਈ ਅਤੇ ਰੌਚਕ ਢੰਗ ਨਾਲ ਪੇਸ਼ ਕੀਤਾ। ਖਾਸ ਤੌਰ ਤੇ ਭਾਈ ਵੀਰ ਸਿੰਘ ਦੇ ਨਾਵਲਾਂ ਦਾ ਮੁੱਖ ਉਦੇਸ਼ ਸਿੱਖੀ ਗੌਰਵ ਨੂੰ ਉਚਿਆਉਣਾ

ਸੀ।ਆਪਣੇ ਉਦੇਸ਼ ਦੀ ਪੂਰਤੀ ਲਈ ਉਸਨੇ ਰੋਮਾਂਟਿਕ ਕਿੱਸਿਆਂ ਦੀ ਵਿਰਸੇ ਵਜੋਂ ਲੋਕ ਮਾਨਸਿਕਤਾ ਵਿੱਚ ਪ੍ਰਚਲਿੱਤ ਹੋ ਚੁੱਕੀ ਰੁਚੀ ਨੂੰ ਕਥਾਨਕ ਵਿੱਚ ਭੇਦ ਭਰੀਆਂ, ਅਦਭੁੱਤ ਘਟਨਾਵਾਂ ਰਾਹੀਂ ਅਪਣਾਇਆ।[4] ਜਿਵੇਂ ਹੀਰ ਰਾਂਝੇ ਦੇ ਕਿੱਸੇ ਵਿੱਚ ਪੰਜ ਪੀਰ ਗ਼ੈਬੀ ਸ਼ਕਤੀ ਦੇ ਰੂਪ ਵਿੱਚ ਵਿਦਮਾਨ ਰਹਿੰਦੇ ਹਨ। ਇਨ੍ਹਾਂ ਪੀਰਾਂ ਦੀ ਹੋਂਦ ਅਤੇ ਬਖਸ਼ਿਸ਼ ਦਾ ਜ਼ਿਕਰ ਦਮੋਦਰ ਤੋਂ ਵਾਰਿਸ ਤੱਕ ਹਰੇਕ ਕਿੱਸਾਕਾਰ ਨੇ ਕਿਸੇ ਨਾ ਕਿਸੇ ਰੂਪ ਵਿੱਚ ਕੀਤਾ ਹੈ।ਯਥਾਰਥਵਾਦੀ ਪੱਧਤੀ ਅਨੁਸਾਰ ਇਹ ਘਟਨਾਵਾਂ ਅਸੁਭਾਵਿਕ ਜਾਪਦੀਆਂ ਹਨ।ਭਾਈ ਵੀਰ ਸਿੰਘ ਦੇ ਨਾਵਲਾਂ ਵਿੱਚ ਕਈ ਅਜਿਹੀਆਂ ਚਮਤਕਾਰੀ ਘਟਨਾਵਾਂ ਮੌਕਾ ਮੇਲ ਜੁਗਤ ਰਾਹੀਂ ਵਾਪਰਦੀਆਂ ਦਿਖਾਈਆਂ ਗਈਆਂ ਹਨ।ਜਿਵੇਂ ਸੁੰਦਰੀ ਜਦੋਂ ਸਤ ਬਚਾਉਣ ਲਈ ਚਿਤਾ ਉਤੇ ਆਤਮਘਾਤ ਕਰਨ ਲਈ ਬੈਠਦੀ ਹੈ ਤਾਂ ਸਿੰਘ ਸਜਿਆ ਉਸਦਾ ਭਰਾ ਆ ਪਹੁੰਚਦਾ ਹੈ।ਮਸੀਤ ਵਿੱਚ ਬੰਦੀ ਬਣੇ ਬੈਠੇ ਬਲਵੰਤ ਸਿੰਘ, ਜਿਸਦੇ ਕੇਸ ਕੱਟਣ ਲਈ ਨਾਈ ਨੂੰ ਬਾਰ-ਬਾਰ ਕਿਹਾ ਜਾਂਦਾ ਹੈ, ਨੂੰ ਇੱਕ ਸਿੰਘਾਂ ਦਾ ਜੱਥਾ ਛੁਡਾ ਕੇ ਹਰਨ ਹੋ ਜਾਂਦਾ ਹੈ।ਇਕ ਹੋਰ ਸਥਿਤੀ ਵਿਚ ਸੁੰਦਰੀ ਨਵਾਬ ਅਤੇ ਸ਼ਿਕਾਰੀ ਦੇ ਕਾਬੂ ਆਉਣ ਉਤੇ, ਦਰੋਪਦੀ ਅਤੇ ਪ੍ਰਹਿਲਾਦ ਦੇ ਮਿਥਿਹਾਸਿਕ ਪ੍ਰਸੰਗਾਂ ਨੂੰ ਧਿਆਨ ਗੋਚਰੇ ਕਰਕੇ, ਧਰਮ ਦੀ ਰੱਖਿਆ ਲਈ ਅਰਦਾਸ ਕਰਦੀ ਹੈ ਜੋ ਬਲਵੰਤ ਸਿੰਘ ਅਤੇ ਹੋਰ ਸਿੰਘਾਂ ਦੇ ਉਥੇ ਪਹੁੰਚਣ ਤੇ ਵਾਸਤਵ ਬਣ ਜਾਂਦੇ ਹਨ।ਨਾਵਲ 'ਸਤਵੰਤ ਕੌਰ' ਵਿੱਚ ਵੀ ਇਸ ਕਿਸਮ ਦੀਆਂ ਸਥਿਤੀਆਂ ਸਿਰਜੀਆਂ ਗਈਆਂ ਹਨ।ਸੀਲ ਕੌਰ ਦੀ ਪਤ ਵੀ ਔਖੀਆਂ ਘੜੀਆਂ ਵਿੱਚ ਹੀ ਬਚਦੀ ਹੈ।[5] ਸੋ ਪੰਜਾਬੀ ਨਾਵਲ ਆਪਣੇ ਮੁੱਢਲੇ ਦੌਰ ਵਿੱਚ ਗ਼ੈਬੀ ਸ਼ਕਤੀਆਂ ਵੱਲੋਂ ਹੁੰਦੇ ਕੌਤਕ ਵਾਲੀ ਰੋਮਾਂਟਿਕ ਕਿੱਸਿਆਂ ਵਾਲੀ ਪਰੰਪਰਾ ਦਾ ਹੀ ਧਾਰਨੀ ਹੈ।

ਕਿੱਸਾ ਕਾਵਿ ਵਿੱਚ ਕਈ ਵਾਰ ਬਿਰਤਾਂਤ ਦੀਆਂ ਉਲਝਣਾਂ ਦੀ ਗੁੱਥੀ ਨੂੰ ਸੁਲਝਾਉਣ ਲਈ ਕਰਾਮਾਤਾਂ ਦੀ ਥਾਂ ਖੁਦ ਨਾਇਕ/ਨਾਇਕਾਵਾਂ ਦੇ ਗੈਰ-ਮਮੂਲੀ ਗੁਣਾਂ ਨੂੰ ਆਧਾਰ ਬਣਾ ਲਿਆ ਜਾਂਦਾ ਹੈ।ਉਹਨਾਂ ਦੀ ਸ਼ਖ਼ਸੀਅਤ ਵਿਚਲੇ ਰੂਹਾਨੀਅਨਤ ਅਤੇ ਵੀਰਤਾ ਆਦਿ ਦੇ ਗੁਣਾਂ ਕਰਕੇ ਉਹ ਆਮ ਬੰਦਿਆਂ ਵਰਗੇ ਬੰਦੇ ਨਹੀਂ ਰਹਿੰਦੇ, ਸਗੋਂ ਇਹ ਗੁਣ ਉਹਨਾਂ ਨੂੰ ਅਸਧਾਰਨ ਵਿਅਕਤੀ ਬਣਾ ਦਿੰਦੇ ਹਨ। ਇਨ੍ਹਾਂ ਅਸਧਾਰਨ ਵਿਅਕਤੀਆਂ ਦੁਆਰਾ ਕੀਤੇ ਕਾਰਜ ਅਤੇ ਇਨ੍ਹਾਂ ਕਾਰਜਾਂ ਦੁਆਰਾ ਨਿਕਲੇ ਸਿੱਟੇ ਵੀ ਅਸਧਾਰਨ ਹੁੰਦੇ ਹਨ।ਖਾਸ ਕਰਕੇ ਪ੍ਰਕਿਰਤੀ ਵੀ ਹਮੇਸ਼ਾਂ ਨਾਇਕ ਦੇ ਗੁਣਾਂ ਅਨੁਸਾਰ ਹੀ ਢਲ ਜਾਂਦੀ ਹੈ।[6] ਕਿੱਸਾ 'ਪੂਰਨ ਭਗਤ' ਵਿੱਚ ਪੂਰਨ ਦੀ ਆਮਦ ਨਾਲ ਸੁੱਕੇ ਬਾਗ ਦਾ ਹਰਾ ਹੋਣਾ, ਪੂਰਨ ਦੇ ਬੋਲ ਸੁਣਕੇ ਬੁੱਢੀ ਮਾਂ ਦੀਆਂ ਛਾਤੀਆਂ ਵਿਚੋਂ ਦੁੱਧ ਦੀਆਂ ਧਾਰਾਂ ਵਗਣ ਤੇ ਮਾਂ ਦੀਆਂ ਅੱਖਾਂ ਦੀ ਜੋਤ ਵਾਪਸ ਆਉਣਾ ਪੂਰਨ ਦੀਆਂ ਅਸਧਾਰਨ ਸ਼ਕਤੀ ਦੀਆਂ ਸੂਚਕ ਘਟਨਾਵਾਂ ਹਨ, ਜਿਹੜੀਆਂ ਉਸਨੂੰ ਸਧਾਰਨ ਮਨੁੱਖ ਤੋਂ ਵਧੇਰੇ ਪੂਰਨ ਜੋਗੀ ਦੇ ਰੂਪ ਵਿੱਚ ਉਭਾਰਦੀਆਂ ਹਨ। ਜਿੱਥੇ ਪੂਰਨ ਵੱਲੋਂ ਰਾਜ ਪਾਟ ਤਿਆਗਣਾ ਆਪੇ ਨੂੰ ਮਾਰਨ ਦਾ ਸੂਚਕ ਹੈ ਉਥੇ ਪ੍ਰੀਤ ਕਥਾਵਾਂ ਵਿੱਚ ਕਸ਼ਟ ਸਹਿਣ ਕਰਕੇ ਜਾਨ ਵਾਰਨ ਨੂੰ ਹੀ ਜੀਵਨ ਦੀ ਮੰਜ਼ਿਲ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਜਿਵੇਂ ਪ੍ਰੀਤ, ਭਗਤੀ ਦੇ ਵੀਰਤਾ ਵਰਗੇ ਗੁਣਾਂ ਦੇ ਮਾਲਕ ਨਾਇਕ ਹੀ ਇਨ੍ਹਾਂ ਕਥਾਵਾਂ ਦਾ ਧੁਰਾ ਹਨ ਉਸੇ ਪ੍ਰਕਾਰ ਮੁੱਢਲੇ ਪੰਜਾਬੀ ਨਾਵਲਾਂ ਦੀ ਕਹਾਣੀ ਵੀ ਨਾਇਕ/ਨਾਇਕਾਵਾਂ ਦੇ ਦੁਆਲੇ ਘੁੰਮਦੀ ਹੈ।

ਭਾਈ ਵੀਰ ਸਿੰਘ ਦੇ ਨਾਇਕ ਪੂਰੀ ਦ੍ਰਿੜਤਾ ਨਾਲ ਧਰਮ ਯੁੱਧ ਕਰਦੇ ਆਦਰਸ਼ ਲਈ ਜਾਨ ਵਾਰ ਦਿੰਦੇ ਹਨ। ਉਨ੍ਹਾਂ ਦੀ ਮੌਤ ਸ਼ਹੀਦੀ ਵਾਲਾ ਭਾਵ ਪੈਦਾ ਕਰਦੀ ਹੈ। ਨਾਨਕ ਸਿੰਘ ਦੇ ਨਾਇਕ ਆਪਣੀ ਨੇਕ ਨਿਯਤੀ ਦਾ ਸਿੱਟਾ ਜਾਂ ਤਾਂ ਆਪਣੇ ਆਦਰਸ਼ਾਂ ਦੀ ਪ੍ਰਾਪਤੀ ਕਰਦੇ ਹਨ ਜਾਂ ਪਰ-ਹਿਤ ਕੁਰਬਾਨੀ ਦਾ ਮਾਣ ਖੱਟਦੇ ਹਨ।ਕੁਰਬਾਨੀ ਉਨ੍ਹਾਂ ਦੀ ਰੂਹਾਨੀ ਵਡਿੱਤਣ ਦੀ ਪ੍ਰਮਾਣ ਹੈ। ਮੱਧਕਾਲੀਨ ਕਿੱਸਾ ਕਾਵਿ ਵਾਲੀ ਨਾਇਕ ਧਿਰ ਨਾਲ ਹਮਦਰਦੀ ਅਤੇ ਖਲਨਾਇਕ ਧਿਰ ਨਾਲ ਘ੍ਰਿਣਾ ਵਾਲੀ ਸਦਾਚਾਰ ਰੂੜੀ ਵੀ ਮੁੱਢਲੇ ਪੰਜਾਬੀ ਨਾਵਲ ਦੇ ਪਾਤਰ ਸੰਕਲਪ ਦਾ ਲੱਛਣ ਹੈ।[7]



ਖਲਨਾਇਕ ਧਿਰ ਦਾ ਅਮਾਨਵੀ ਵਿਹਾਰ ਘ੍ਰਿਣਾ ਤੇ ਰੋਹ ਦੇ ਭਾਵ ਉਪਜਾਉਂਦਾ ਹੈ ਅਤੇ ਨਾਇਕ ਪਾਤਰਾਂ ਦੀ ਸਥਿਤੀ ਕਰੁਣਾ ਅਤੇ ਦੁੱਖ ਦੇ ਭਾਵ ਪੈਦਾ ਕਰਦੀ ਹੈ।

ਲੋਚਾ ਅਤੇ ਪ੍ਰਾਪਤੀ ਵਿਚਲੀ ਵਿੱਥ ਦਾ ਕਾਰਨ ਵੀ ਕੂਟ ਪਾਤਰਾਂ ਦੀਆਂ ਘ੍ਰਿਣਤ ਚਾਲਾਂ ਹੀ ਹੁੰਦੀਆਂ ਹਨ।ਪ੍ਰੀਤ ਕਥਾਵਾਂ ਵਿੱਚ ਨਾਇਕ ਨਾਇਕਾ ਦੀ ਇੱਕ ਦੂਜੇ ਨੂੰ ਪਾ ਲੈਣ ਦੀ ਲੋਚਾਂ ਦੀ ਅਪੂਰਤੀ ਦਾ ਕਾਰਨ ਸਮਾਜਿਕ ਧਿਰਾਂ ਬਣਦੀਆਂ ਹਨ।ਸਮਾਜਿਕ ਬੰਦਸ਼ਾਂ ਨੂੰ ਤੋੜ ਕੇ ਪਿਆਰ ਨੂੰ ਪਾ ਲੈਣ ਦਾ ਸੁਪਨਾ ਨਿਰੀ ਹਸਰਤ ਬਣਕੇ ਰਹਿ ਜਾਂਦਾ ਹੈ, ਹਕੀਕਤ ਨਹੀਂ ਬਣਦਾ।ਦਮੋਦਰ ਵੱਲੋਂ 'ਲੰਮੀ ਤਰਫ ਸਿਧਾਇ', ਅਹਿਮਦ ਵੱਲੋਂ 'ਦਰਗਾਹ ਵਿੱਚ ਕਬੂਲ ਹੋਏ' ਆਦਿ ਰਿਵਾਇਤਾਂ ਇਸ ਗੱਲ ਦਾ ਸੰਕੇਤ ਹਨ ਕਿ ਕਿੱਸਾਕਾਰ ਵਾਸਤਵਿਕਤਾ ਤੋਂ ਕੋਹਾਂ ਦੂਰ ਲੋਚਾਂ ਪੂਰਤੀ ਦੀ ਭ੍ਰਾਂਤੀ ਹੀ ਸਿਰਜਦੇ ਹਨ। ਇਹ ਜੁਗਤ ਮੁੱਢਲੇ ਪੰਜਾਬੀ ਨਾਵਲ ਵਿੱਚ ਪੂਰੀ ਤਰ੍ਹਾਂ ਦੁਹਰਾਈ ਜਾਂਦੀ ਹੈ।[8] ਸਿੱਖੀ ਭਾਵਨਾ ਤੇ ਸਿੱਖੀ ਗੌਰਵ ਨੂੰ ਬਲਵਾਨ ਕਰਨਾ ਭਾਈ ਵੀਰ ਸਿੰਘ ਦੇ ਨਾਵਲੀ ਜਗਤ ਦਾ ਇੱਕੋ ਇੱਕ ਆਸ਼ਾ ਰਿਹਾ ਹੈ।ਆਪਣੇ ਇਸ ਉਦੇਸ਼ ਦਾ ਪ੍ਰਗਟਾਵਾ ਉਹ ਆਪਣੇ ਦੂਜੇ ਨਾਵਲ 'ਬਿਜੈ ਸਿੰਘ' ਦੀ ਭੂਮਿਕਾ ਵਿੱਚ ਕਰਦਾ ਲਿਖਦਾ ਹੈ :-

> "ਪੰਥ ਦੀ ਮੌਜੂਦਾ ਹਾਲਾਤ ਪਿਛਲਿਆਂ ਕਾਰਨਾਮਿਆਂ ਨੂੰ ਭੁਲਾ ਕੇ ਵਿਗਾੜ ਵੱਲ ਦੌੜਨ ਦੀ ਦਿੱਸਦੀ ਹੈ, ਇਸ ਪੁਸਤਕ ਵਿੱਚ ਇਹੋ ਜ਼ੋਰ ਦਿੱਤਾ ਹੈ ਅਰ ਲਿਖਣੇ ਦਾ ਪ੍ਰਯੋਜਨ ਭੀ ਕੇਵਲ ਇਤਨਾ ਹੈ ਕਿ ਕਿਸੇ ਤਰ੍ਹਾਂ ਭਰਾਵਾਂ ਨੂੰ ਆਪਣੇ ਪੈਰਾਂ ਤੇ ਸੰਭਲਣ ਦਾ ਵੱਲ ਆ ਜਾਵੇ, ਉਹ ਉਚਾ ਆਦਰਸ਼ ਇਨਸਾਨੀਅਤ ਦਾ, ਉਹ ਨਮੂਨੇ ਦਾ ਬੰਦਾ ਜੋ ਗੁਰੂ ਗੋਬਿੰਦ ਸਿੰਘ ਨੇ ਰਚ ਕੇ ਦੱਸਿਆ, ਉਹ ਆਪਣੇ ਸੱਚੇ ਤੇ ਪਵਿੱਤਰ ਅਮਲੀ ਰੂਪ ਵਿੱਚ ਕਾਇਮ ਰਹੇ।"[9]

ਸਪੱਸ਼ਟ ਹੈ ਕਿ ਅੰਗਰੇਜ਼ਾਂ ਦੀ ਆਮਦ ਨਾਲ ਬਦਲ ਰਹੇ ਆਰਿਥਕ, ਸਮਾਜਿਕ, ਰਾਜਨੈਤਿਕ ਅਤੇ ਧਾਰਮਿਕ ਪ੍ਰਸੰਗਾਂ ਵਿੱਚ ਭਾਈ ਵੀਰ ਸਿੰਘ ਦੀ ਇਹ ਲੋਚਾ ਸੁਪਨੇ ਦੀ ਨਿਆਈ ਹੀ ਜਾਪਦੀ ਹੈ, ਜੋ ਅੱਗੇ ਵਿਗਸਦੀ ਹੋਈ ਨਾਨਕ ਸਿੰਘ ਦੇ ਸਮਾਜ ਸੁਧਾਰਨ ਨਾਵਲ ਦਾ ਮੁੱਖ ਗੁਣ ਬਣ ਜਾਂਦੀ ਹੈ।

ਮੁੱਢਲੇ ਨਾਵਲਕਾਰਾਂ ਨੇ ਕਿੱਸਾ ਕਾਵਿ ਵਿਚਲੇ ਬਿਰਤਾਂਤਕ ਵਿਸਥਾਰ ਲਈ ਘਟਨਾ ਵਿਵੇਕ ਦੀ ਥਾਂ ਮਨੋਰਥ-ਪਰਕਤਾ ਵਾਲੀ ਜੁਗਤ ਨੂੰ ਸਪੱਸ਼ਟ ਰੂਪ ਵਿੱਚ ਅਪਣਾਇਆ ਹੈ।"ਘਟਨਾਵਾਂ ਵਿਚਲਾ ਅਜਿਹਾ ਭਾਵਨਾ ਮੂਲਕ ਇੱਛਾ ਅਨੁਸਾਰ ਜੋੜ ਤੋੜ ਇਕ ਅਸਧਾਰਨ ਘਟਨਾ-ਪ੍ਰਬੰਧ ਨੂੰ ਜਨਮ ਦਿੰਦਾ ਹੈ।ਜਿਵੇਂ ਨਾਵਲ 'ਚਿੱਟਾ-ਲਹੂ' ਵਿੱਚ ਸੁੰਦਰੀ ਰੂ-ਪੋਸ਼ ਹੋ ਕੇ ਵੀ ਪਛਾਣੀ ਨਹੀਂ ਜਾਂਦੀ ਤੇ ਨਾ ਹੀ ਮਰਦਾਵੇਂ ਭੇਸ ਵਿੱਚ ਗਾਏ ਗਏ ਉਸਦੇ ਪ੍ਰੀਤਮ ਵਿਛੋੜੇ ਦੇ ਵੈਰਾਗਮਈ ਗੀਤ ਹੀ ਉਸਦੀ ਜਨਾਨਾ ਅਸਲੀਅਤ ਨੂੰ ਬੇਨਕਾਬ ਕਰਦੇ ਹਨ।ਜਿਵੇਂ ਸੰਦੂਕ ਵਿੱਚ ਬੰਦ ਰੁੜ੍ਹੀ ਜਾਂਦੀ ਸੱਸੀ ਨੂੰ ਧੋਬੀ ਬਚਾ ਲੈਂਦਾ ਹੈ, ਕਿਉਂਕਿ ਸੱਸੀ ਦੀ ਮੌਤ ਦਾ ਥਲਾਂ ਵਿੱਚ ਹੋਣਾ ਪੂਰਵ-ਨਿਸ਼ਚਿਤ ਸੀ ਇਸੇ ਤਰ੍ਹਾਂ ਰੁੜ੍ਹੀ ਜਾਂਦੀ ਸੁੰਦਰੀ ਨੂੰ ਬੁੱਢਾ ਮਲਾਹ ਬਚਾ ਲੈਂਦਾ ਹੈ ਕਿਉਂਕਿ ਬਾਬੂ ਸ਼ਾਮਦਾਸ ਦੇ ਰੂਪ ਵਿੱਚ ਉਸਦਾ ਤਾਰਾ ਚੰਦ ਨਾਲ ਮਿਲਾਪ ਹੋਣ ਦਾ ਢੋਅ ਅਜੇ ਬਣਨਾ ਸੀ।"[10]

ਪੰਜਾਬੀ ਕਿੱਸਾ ਕਾਵਿ ਵਿੱਚ ਸਥਾਪਤੀ ਦੇ ਵਿਰੋਧ ਦੀ ਸੁਰ ਵੀ ਪ੍ਰਧਾਨ ਰਹੀ ਹੈ।ਉਹ ਚਾਹੇ ਪ੍ਰਤੀ ਕਿੱਸਿਆਂ ਵਿੱਚ ਆਪਣੇ ਪਿਆਰੇ ਦੀ ਪ੍ਰਾਪਤੀ ਲਈ ਕੀਤਾ ਗਿਆ ਵਿਰੋਧ ਹੋਵੇ ਜਾਂ ਵੀਰ ਰਸੀ ਕਿੱਸਿਆਂ ਵਿਚਲੀ ਸਧਾਰਨ ਲੁਕਾਈ ਵਿਚੋਂ ਉਠੇ 'ਜਿਉਣਾ ਮੌੜ' ਅਤੇ 'ਦੁੱਲਾ' ਭੱਟੀ' ਵਰਗੇ ਨਾਇਕਾਂ ਦੀ ਰਾਜ ਪ੍ਰਬੰਧ ਦੇ ਵਿਰੁੱਧ ਉਠਾਈ ਆਵਾਜ਼ ਹੋਵੇ।[11] ਭਾਈ ਵੀਰ ਸਿੰਘ ਦੁਆਰਾ ਨਾਵਲ ਰਚਣ ਪਿੱਛੇ ਕਾਰਨ ਚਾਹੇ ਸਮਾਜ-ਸਭਿਆਚਾਰ ਬਦਲਾਵ ਹੀ ਰਹੇ ਹੋਣ ਪ੍ਰੰਤੂ ਉਸਦੇ ਨਾਵਲਾਂ ਵਿਚਲੇ ਸਿੱਖ ਪਾਤਰ, ਮੁਗਲਾਂ ਨਾਲ ਟੱਕਰ ਲੈਂਦੇ ਅਤੇ ਜਾਨਾਂ ਵਾਰਦੇ ਦਿਖਾਏ ਗਏ ਹਨ।ਉਦਾਹਰਣ

ਵਜੋਂ ਸੁੰਦਰੀ ਦਾ ਇਹ ਕਥਨ :

> "ਉੱਠ ਵੇ ਉੱਠ ਮੇਰੀ ਮਾਂ ਦਿਆ ਜਾਇਆ ਉੱਠ। ਘਰਾਂ ਨੂੰ ਜਾਹ ਮੁਗਲ ਦਾ ਪਾਣੀ ਮੈਂ ਨਾ ਪੀਆਂ ਵੀਰਾ। ਮਰਾਂਗੀ ਅੱਗ ਜਲਾ। ਜਦ ਪਿਉ ਭਰਾ ਨੂੰ ਪ੍ਰਤੀਤ ਹੋ ਗਈ ਕਿ ਮੁਗਲ ਕਿਸੇ ਤਰ੍ਹਾਂ ਨਹੀਂ ਛੱਡਦਾ ਅਤੇ ਪੁਤਰੀ ਧਰਮ ਛੀਨ ਭੀ ਨਹੀਂ ਕਰੇਗੀ ਤਦ ਸਾਰੇ ਉਠਾਕੇ ਟੁੱਟੇ ਲੱਕ ਤੇ ਭੱਜੇ ਦਿਲ ਘਰ ਨੂੰ ਆ ਰਹੇ।"[12]

ਇਸ ਤਰ੍ਹਾਂ ਪੰਜਾਬੀ ਨਾਵਲ ਦੇ ਰੂਪਾਕਾਰਾਂ ਦੇ ਮੁੱਢ ਬੱਝਣ ਵਿੱਚ ਜਾਂ ਫਿਰ ਉਸਦੇ ਰੂਪਾਕਾਰਕ ਵਿਕਾਸ ਵਿੱਚ ਸਿਰਫ ਤੇ ਸਿਰਫ ਅੰਗਰੇਜ਼ਾਂ ਜਾਂ ਅੰਗਰੇਜ਼ੀ ਸਾਹਿਤ ਦਾ ਪ੍ਰਭਾਵ ਨਹੀਂ ਹੈ। ਇਸ ਦੇ ਉਲਟ ਇਸਦੇ ਰੂਪਾਕਾਰਕ ਰੂਪਾਂਤਰਣ ਵਿੱਚ ਮੱਧਕਾਲੀਨ ਪੰਜਾਬੀ ਸਾਹਿਤ ਅਤੇ ਖਾਸ ਕਰਕੇ ਕਿੱਸਾ ਕਾਵਿ-ਧਾਰਾ ਦੀ ਬਿਰਤਾਂਤ ਪੰਰਪਰਾ ਦਾ ਪ੍ਰਮੁੱਖ ਯੋਗਦਾਨ ਹੈ। ਇਸ ਸਥਿਤੀ ਦੇ ਦੋ ਪਹਿਲੂ ਵੇਖੇ ਜਾ ਸਕਦੇ ਹਨ, ਪਹਿਲਾ ਪੰਜਾਬੀ ਨਾਵਲ ਅਤੇ ਮੱਧਕਾਲੀਨ ਪੰਜਾਬੀ ਕਾਵਿ-ਬਿਰਤਾਂਤ ਦ੍ਰਿਸ਼ਟਾਂਤ ਸਿਰਜਣਾ ਦੇ ਨਜ਼ਰੀਏ ਤੋਂ ਵੱਖਰੇ ਵੱਖਰੇ ਹਨ। ਪਹਿਲਾ ਆਪਣੇ ਦੌਰ ਦੇ ਸਮਾਜਿਕ ਹਾਲਾਤਾਂ ਅਤੇ ਪ੍ਰਮਾਰਥਕ ਸੰਦਰਭਾਂ ਦੀ ਪੇਸ਼ਕਾਰੀ ਕਰਦਾ ਹੈ, ਜਦਕਿ ਦੂਜਾ ਆਪਣੇ ਦੌਰ ਦੇ ਸਮਾਜਿਕ ਹਾਲਾਤਾਂ ਅਤੇ ਮਨੁੱਖੀ ਅਧੋਗਤੀ ਦੀ ਪੇਸ਼ਕਾਰੀ ਕਰਦਾ ਹੈ। ਦੂਜਾ, ਇਹਨਾਂ ਦੋਹਾਂ ਰੂਪਾਕਾਰਾਂ ਵਿੱਚ ਬਿਰਤਾਂਤਕ ਵਿਉਂਤ ਅਤੇ ਸੰਰਚਨਾ ਦੀ ਸਾਂਝ ਹੈ। ਜਿਹੜੀਆਂ ਬਿਰਤਾਂਤਕ ਜੁਗਤਾਂ ਅਤੇ ਸੰਰਚਨਾਤਮਕ ਸੰਗਠਨ ਦੀ ਵਰਤੋਂ ਕਿੱਸਾ ਕਾਵਿ, ਵਾਰ-ਕਾਵਿ ਅਤੇ ਜੰਮਨਾਮਿਆਂ ਵਿੱਚ ਮਿਲਦੀ ਹੈ, ਲਗਭਗ ਉਸਦੇ ਹੀ ਬਦਲਵੇਂ ਰੂਪ ਸਾਨੂੰ ਆਧੁਨਿਕ ਨਾਵਲਾਂ ਵਿੱਚ ਮਿਲ ਜਾਂਦੇ ਹਨ। ਇਹ ਵੀ ਵਜ੍ਹਾ ਹੈ ਕਿ ਅਸੀਂ ਪੰਜਾਬੀ ਨਾਵਲ ਨੂੰ ਨਿਰੋਲ ਰੂਪ ਵਿੱਚ ਨਵਾਂ ਅਤੇ ਬਾਹਰੋਂ ਆਇਆ ਰੂਪਾਕਾਰ ਨਹੀਂ ਮੰਨ ਸਕਦੇ, ਸਗੋਂ ਇਸਦਾ ਇਥੋਂ ਦੀਆਂ ਬਿਰਤਾਂਤ ਸਿਰਜਣ ਦੀ ਪਰੰਪਰਾਵਾਂ ਜਿਵੇਂ ਕਿੱਸਾ-ਕਾਵਿ, ਵਾਰ-ਕਾਵਿ, ਜਗਨਾਮੇ, ਜਨਮ-ਸਾਖੀ ਪਰੰਪਰਾ ਅਤੇ ਗੁਰਬਿਲਾਸ ਨਾਲ ਰਿਸ਼ਤਾ ਕਾਇਮ ਕਰਨਾ ਬੜਾ ਜ਼ੁਰਰੀ ਹੈ।

ਇਸ ਵਿਚਾਰ ਚਰਚਾ ਦੇ ਅਧਾਰ ਉੱਤੇ ਅਸੀਂ ਪੰਜਾਬੀ ਨਾਵਲ ਦੇ ਰੂਪਾਕਾਰ ਦੇ ਜਨਮ ਅਤੇ ਇਸਦੀ ਵਿਕਾਸ ਪੰਰਪਰਾ ਦਾ ਨਵੇਂ ਸਿਰੇ ਤੋਂ ਵਿਸ਼ਲੇਸ਼ਣ ਕਰਨ ਦੇ ਯੋਗ ਹੋ ਜਾਂਦੇ ਹਾਂ। ਇਸ ਦਲੀਲ ਦੇ ਆਧਾਰ ਉੱਤੇ ਪੰਜਾਬੀ ਨਾਵਲ ਨੂੰ ਨਿਰੋਲ ਰੂਪ ਵਿੱਚ ਅੰਗਰੇਜ਼ੀ ਰਾਜ ਦੀ ਸਥਾਪਤ ਦੀ ਉਪਜ ਨਹੀਂ ਮੰਨਿਆ ਜਾ ਸਕਦਾ, ਸਗੋਂ ਇਸ ਦੇ ਉਪਜਣ ਤੇ ਵਿਕਾਸ ਵਿੱਚ ਸਮਕਾਲੀ ਸਮਾਜਿਕ ਯਥਾਰਥ ਦੀ ਹੋਂਦ-ਵਿਧੀ ਅਤੇ ਪੰਜਾਬ ਦੀ ਬਿਰਤਾਂਤ ਸਿਰਜਣ ਦੀ ਜੁਗਤ ਦੇ ਦਵੰਦਾਤਮਕ ਰਿਸ਼ਤੇ ਨੂੰ ਪਛਾਨਣਾ ਜ਼ਰੂਰੀ ਹੈ। ਖਾਸ ਕਰਕੇ ਮੱਧਕਾਲੀਨ ਪੰਜਾਬੀ ਸਾਹਿਤ ਦੀ ਕਿੱਸਾ ਕਾਵਿ ਧਾਰਾ, ਕਿਉਂਕਿ ਕਿੱਸਾ-ਕਾਵਿ ਧਾਰਾ ਅਤੇ ਨਾਵਲ ਦੋਵੇਂ ਪਰੰਪਰਾਵਾਂ ਹੀ ਮੂਲ-ਰੂਪ ਵਿੱਚ ਯਥਾਰਥ ਧਰਮੀ ਸੁਭਾਅ ਰੱਖਦੀਆਂ ਹਨ ਅਤੇ ਦੋਵੇਂ ਆਪਦੇ ਆਪਦੇ ਜ਼ਮਾਨੇ ਦੇ ਲੋਕਪ੍ਰਿਅ ਰੂਪਾਕਾਰ ਸਾਬਤ ਹੋਏ ਹਨ ਇਸ ਕਰਕੇ ਪੰਜਾਬੀ ਨਾਵਲ ਦੇ ਮੱਧਕਾਲੀਨ ਪੰਜਾਬ ਵਿੱਚ ਪ੍ਰਚਲਤ ਬਿਰਤਾਂਤਕ ਰੂਪਾਕਾਰ ਦੇ ਰਿਸ਼ਤੇ ਨੂੰ ਸਮਝਣਾ ਅਤੇ ਇਸਦਾ ਮੁਲਾਂਕਣ ਕਰਨਾ ਬੜਾ ਜ਼ਰੂਰੀ ਹੈ।

### ਟਿੱਪਣੀਆਂ ਅਤੇ ਹਵਾਲੇ


1. ਮਹਿੰਦਰ ਸਿੰਘ, ਮੁੱਢਲਾ ਪੰਜਾਬੀ ਨਾਵਲ, ਪੰਨਾ-10
2. ਸੁਰਿੰਦਰ ਸਿੰਘ ਦੁਸਾਂਝ, ਪੰਜਾਬੀ ਇਤਿਹਾਸਕ ਨਾਵਲ, ਪੰਨਾ-9-19
3. ਆਤਮਜੀਤ ਸਿੰਘ, "ਆਧੁਨਿਕ ਪੰਜਾਬੀ ਗੱਦ ਦਾ ਇਤਿਹਾਸ : ਕੁਝ ਵਿਧੀ ਮੂਲਕ ਸਮੱਸਿਆਵਾਂ" ਖੋਜ ਦਰਪਣ, ਜੁਲਾਈ 1986, ਪੰਨਾ-20
4. ਹਿੰਮਤ ਸਿੰਘ ਸੋਢੀ, ਪ੍ਰੋ: "ਨਾਵਲ ਦਾ ਕਥਾਨਕ ਤੇ ਯੁਗ ਬੋਧ" ਖੋਜ ਪਤ੍ਰਿਕਾ ਗਲਪ ਵਿਸ਼ੇਸ਼ ਅੰਕ, ਪੰਨਾ-73
5. ਡਾ. ਦਲੀਪ ਸਿੰਘ ਦੀਪ, "ਭਾਈ ਵੀਰ ਸਿੰਘ ਦੀ ਪੰਜਾਬੀ ਨਾਵਲ ਨੂੰ ਦੇਣ" ਖੋਜ ਪਤ੍ਰਿਕਾ ਗਲਪ ਵਿਸ਼ੇਸ਼ ਅੰਕ, ਪੰਨਾ-162
6. ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਚਿਹਨ-ਵਿਗਿਆਨ ਅਧਿਐਨ, ਪੰਨਾ-200
7. ਜੋਗਿੰਦਰ ਸਿੰਘ ਰਾਹੀਂ, ਪੰਜਾਬੀ ਨਾਵਲ, ਪੰਨਾ-33
8. ਉਹੀ ਪੰਨਾ-30
9. ਦਲੀਪ ਸਿੰਘ ਦੀਪ ਡਾ. "ਭਾਈ ਵੀਰ ਸਿੰਘ ਦੀ ਪੰਜਾਬੀ ਨਾਵਲ ਨੂੰ ਦੇਣ" ਖੋਜ ਪਤ੍ਰਿਕਾ, ਗਲਪ ਵਿਸ਼ੇਸ਼ ਅੰਕ, ਪੰਨਾ-139
10. ਹਿੰਮਤ ਸਿੰਘ ਸੋਢੀ, ਪ੍ਰੋ. "ਨਾਵਲ ਦਾ ਕਥਾਨਕ ਤੇ ਯੁਗਬੋਧ" ਖੋਜ ਪਤ੍ਰਿਕਾ, ਗਲਪ ਵਿਸ਼ੇਸ਼ ਅੰਕ, ਪੰਨਾ-74
11. ਅਜਮੇਰ ਸਿੰਘ, "ਪੰਜਾਬੀ ਕਿੱਸਾਕਾਰੀ ਦੀ ਇਤਿਹਾਸਕਾਰੀ ਦੀਆਂ ਸਮੱਸਿਆਵਾਂ" ਖੋਜ ਦਰਪਣ, ਜਨਵਰੀ 1987, ਪੰਨਾ-115
12. ਭਾਈ ਵੀਰ ਸਿੰਘ, ਸੁੰਦਰੀ, ਪੰਨਾ-4,5


## ਗ਼ਜ਼ਲ/ਉਲਫ਼ਤ ਬਾਜਵਾ

ਬਹੁਤ ਕੁਛ ਹੈ ਬੜਾ ਕੁਛ ਹੈ ਮਗਰ ਕੁਛ ਵੀ ਨਹੀਂ ਮੇਰਾ।
ਕਰਾਂ ਫਿਰ ਮੇਰੀ ਮੇਰੀ ਕਿਉਂ ਜੇਕਰ ਕੁਛ ਵੀ ਨਹੀਂ ਮੇਰਾ।

ਅਮਾਨਤ ਪਿਆਰ ਦੀ ਲਗਦਾ ਹੈ ਅਪਣਾ ਆਪ ਵੀ ਹੁਣ ਤਾਂ,
ਇਹ ਮੇਰੀ ਜਾਨ ਮੇਰਾ ਦਿਲ ਜਿਗਰ ਕੁਛ ਵੀ ਨਹੀਂ ਮੇਰਾ।

ਫ਼ਰੇਬੀ ਹੁਸਨ ਵਲ ਭੱਜਦਾ ਹੈ ਦਿਲ ਲੱਗਦਾ ਨਹੀਂ ਆਖੇ,
ਨਸੀਹਤ ਬੇਅਸਰ ਮੇਰੀ ਅਸਰ ਕੁਛ ਵੀ ਨਹੀਂ ਮੇਰਾ।

ਪਈ ਜਦ ਸ਼ਾਮ ਤਾਂ ਚਾਨਣ ਇਹ ਆਪੇ ਹੋ ਗਿਆ ਮੈਨੂੰ,
ਇਹ ਰਿਸ਼ਤੇਦਾਰ, ਮੇਰੇ ਯਾਰ, ਘਰ, ਕੁਛ ਵੀ ਨਹੀਂ ਮੇਰਾ।

ਘਰੋਂ ਬੇਘਰ ਜਿਨ੍ਹੇ ਕੀਤਾ ਪਰਾਇਆ ਹੋ ਗਿਆ ਉਹ ਵੀ,
ਇਧਰ ਕੁਛ ਵੀ ਨਹੀਂ ਮੇਰਾ ਉਧਰ ਕੁਛ ਵੀ ਨਹੀਂ ਮੇਰਾ।

ਜਿਧਰ ਜਾਂਦਾ ਹਾਂ ਮੇਰੇ ਨਾਲ ਤੂੰ ਜਾਂਦਾ ਏਂ ਗ਼ਮ ਮੇਰੇ,
ਤੇਰੇ ਬਾਝੋਂ ਐ ਮੇਰੇ ਹਮਸਫ਼ਰ ਕੁਛ ਵੀ ਨਹੀਂ ਮੇਰਾ।

ਮੇਰਾ ਲੱਗਦਾ ਹੈ ਉਹ ਕੁਝ ਤਾਂ ਜੋ ਮੇਰੇ ਨਾਲ ਲੱਗਦਾ ਹੈ,
ਕਹੇ ਕਿਉਂ ਬੇਵਫ਼ਾ ਮੈਨੂੰ ਅਗਰ ਕੁਛ ਵੀ ਨਹੀਂ ਮੇਰਾ।

# ਮੈਂ ਪੰਜਾਬ ਦੇ ਪਿੰਡਾਂ ਬਾਰੇ ਲਿਖਦਾ ਹਾਂ-ਰਾਮ ਸਰੂਪ ਅਣਖੀ

?'ਭੀਮਾ' ਨਾਵਲ ਵਿਸ਼ੇ ਪੱਖ ਤੋਂ ਤੁਹਾਡੇ ਦੂਜਿਆਂ ਨਾਵਲਾਂ ਵਾਂਗ ਹੈ, ਪਰ ਕੁਝ ਵੱਖਰਾ ਵੀ ਹੈ। ਇਸ ਵਿੱਚ ਤੁਸਾਂ ਬਿਹਾਰੀ ਭੱਈਆਂ ਨੂੰ, ਜੋ ਪੰਜਾਬ 'ਚ ਆ ਕੇ ਵੱਸ ਗਏ, ਮੁਖ ਪਾਤਰ ਬਣਾਇਆ ਹੈ। ਇਸ ਬਾਰੇ ਤੁਸੀਂ ਹੋਰ ਕੀ ਕਹਿਣਾ ਚਾਹੋਗੇ।

-ਮੈਂ ਨਵਾਂ ਨਾਵਲ ਲਿਖਣ ਵੇਲੇ ਹਮੇਸ਼ਾ ਇਹ ਖਿਆਲ ਰੱਖਦਾ ਹਾਂ ਕਿ ਵਿਸ਼ੇ ਪੱਖ ਤੋਂ ਇਹ ਕੋਈ ਨਵੀਂ ਰਚਨਾ ਹੋਵੇ ਅਤੇ ਵਸਤੂ ਪੱਖ ਤੋਂ ਵੀ। ਕਿਉਂਕਿ ਮੈਂ ਪੰਜਾਬ ਦੇ ਪਿੰਡਾਂ ਬਾਰੇ ਹੀ ਲਿਖਦਾ ਹਾਂ, ਇਸ ਕਰਕੇ ਕੁਝ ਵੇਰਵੇ ਕਦੇ ਕਦੇ ਦਹੁਰਾਏ ਜਾਂਦੇ ਹਨ। ਇਸ ਨਾਵਲ ਵਿੱਚ ਮੈਂ ਪੰਜਾਬ 'ਚ ਆ ਕੇ ਬਿਹਾਰੀ ਖੇਤ ਮਜ਼ਦੂਰਾਂ ਦੇ ਹਾਲਾਤ ਨੂੰ ਹੀ ਬਿਆਨ ਕਰਨਾ ਚਾਹਿਆ ਸੀ। ਇਸੇ ਕਰਕੇ ਇਸ ਰਚਨਾ ਦੁਆਰਾ ਭੀਮਾ ਨਾਂ ਦਾ ਮੁਖ ਪਾਤਰ ਸਾਹਮਣੇ ਆਇਆ।

?ਇਸ ਨਾਵਲ ਵਿੱਚ ਵਰਣਿਤ ਪਾਤਰਾਂ ਵੱਲ ਜੇ ਨਜ਼ਰ ਮਾਰੀ ਜਾਵੇ ਤਾਂ ਤੁਸਾਂ ਮੁੱਖ ਤੌਰ ਤੇ ਇਨ੍ਹਾਂ ਬਿਹਾਰੀ ਪਾਤਰਾਂ ਨੂੰ ਪੰਜਾਬੀ-ਜੱਟ ਪਾਤਰਾਂ ਦੇ ਮੁਕਾਬਲੇ ਬੇਹਿਤਰ ਵਿਖਾਇਆ ਹੈ?

-ਇਹ ਹਮੇਸ਼ਾ ਹੀ ਹੁੰਦਾ ਹੈ। ਜਿਹੜੇ ਲੋਕ ਦੂਜੇ ਥਾਵਾਂ ਤੋਂ ਰੋਜ਼ੀ ਰੋਟੀ ਦੀ ਤਲਾਸ਼ ਵਿੱਚ ਆਪਣਾ ਘਰ-ਬਾਰ ਛੱਡ ਕੇ ਦੂਜੀਆਂ ਧਰਤੀਆਂ ਤੇ ਜਾਂਦੇ ਹਨ, ਉਨ੍ਹਾਂ ਨੂੰ ਵੱਧ ਮਿਹਨਤ ਅਤੇ ਵੱਧ ਕਮਾਈ ਕਰਨੀ ਪੈਂਦੀ ਹੈ। ਇਸ ਦੇ ਵਿਪਰੀਤ ਸਥਾਨਕ ਲੋਕ ਐਨੀ ਮਿਹਨਤ ਨਹੀਂ ਕਰਦੇ। ਉਹ ਕਈ ਵਾਰ ਆਪਣੀ ਹੋਣੀ ਉੱਤੇ ਹੀ ਸੰਤੁਸ਼ਟ ਹੋ ਕੇ ਰਹਿ ਜਾਂਦੇ ਹਨ। ਇਹੀ ਕਾਰਨ ਹੈ ਕਿ ਸਾਡੇ ਇਧਰ ਦੇ ਪੰਜਾਬੀ ਖੇਤ-ਮਜ਼ਦੂਰਾਂ ਨਾਲੋਂ ਬਿਹਾਰੀ ਖੇਤ ਮਜ਼ਦੂਰ ਵੱਧ ਜਾਨ ਤੋੜ ਕੇ ਕੰਮ ਕਰਦੇ ਹਨ। ਇਕ ਕਾਰਨ ਇਹ ਵੀ ਹੈ ਕਿ ਸਾਡੇ ਆਪਣੇ ਖੇਤ ਮਜ਼ਦੂਰ ਹੁਣ ਹੋਰ ਕੰਮਾਂ 'ਚ ਪੈਂਦੇ ਜਾ ਰਹੇ ਹਨ ਜਿੱਥੋਂ ਉਨ੍ਹਾਂ ਨੂੰ ਵੱਧ ਕਮਾਈ ਹੁੰਦੀ ਹੈ। ਇਸ ਕਰਕੇ ਪੰਜਾਬ ਦੀ ਖੇਤੀਬਾੜੀ ਲਈ ਇਹ ਬਿਹਾਰੀ ਲੋਕ ਬੜੀ ਵੱਡੀ ਜ਼ਰੂਰਤ ਬਣ ਗਈ ਹੈ।

?ਤੁਹਾਡੇ ਵਿਚਾਰ ਅਨੁਸਾਰ ਕੀ ਸਾਡੇ ਪਿੰਡਾਂ 'ਚ ਜੱਟਾਂ ਦੀ ਅਗਲੀ ਪੀੜ੍ਹੀ ਮਾਨਸਿਕ ਪੱਧਰ ਤੇ ਥੱਲੇ ਜਾ ਰਹੀ ਹੈ।

- ਹਾਂ, ਅਜੇਹਾ ਹੀ ਕੁਝ ਲਗਦਾ ਹੈ। ਵੱਧ ਜ਼ਮੀਨਾਂ ਵਾਲੇ ਕਿਸਾਨ ਤਾਂ ਠੀਕ ਹਨ ਪਰ ਛੋਟਾ ਕਿਸਾਨ ਜਿਸ ਕੋਲ ਪੰਜ-ਚਾਰ ਏਕੜ ਤੋਂ ਵੱਧ ਜ਼ਮੀਨ ਨਹੀਂ, ਪੁੱਜ ਕੇ ਕਰਜ਼ਾਈ ਹੈ। ਉਸ ਦੀ ਜ਼ਮੀਨ ਉਸ ਦੇ ਹੱਥ 'ਚੋਂ ਖੁਸਦੀ ਜਾ ਰਹੀ ਹੈ। ਖੇਤੀ ਦੇ ਖਰਚੇ ਵਧਦੇ ਜਾ ਰਹੇ ਹਨ। ਉਪਜ ਦਾ ਉਸਨੂੰ ਪੂਰਾ ਮੁੱਲ ਨਹੀਂ ਮਿਲਦਾ। ਮੌਸਮਾਂ ਦੀ ਮਾਰ ਵੀ ਉਹਨੂੰ ਤਬਾਹ ਕਰਕੇ ਰੱਖ ਦੇਂਦੀ ਹੈ। ਤੇ ਫੇਰ ਉਹਦੀ ਨਿਰਾਸ਼ਾ ਕਰਕੇ ਹੀ ਪੰਜਾਬ ਦੇ ਪਿੰਡਾਂ ਵਿੱਚ ਨਸ਼ਿਆਂ ਦੀ ਭਰਮਾਰ ਹੈ। ਅਜਿਹੀਆਂ ਹਾਲਤਾਂ ਵਿੱਚ ਪੰਜਾਬ ਦਾ ਛੋਟਾ ਕਿਸਾਨ ਆਰਥਕ ਤੌਰ ਉੱਤੇ ਹੀ ਨਹੀਂ ਨਿਘਰਿਆ, ਸਮਾਜਕ ਅਤੇ ਮਾਨਸਿਕ ਪੱਧਰ ਤੇ ਵੀ ਥੱਲੇ ਡਿਗਦਾ ਜਾ ਰਿਹਾ ਹੈ।

?ਜੱਟ ਪਾਤਰ ਗੁਰਜੰਟ ਕੋਲ ਜ਼ਮੀਨ, ਟ੍ਰੈਕਟਰ ਆਦਿ ਸਭ ਕੁਝ ਹੁੰਦਿਆਂ ਹੋਇਆ ਵੀ ਮਾਨਸਿਕ ਅਤੇ ਸਰੀਰਕ ਪੱਧਰ ਤੇ ਡਿਗਦਾ ਜਾਂਦਾ ਵਿਖਾਇਆ ਹੈ। ਸ਼ਰਾਬਾਂ ਪੀਂਦਾ, ਦੇਰ ਬਾਅਦ ਜਾਗਦਾ, ਵਿਹਲੜ ਜਿਸ ਹੋ ਗਿਆ ਹੈ। ਇਸ ਬਾਰੇ ਕੁਝ ਰੋਸ਼ਨੀ ਪਾਵੋ।

-ਗੁਰਜੰਟ ਇਕ ਜੱਟ ਪਰਿਵਾਰ ਦਾ ਵਿਗੜਿਆ ਹੋਇਆ ਮੁੰਡਾ ਹੈ। ਇਸ ਦਾ ਕਾਰਨ ਇਹ ਬਣਦਾ ਹੈ ਕਿ ਉਹਦੇ ਤਾਏ ਗਿੰਦਰ ਨੇ ਹੀ ਇਸ ਘਰ ਨੂੰ ਇਥੋਂ ਤਕ ਉਸਾਰ ਕੇ ਲਿਆਂਦਾ। ਦੂਜੀ



ਗੱਲ ਉਹ ਪਰਿਵਾਰ ਦਾ ਇਕ ਮੁੰਡਾ ਹੈ ਜੋ ਹਰ ਪੱਖੋਂ ਲਾਡਲਾ ਹੈ। ਚਾਹੇ ਉਹਦੇ ਕੋਲ ਚੰਗੀ ਜ਼ਮੀਨ ਹੈ, ਟ੍ਰੈਕਟਰ ਵੀ ਹੈ, ਭੀਮੇ ਜਿਹਾ ਮਿਹਨਤੀ ਕਾਮਾਂ ਵੀ ਹੈ, ਪਰ ਉਹ ਪਿੰਡ ਦੇ ਦੂਜੇ ਮੁੰਡਿਆਂ ਦੀ ਢਾਣੀ 'ਚ ਰਲ ਕੇ ਸ਼ਰਾਬਾਂ ਪੀਣ ਨੂੰ ਆਪਣੀ ਟੌਹਰ ਸਮਝਦਾ ਹੈ। ਖੇਤ 'ਚ ਜਾ ਕੇ ਕੰਮ ਕਰਨ ਲਈ ਜਦੋਂ ਉਹਦਾ ਸਰੀਰ ਟੁੱਟਿਆ ਟੁੱਟਿਆ ਲਗਦਾ ਹੈ ਤਾਂ ਉਹ ਪਿੰਡਾਂ ਦੇ ਨਖਿੱਦ ਨਸ਼ੇ 'ਫ਼ੱਕੀ' ਦਾ ਸੇਵਨ ਕਰਦਾ ਹੈ। ਉਹਨੂੰ ਛੋਟੇ ਕਿਸਾਨਾਂ ਵਾਲੀਆਂ ਚਿੰਤਾਵਾਂ ਵੀ ਕੋਈ ਨਹੀਂ। ਬੱਸ ਐਵੇਂ ਸ਼ੌਕ ਸ਼ੌਕ ਵਿੱਚ ਹੀ ਉਹਨੇ ਆਪਣੇ ਆਪ ਨੂੰ ਤਬਾਹ ਕਰ ਲਿਆ ਹੈ। ਪਿੰਡਾਂ ਵਿੱਚ ਅਜੇਹੇ ਪਾਤਰ ਆਮ ਮਿਲ ਜਾਂਦੇ ਹਨ।

?ਇਥੇ ਤੁਸੀਂ ਵਿਖਾਉਂਦੇ ਹੋ ਕਿ ਸ਼ਰਾਬ ਨੇ ਗੁਰਜੰਟ ਅਤੇ ਹੋਰ ਕਈਆਂ ਦਾ ਬੇੜਾ ਗਰਕ ਕਰ ਦਿੱਤਾ। ਅੱਗੇ ਜਾ ਕੇ ਤੁਸੀਂ ਇਸ ਦੀ ਹਮਾਇਤ ਕਰਦਿਆਂ ਆਖਦੇ ਹੋ ਕਿ ਇਹ ਤਾਂ ਪੰਜਾਬ ਦੇ ਜੱਟਾਂ ਦਾ 'ਕਲਚਰ' ਦਾ ਹਿੱਸਾ ਬਣ ਗਿਆ ਹੈ।

- ਜਦੋਂ ਮੈਂ ਇਹ ਕਹਿੰਦਾ ਹਾਂ ਕਿ ਸ਼ਰਾਬ ਪਿੰਡਾਂ ਦੀ ਕਲਚਰ ਹੈ ਤਾਂ ਮੇਰਾ ਮਤਲਬ ਇਹ ਬਣਦਾ ਹੈ ਕਿ ਲੋਕ ਵਿਆਹ-ਸ਼ਾਦੀਆਂ ਸਮੇਂ, ਜਾਂ ਦੁੱਖਾਂ ਨੂੰ ਭੁੱਲਣ ਲਈ ਅਤੇ ਰਿਵਾਜ ਵਜੋਂ ਸ਼ਰਾਬ ਪੀਂਦੇ ਹਨ। ਉਦੋਂ ਸ਼ਰਾਬ ਕਿਸੇ ਬੰਦੇ ਦੀ ਤਬਾਹੀ ਦਾ ਕਾਰਨ ਬਣਦੀ ਹੈ ਜਦੋਂ ਕੋਈ ਆਪਣੇ ਕੰਮ ਤੋਂ ਬੇਪਰਵਾਹ ਹੋ ਕੇ ਆਪਣਾ ਜੀਵਨ ਬਣਾ ਲੈਂਦਾ ਹੈ।

? ਤੁਸੀ ਲਿਖਿਆ ਹੈ ਕਿ ਭਈਏ ਇਥੇ ਹੀ ਵੱਸ ਜਾਣਗੇ। ਪੈਰ ਜਮਾ ਲੈਣਗੇ। ਬਹੁਤ ਥਾਵਾਂ ਤੇ ਇਹ ਬਹੁਗਿਣਤੀ 'ਚ ਹੁੰਦਾ ਜਾ ਰਹੇ ਹਨ। ਕਈ ਕਮੇਟੀਆਂ ਦੇ ਮੈਂਬਰ ਹਨ। ਇਸ ਬਾਰੇ ਤੁਸੀਂ ਕੁਝ ਹੋਰ ਕਹਿਣਾ ਚਾਹੋਗੇ?

- ਨਾਵਲ ਵਿੱਚ ਮੈਂ ਇਹੀ ਕਹਿਣਾ ਚਾਹਿਆ ਹੈ ਕਿ ਬਿਹਾਰੀ ਮਜ਼ਦੂਰ ਪੰਜਾਬ ਦੇ ਪਿੰਡਾਂ ਵਿੱਚ ਅਤੇ ਸ਼ਹਿਰਾਂ ਵਿੱਚ ਵੀ ਆਪਣੀ ਲੋਕ ਅਨੁਸਾਰ ਅਤੇ ਹਾਲਾਤ ਅਨੁਸਾਰ ਪੱਕੇ ਤੌਰ ਤੇ ਵਸਦੇ ਜਾ ਰਹੇ ਹਨ। ਇਹ ਲੋੜ ਮੁੜ ਕੇ ਉੱਧਰ ਆਪਣੇ ਪਿੰਡਾਂ ਨੂੰ ਨਹੀਂ ਜਾਣ ਗੇ ਕਿਉਂਕਿ ਇਨ੍ਹਾਂ ਦਾ ਰੋਜ਼ੀ ਰੋਟੀ ਦਾ ਚੰਗੇਰਾ ਸਾਧਨ ਹੁਣ ਪੰਜਾਬ ਵਿਚ ਹੀ ਹੈ। ਇਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ 'ਚ ਪੰਜਾਬੀ ਪੜ੍ਹਦੇ ਹਨ ਅਤੇ ਇਧਰ ਦੇ ਪੰਜਾਬੀ ਬੱਚਿਆਂ ਵਿੱਚ ਰਹਿਣ ਕਰਕੇ ਪੰਜਾਬੀ ਰਹਿਤਲ ਨੂੰ ਵੀ ਅਪਣਾ ਰਹੇ ਹਨ। ਇਨ੍ਹਾਂ ਦੀ ਇਹ ਅਗਲੀ ਪੀੜ੍ਹੀ ਇਕ ਦਿਨ ਪੰਜਾਬੀਅਤ ਦਾ ਹਿੱਸਾ ਹੀ ਬਣ ਜਾਵੇਗੀ। ਅਜੇਹਾ ਹੀ ਸਦੀਆਂ ਤੋਂ ਹੁੰਦਾ ਆਇਆ ਹੈ ਕਿ ਪੰਜਾਬ ਦੀ ਜ਼ਰਖ਼ੇਜ਼ ਧਰਤੀ ਉੱਤੇ ਜੋ ਵੀ ਕਦੇ ਕੋਈ ਬਾਹਰੋਂ ਆਇਆ, ਇਸ ਧਰਤੀ ਮਾਂ ਨੇ ਉਸਨੂੰ ਆਪਣੀ ਗੋਦ ਵਿੱਚ ਲੈ ਲਿਆ।

?ਜਦ ਕਿ ਦੂਸਰੇ ਲੇਖਕ ਆਦਮੀ-ਤੀਵੀਂ ਦੇ ਜਿਨਸੀ ਰਿਸ਼ਤਿਆਂ ਨੂੰ ਖ਼ੂਬ ਵਿਸਤਾਰ ਨਾਲ ਅਤੇ ਸਿਰਫ-ਮਸਾਲਾ ਲਾ ਕੇ ਵਰਣਨ ਕਰਦੇ ਹਨ, ਤੁਸੀਂ ਹਲਕੇ ਜਹੇ ਇਸ਼ਾਰੇ ਕਰਕੇ ਛੱਡ ਦੇਂਦੇ ਹੋ।

-ਇਹ ਮੇਰਾ ਤਰੀਕਾ ਹੈ। ਮੈਂ ਪਾਠਕ ਨੂੰ ਜਿਨਸੀ-ਸੁਆਦ ਨਹੀਂ ਦੇਣਾ ਚਾਹੁੰਦਾ, ਸਿਰਫ ਰਿਸ਼ਤਾ ਦੱਸਣਾ ਮੇਰਾ ਮੰਤਵ ਹੁੰਦਾ ਹੈ। ਅਜਿਹੀ ਦਸ਼ਾ ਪੈਦਾ ਹੋਣ ਦਾ ਕਾਰਜ ਜਾਂ ਤਾਂ ਪਾਤਰਾਂ ਦੀ ਸਰੀਰਕ ਲੋੜ ਹੁੰਦੀ ਹੈ ਜਾਂ ਅਸਾਵੇਂ ਆਰਥਿਕ ਕਾਰਨਾਂ ਕਰਕੇ ਹੀ ਜਾਇਜ਼-ਨਾਜ਼ਇਜ਼ ਸੰਬੰਧ ਜੁੜ ਜਾਂਦੇ ਹਨ। ਸੈਕਸੀ-ਸੰਬੰਧਾਂ ਨੂੰ ਜੇ ਨੰਗਾ-ਚਿੱਟਾ ਵਿਸਥਾਰ ਦਿੱਤਾ ਜਾਵੇ ਤਾਂ ਰਚਨਾ ਆਪਣੇ ਰਾਹ ਤੋਂ ਥਿੜਕ ਜਾਵੇਗੀ। ਅਤੇ ਪਾਠਕ ਵੀ ਕੁਰਾਹੇ ਪੈ ਜਾਵੇਗਾ।

? ਇਕ ਥਾਵੇਂ ਤੁਸੀਂ ਲਿਖਿਆ ਕਿ ਜੱਟ ਦੀ ਭੂਮੀ-ਮਾਲਕੀ ਜਦ ਮਾਣ ਦੀ ਥਾਵੇਂ ਅਭਿਮਾਨ ਬਣ ਜਾਵੇ ਤਾਂ ਸਮਝੋ ਜੱਟ ਤਬਾਹ ਹੀ ਤਬਾਹ ਹੈ। ਇਸ ਬਾਰੇ ਕੁਝ ਹੋਰ ਕਹਿਣਾ ਚਾਹੋਗੇ।

-ਇਹ ਤਾਂ ਨਿਸ਼ਚਿਤ ਹੈ ਕਿ ਜ਼ਮੀਨ ਹੀ ਜੱਟ ਦਾ ਜੀਵਨ ਆਧਾਰ ਹੈ। ਅਭਿਮਾਨ ਵਿਚ ਆ ਕੇ ਕਿ ਅਸੀਂ ਜ਼ਮੀਨਾਂ ਵਾਲੇ ਹਾਂ, ਜੱਟ ਦੂਜੀਆਂ ਛੋਟੀਆਂ ਜਾਤਾਂ ਨੂੰ ਨੀਵਾਂ ਸਮਝਣ ਲੱਗ ਪਵੇ

ਜਾਂ ਇਹ ਕਿ ਉਹ ਭੂਮੀ-ਮਾਲਕ ਹੈ ਜਿੰਨ੍ਹਾ ਮਰਜ਼ੀ ਵੱਧ ਖਰਚ ਕਰੀਂ ਜਾਵੇ ਤਾਂ ਉਹ ਦਾ ਆਰਥਿਕ ਤੇ ਸਮਾਜਕ ਸੰਤੁਲਨ ਵਿਗੜ ਜਾਂਦਾ ਹੈ ਅਤੇ ਉਹ ਤਬਾਹੀ ਵੱਲ ਤੁਰਦਾ ਹੈ। ਜ਼ਮੀਨ ਦੇ ਹੰਕਾਰ ਵਿੱਚ ਹੀ ਉਹ ਵਿਆਹ ਸ਼ਾਦੀਆਂ ਅਤੇ ਮਰਨਿਆਂ-ਪਰਨਿਆਂ 'ਤੇ ਬੇਥਾਹ ਖਰਚ ਕਰਦਾ ਹੈ, ਜ਼ਮੀਨ ਗਹਿਣੇ ਵਿਕਦੀ ਹੈ ਜਿਸ ਨੂੰ ਉਹ ਮੁੜਕੇ ਮੁਸ਼ਕਿਲ ਨਾਲ ਛੁਡਾ ਸਕਦਾ ਹੈ। ਗਹਿਣੇ ਤੋਂ ਬਾਅਦ ਜਦੋਂ ਜ਼ਮੀਨ ਬੈਅ ਹੋ ਜਾਵੇ ਤਾਂ ਸਮਝੋ ਜੱਟ ਖਤਮ ਹੈ। ਸੋ ਜ਼ਮੀਨ ਜੱਟ ਦਾ ਮਾਣ ਹੈ, ਅਭਿਮਾਨ ਨਹੀਂ।

? ਲਾਇਬਰੇਰੀ ਦਾ ਵਰਨਣ ਅਤੇ ਇਸਦੀ ਜ਼ਰੂਰਤ ਨੂੰ ਵੀ ਤੁਸੀਂ ਕਾਫੀ ਉਭਾਰ ਦਿੱਤਾ ਹੈ। ਹੋਰ ਕੀ ਕਹਿਣਾ ਚਾਹੋਗੇ ?

-ਜਿਵੇਂ ਕਿ ਮੈਂ ਨਾਵਲ ਵਿਚ ਵਿਖਾਇਆ ਹੈ, ਮਾਲਵਾ ਖੇਤਰ ਦੇ ਪਿੰਡਾਂ ਵਿਚ ਲਾਇਬਰੇਰੀਆਂ ਦਾ ਰੁਝਾਨ ਖਾਸਾ ਵਧਦਾ ਜਾ ਰਿਹਾ ਹੈ। ਇਹ ਚੰਗੀ ਸ਼ੁਰੂਆਤ ਹੈ। ਪਿੰਡਾਂ ਦੇ ਪੜ੍ਹਿਆਂ ਲਿਖੇ ਮੁੰਡਿਆਂ ਵਿਚ ਜਾਗ੍ਰਤ ਆਵੇਗੀ। ਕਿਤਾਬਾਂ ਪੜ੍ਹਨ ਵਾਲੇ ਬੁਰੇ ਕੰਮਾਂ ਵਿਚ ਨਹੀਂ ਪੈਂਦੇ। ਕਿਤਾਬਾਂ ਪੜ੍ਹਨ ਵਾਲੇ ਮਨੁੱਖ ਦੀ ਦ੍ਰਿਸ਼ਟੀ ਵਿਸ਼ਾਲ ਹੁੰਦੀ ਹੈ। ਕਿਤਾਬਾਂ ਆਦਮੀ ਨੂੰ ਚੰਗੇ ਰਾਹਾਂ ਉੱਤੇ ਤੋਰਦੀਆਂ ਹਨ। ਪਿੰਡਾਂ ਦੀਆਂ ਨੌਜਵਾਨ ਸਭਾਵਾਂ ਲਾਇਬਰੇਰੀਆਂ ਰਾਹੀਂ ਨਵੇਂ ਯੁੱਗ ਦੀ ਭੂਮਿਕਾ ਤਿਆਰ ਕਰ ਰਹੀਆਂ ਹਨ।

## "ਢਾਹਵਾਂ ਦਿੱਲੀ ਦੇ ਕਿੰਗਰੇ" ਨਾਵਲ ਦੇ ਸਿਰਜਕ ਨਾਲ ਮੁਲਾਕਾਤ

**-ਗੁਰਜੀਤ ਸਿੰਘ ਸੰਧੂ (ਡਾ:)**

ਬਲਦੇਵ ਸਿੰਘ ਸਮਕਾਲੀ ਪੰਜਾਬੀ ਨਾਵਕਾਰਾਂ ਵਿਚ ਇਕ ਮਹੱਤਵਪੂਰਨ ਨਾਮ ਹੈ। ਉਹ ਬਹੁਤ ਹੀ ਸੰਜੀਦਗੀ ਨਾਲ ਪੜ੍ਹਿਆ ਜਾਣ ਵਾਲਾ ਨਾਵਲਕਾਰ ਹੈ। ਆਪਣੀ ਕਲਮ ਦੀ ਤਾਕਤ ਨਾਲ ਉਸਨੇ ਪਾਠਕਾਂ ਦੇ ਇਕ ਵੱਡੇ ਵਰਗ ਨੂੰ ਆਪਣੇ ਨਾਲ ਜੋੜਿਆ ਹੈ। ਪਿਛਲੇ ਕੁਝ ਸਮੇਂ ਤੋਂ ਉਸਨੇ ਇਛਾਹਚਕ ਨਾਵਲਾਂ ਦੀ ਸਿਰਜਣਾ ਕਰਦੇ ਹੋਏ, ਇਤਿਹਾਸ ਅਤੇ ਬਿਰਤਾਂਤ ਦੇ ਸੁਮੇਲ 'ਚ ਨਵੇਂ ਰਚਨਾਤਮਕ ਸੰਦਰਭਾਂ ਦੀ ਜੋ ਸਿਰਜਣਾ ਕੀਤੀ ਹੈ, ਉਸ ਲਈ ਇਤਿਹਾਸਕ ਨਾਵਲਾਂ ਦੀ ਪਰਖ ਕਰਨ ਲਈ ਨਵੇਂ ਕਵਿ-ਬਿਰਤਾਂਤ ਦੀ ਤਲਾ ਕਰਨੀ ਪਵੇਗੀ। ਹੁਣੇ ਹੀ ਉਹਦਾ ਨਵਾਂ ਦੁੱਲਾ ਭੱਟੀ ਦੀ ਜੀਵਨ ਗਾਥਾ ਬਾਰੇ ਛਪਿਆ ਹੈ,-"ਢਾਹਵਾਂ ਦਿੱਲੀ ਦੇ ਕਿੰਗਰੇ", ਇਹ ਨਾਵਲ ਪੁਰਾਤਨ ਪੰਜਾਬ (ਸਾਂਝੇ) ਦੇ ਇਤਿਹਾਸਕ ਭੰਕਟਾਂ ਅਤੇ ਵਿਅਕਤੀਗਤ ਸੰਘਰਸਾਂ ਦੀ ਤਹਿ ਵਿਚ ਛੁਪੀ ਨਾਬਰੀ ਦੀ ਭਾਵਨਾ ਅਤੇ ਵਿਦਰੋਹੀ ਭੰਵੇਦਨਾ ਦੇ ਬਦਲਦੇ ਪਾਸਾਰਾਂ ਦੀ ਪੇਸ਼ਕਾਰੀ ਦੀ ਖ਼ੂਬਸੂਰਤ ਮਿਸਾਲ ਹੈ। ਪੇਸ਼ ਹੈ ਇਛਾ ਨਾਵਲ ਦੇ ਸੰਦਰਭ ਵਿਚ ਬਲਦੇਵ ਸਿੰਘ ਨਾਲ, ਖ਼ਾਸ ਗਲਬਾਤ ਦੇ ਕੁਝ ਅੰਸ਼।

ਪ੍ਰ. ਬਲਦੇਵ ਸਿੰਘ ਜੀ ਸਭ ਤੋਂ ਪਹਿਲਾਂ ਇਹ ਦੱਸੋ, ਤੁਹਾਡੇ ਮਨ ਵਿਚ ਦੁੱਲਾ ਭਟੀ ਬਾਰੇ ਨਾਵਲ ਲਿਖਣ ਦਾ ਵਿਚਾਰ ਕਿਵੇਂ ਆਇਆ ?

ਬਲਦੇਵ: ਡਾਕਟਰ ਸਾਹਬ, ਸਾਡੇ ਕੁਝ ਲੋਕ ਨਾਇਖਾਂ ਨੂੰ ਇਤਿਹਾਸਕਾਰਾਂ ਨੇ ਉਹਨਾਂ ਦਾ ਬਣਦਾ ਸਥਾਨ ਨਹੀਂ ਦਿੱਤਾ। ਅਜਿਹੇ ਨਾਇਕਾਂ ਵਿਚੋਂ ਦੁੱਲਾ ਭੱਟੀ ਵੀ ਅਜਿਹਾ ਨਾਇਕ ਹੈ, ਜਿਉ ਦੀ ਕੁਰਬਾਨੀ ਅਤੇ ਸੂੰਰਮਗਤੀ ਦਾ ਗੁੱਲ ਨਹੀਂ ਪਿਆ। ਦੁੱਲਾ ਭੱਟੀ ਦੀ ਸੋਚ ਨੂੰ ਉਸਦੇ ਨਾਇਕਤਵ ਨੂੰ ਤੇ ਉਸਦੀ ਬਹਾਦਰੀ ਨੂੰ ਅਕਬਰ ਵੇਤੇ ਦੇ ਇਤਿਹਾਸਕਾਰਾਂ ਘੱਟੇ ਵਿਚ ਤਾਂ ਰੋਲਿਆ ਹੀ ਸੀ, ਉਹਨਾਂ ਤੋਂ ਬਾਅਦ ਦੇ ਇਤਿਹਾਸਕਾਰਾਂ ਨੇ ਵੀ ਮੱਖੀ ਮੱਖੀ ਉਪਰ ਮੱਖੀ ਮਾਰੀ ਹੈ। ਆਪਣੀ ਬੁੱਧੀ ਜਾਂ ਤਰਕ ਦੀ ਭੋਰਾ ਵਰਤੋਂ ਨਹੀਂ ਕੀਤੀ। ਰਹਿੰਦੀ ਕਸਰ ਕਿੱਸਾਕਾਰਾਂ ਨੇ ਪੂਰੀ ਕਰ ਦਿੱਤੀ। ਨੁਕਸਾਨ



ਪਹੁੰਚਾਇਆ ਹੈ। ਇਨਹਾਂ ਸਭ ਗੱਲਾਂ ਨੇ ਮੈਨੂੰ ਦੁੱਲਾ ਭੱਟੀ ਬਾਰੇ ਨਾਵਲ ਲਿਖਣ ਲਈ ਪ੍ਰੇਰਿਆ।

ਡਾ: ਸੰਧੂ: ਸਾਹਿਤ ਅਤੇ ਇਤਿਹਾਸ ਵਿਚ ਅੰਤਰ ਹੁੰਦਾ ਹੈ। ਤੁਸੀਂ ਇਸ ਨਾਵਲ ਵਿਚ ਇਤਿਹਾਸਕ ਵਰਤਾਰੇ ਨੂੰ ਨਾਵਲੀ ਰੂਪ ਵਿਚ ਕਿਸ ਪ੍ਰਕਾਰ ਪੇਸ਼ ਕੀਤਾ ਹੈ ?

ਬਲਦੇਵ: ਸੰਧੂ ਸਾਹਬ ਮੈਂ ਮੰਨਦਾ ਹਾਂ ਸਾਹਿਤ ਅਤੇ ਇਤਿਹਾਸ ਵਿਚ ਵੱਡਾ ਅੰਤਰ ਹੈ। ਇਤਿਹਾਸਕਾਰਾਂ ਨੇ ਕੇਵਲ ਇੰਨਾ ਕੁ ਦੱਸਣਾ ਹੁੰਦਾ ਹੈ, ਜੰਗ ਕਿਥੇ ਹੋਈ, ਕਦੋਂ ਹੋਈ, ਕਿਸਦੀ ਹਾਰ ਹੋਈ, ਕਿਸਦੀ ਜਿੱਤ ਹੋਈ, ਕਿੰਨੇ ਲੋਕ ਮਰੇ। ਮਿੰਤੀਆਂ ਅਤੇ ਕਿਰਧਾਰਤ ਤੱਥਾਂ ਤੋਂ ਅੱਗੇ ਨਹੀਂ ਜਾਣਾ ਹੁੰਦਾ। ਇਕ ਸਾਹਿਤਕਾਰ ਦੀ ਜ਼ਿਮੇਵਾਰੀ ਵਿਚ ਤੋਂ ਕਿਤੇ ਅੱਗੇ ਤੱਕ ਜਾਂਦੀ ਹੈ। ਸਾਹਿਤਕਾਰ ਉਹਨਾਂ ਕਾਰਨਾਂ ਦੀ ਤਲਾ ਕਰਦਾ ਹੈ, ਜਿਨ੍ਹਾਂ ਕਰਕੇ ਜੰਗ ਦੇ ਆਸਾਰ ਬਣੇ, ਦੁਸ਼ਮਣ ਦੇ ਘੇਰੇ ਵਿਚ ਘਿਰੇ ਸੰਤਿਕਰ ਦੀ ਮਨੋ-ਸਥਿਤੀ, ਤਣਾਓ ਅਤੇ ਭੈਅ ਨੂੰ ਸਾਹਿਤਕਾਰ ਵਿਅੱਕਤ ਕਰਦਾ ਹੈ। ਮਾਰੇ ਗਏ ਸੈਨਿਕਾਂ ਦੀਆਂ ਪਤਨੀਆਂ, ਉਹਨਾਂ ਦੇ ਬੱਚੇ, ਮਾਂ-ਬਾਪ ਕਿਵੇਂ ਸੰਤਾਪ ਭੋਗਦੇ ਹਨ, ਇਹ ਦੱਸਣਾ ਸਾਹਿਤਕਾਰਾਂ ਦਾ ਫਰਜ਼ ਹੈ। ਇਤਿਹਾਸਾ ਰੁੱਖਾ ਹੁੰਦਾ ਹੈ, ਸਾਹਿਤ ਵਧੇਰੇ ਸੰਵੇਦਨਸ਼ੀਲ ਅਤੇ ਸੂਖ਼ਮ ਹੁੰਦਾ ਹੈ। ਸਾਹਿਤਕਾਰ ਉਹਨਾਂ ਲੁਕਵੇਂ ਤੱਥਾਂ ਨੂੰ ਉਜਾਗਰ ਕਰਦਾ ਹੈ, ਜਿਹੜੇ ਪ੍ਰਤੱਖ ਰੂਪ ਵਿੱਚ ਨਜ਼ਰ ਨਹੀਂ ਆਉਂਦੇ। ਸਾਹਿਤਕਾਰ ਘਟਨਾਵਾਂ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ, ਉਹ ਬਹੁਤ ਕੁਝ ਅਣ ਕਿਹਾ ਛੱਡ ਕੇ ਵੀ ਬਹੁਤ ਕੁਝ ਕਹਿ ਜਾਂਦਾ ਹੈ। ਇਤਿਹਾਸਕਾਰਾ ਅਜਿਹਾ ਨਹੀਂ ਕਰ ਸਕਦਾ।

ਡਾ. ਸੰਧੂ: ਤੁਹਾਡਾ ਨਵਾਂ ਨਾਵਲ "ਢਾਹਵਾਂ ਦਿੱਲੀ ਦੇ ਕਿੰਗਰੇ" 16 ਵੀਂ ਸਦੀ ਦੇ ਨਾਇਕ ਬਾਰੇ ਹੈ। ਕਾ ਵੀ ਸਦੀ ਵਿਚ ਜਦੋਂ ਕਿ ਪੰਜਾਬੀ ਜੀਵਨ ਵਿਚ ਵੱਡੀਆਂ ਤਬਦੀਲੀਆਂ ਵਾਪਰ ਚੁੱਕੀਆਂ ਹਨ। ਤੁਸੀਂ ਆਪਣੇ ਇਸ ਨਾਵਲ ਦੀ ਸਮਕਾਲੀ ਜੀਵਨ/ਯਥਾਰਥ ਵਿਚ ਕੀ ਸਾਰਥਿਕਤਾ ਮੰਨਦੇ ਹੋ ?

ਬਲਦੇਵ: ਸੰਧੂ ਸਾਹਿਬ ਮੈਨੂੰ ਇਸ ਸੋਚ 'ਤੇ ਹੀ ਹੈਰਾਨੀ ਹੁੰਦੀ ਹੈ ਕਿ ਸੋਲ੍ਹ ਵੀਂ ਜਾਂ ਸਤਾਰਵੀਂ ਸਦੀ ਦੇ ਨਾਇਕਾਂ ਜਾਂ ਸੂਰਬੀਰਾਂ ਦੀ ਅੱਜ ਦੇ ਸਮੇਂ ਵਿਚ ਸਾਰਥਕਿਤਾ ਨਹੀਂ ਹੈ। ਪ੍ਰਿਥਵੀ ਰਾਜ ਚੌਹਾਨ, ਸ਼ਿਵਾ ਜੀ, ਰਾਣਾ ਪ੍ਰਤਾਪ, ਗੁੱਲਾ ਭੱਟੀ ਜਾਂ ਬੰਦਾ ਬਹਾਦਰ ਬਾਰੇ ਤੇ ਅਜਿਹੇ ਹੋਰ ਲੋਕ ਨਾਇਕਾਂ ਬਾਰੇ ਲਿਖਣਾ ਨਿਰਾਥਕ ਹੈ। ਮੈਂ ਸਮਝਦਾ ਹਾਂ ਇਹਨਾਂ ਲੋਕਾਂ ਬਾਰੇ ਲਿਖਣਾ ਜਾਂ ਪੁਨਰ-ਸਿਰਜਣਾ ਕਰਨ, ਅੱਜ ਦੀ ਨੌਜਵਾਨ ਪੀੜ੍ਹੀ ਨੂੰ ਉਹਨਾਂ ਮਹਾਨ ਲੋਕਾਂ ਬਾਰੇ ਜਾਣੂ ਕਰਵਾਉਣਾ ਹੈ, ਜਿਹਨਾਂ ਨੇ ਆਪਣੇ ਸਮਿਆਂ ਵਿੱਚ ਇਤਿਹਾਸਕ ਕੀਰਤੀਮਾਨ ਸਿਰਜੇ। ਨੌਜਵਾਨਾਂ ਨੂੰ ਜਾਣਦਾ ਚਾਹੀਦਾ ਹੈ ਕਿਸੇ ਵੇਲੇ ਅਜਿਹੇ ਸਿਰ ਲੱਥ ਯੋਧੇ, ਸਮਾਜ ਸਿਰਜਕ ਅਤੇ ਦਾਨਸ਼ਵਰ ਪੈਦਾ ਹੋਏ ਸਨ ਜਿਨ੍ਹਾਂ ਨੂੰ ਸਮਾਜ ਦੀ ਲੋਕਾਂ ਦੀ ਜੀਵਨ-ਜਾਚ ਹੀ ਬਦਲ ਦਿੱਤੀ। ਡਾਕਟਰ ਸਾਹਬ ਇਹ ਦੱਸੋ, ਸਦੀਆਂ ਬੀਦ ਗਈਆਂ ਨੇ ਭਲਾ ਕੋਈ ਪ੍ਰਿਥਵੀ ਰਾਜ ਚੌਹਾਨ ਜਿਹਾ ਜਾਂ ਰਾਣਾ ਪ੍ਰਤਾਪ ਜਿਹਾ, ਜਾਂ ਫਿਰ ਦੁੱਲਾ ਭੱਟੀ ਜਿਹਾ ਜਾਂ ਬਾਜ਼ ਫਿਰ ਕਿਉਂ ਨਹੀਂ ਪੈਦਾ ਹੋਇਆ ? ਚਲੋ ਇਹ ਛੱਡੋ, ਤੁਸੀਂ ਆਖ ਸਕਦੇ ਹੋ, ਇਹ ਬਹੁਤ ਪਹਿਲਾਂ ਦੀਆਂ ਗੱਲਾਂ ਹਨ, ਆਪਾਂ ਬੀਤੇ ਕੱਝ ਦੀ ਗੱਲ ਕਰਦੇ ਆਂ। ਭਗਤ ਸਿੰਘ ਪੈਦਾ ਹੋਇਆ ਸੀ। ਉਸਨੂੰ ਕੁਰਬਾਨੀ ਦਿੱਤਾ 70-71 ਸਾਲ ਹੋਏ ਨੇ, ਏਨੇ ਵਰ੍ਹਿਆਂ ਵਿਚ ਪੰਜਾਬ ਦੀ ਧਰਤੀ, ਇਕ ਵੀ ਨੌਜਵਾਨ ਭਗਤ ਸਿੰਘ ਜਿਹਾ ਪੈਦਾ ਨਹੀਂ ਕਰ ਸਕੀ। ਕੀ ਹੁਣ ਸਮੱਸਿਆਵਾਂ ਨਹੀਂ ਹਨ ਤਾਂ ਅਤਿਆਚਾਰ ਨਹੀਂ ਹੋ ਰਹੇ। ਸਭ ਕੁਝ ਉਵੇਂ ਹੈ। ਗਰੀਬ ਦੀ ਅਜੇ ਵੀ ਕਿਧਰੇ ਸੁਣਵਾਈ ਨਹੀਂ, ਪਤਾ ਹੈ ਇਹ ਖੜੋਤ ਕਿਉਂ ਹੈ ? ਕਿਉਂਕਿ ਅਸੀਂ ਬੀਤੇ ਉਪਰ ਮਿੱਟੀ ਬੜੀ ਛੇਤੀ ਪਾਉਂਦੇ ਹਾਂ। ਭਾਈ ਜੈਤਾ ਸਿੱਖ ਇਤਿਹਾਸਕਾਰਾਂ ਨੇ ਮਾਣਗੌਤਿਆ ਨਹੀਂ ਰੱਖਿਆ ਤੇ ਦੁੱਲਾ ਭੱਟੀ ਮੁਸਲਿਮ ਇਤਿਹਾਸਕਾਰਾਂ ਨੇ। ਇਹਨਾਂ ਨਾਇਕਾਂ ਬਾਰੇ ਲਿਖ ਕੇ ਮੈਂ ਇਹਨਾਂ ਉਧਰੋਂ ਸਮੇਂ ਦੀ ਮਿੱਟੀ ਝਾੜਕੇ ਇਹਨਾਂ ਦੇ ਕੀਰਤੀਮਾਨਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ, ਤਾਂ ਜੋ ਉਹਨਾਂ ਦੇ ਜੀਵਨ ਤੋਂ

ਪਾਠਕ ਪ੍ਰੇਰਨਹ ਲੈਣ। ਅੱਜ ਦੇ ਸਮੇਂ ਵਿਚ ਇਹਨਾਂ ਨਾਵਲਾਂ ਦੀ ਏਹੀ ਵੱਡੀ ਤੇ ਅਹਿਮ ਸਾਰਥਕਿਤਾ ਹੈ। ਸੰਧੂ ਸਾਹਬ ਬੀਤੇ ਅਹਿਮ ਸਮੇਂ ਨੂੰ ਕੁਝ ਦੇਰ ਲਈ ਢਕਿਆ ਤਾਂ ਜਾ ਸਕਦਾ ਹੈ। ਪਰ ਜੀਵਨ ਵਿੱਚ ਕੱਢ ਕੇ ਵੱਖ ਨਹੀਂ ਕੀਤਾ ਜਾ ਸਕਦਾ।

ਡਾ. ਸੰਧੂ: ਬਲਦੇਵ ਜੀ, ਤੁਸੀਂ ਅੱਜ ਦੇ ਸਮੇਂ ਵਿਚ ਅਜਿਹੇ ਨਾਇਕਾਂ ਦੀ ਸਾਰਥਕਿਤਾ ਦਾ ਕਰਦੇ ਹੋਏ ਇਹ ਦੁੱਖਾ ਜਾਹਰ ਕੀਤਾ ਹੈ ਕਿ ਅਜੋਕੇ ਸਮੇਂ ਵਿਚ ਅਜਿਹੇ ਨਾਇਕ ਪੈਦਾ ਨਹੀਂ ਹੋ ਰਹੇ, ਤੁਸੀਂ ਇਸਦਾ ਕੀ ਕਾਰਨ ਸਮਝਦੇ ਹੋ ?

ਬਲਦੇਵ: ਗੁਰਜੀਤ ਗੱਲ ਇਹ ਹੈ, ਅੱਜ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਨੌਜਵਾਨ ਪੀੜ੍ਹੀ ਭੰਬਲਭੂਸੇ ਵਿਚ ਪਈ ਹੋਈ ਹੈ। ਉਹ ਪੂਰਨ ਰੂਪ ਵਿਚ ਪਰੰਪਰਾ ਨਾਲੋਂ ਟੁੱਟ ਚੁੱਕੀ ਹੈ। ਪੱਛਮੀ ਚਕਾਚੌਂਧ ਨੇ ਉਸਦਾ ਏਥੋਂ ਤੱਕ ਨਿਘਾਰ ਕਰ ਦਿੱਤਾ ਹੈ, ਕਿ ਉਸਨੂੰ ਮਾਨ ਨਵੀ ਮੁੱਲ ਬੇਕਾਰ ਅਤੇ ਦਕੀਆ ਨੂਸੀ ਜਾਪਣ ਲੱਗੇ ਹਨ। ਹੁਣ ਉਹ ਬਿਨਾਂ ਵਿਆਹ ਤੋਂ ਆਪਣੀ ਦੋਸਤ ਨਾਲ ਰੂਮ-ਪਾਰਟਨਰ ਬਣਕੇ ਰਹਿਣ ਵਿਚ ਫ਼ਖ਼ਰ ਅਤੇ ਲੋੜ ਮਹਿਸੂਸ ਕਰਨ ਲੱਗਾ ਹੈ। ਸਾਡੇ ਲੋਕ ਨਾਇਕ ਦੇਸ਼ ਕੌਮ-ਧਰਮ ਲਈ ਸੋਚਦੇ ਸਨ ਓ ਅੱਜ ਸਾਡਾ ਨੌਜਵਾਨ ਵਰਗ ਨਿੱਜ ਦੇ ਚੱਕ੍ਰਵਿਊ ਵਿਚ ਫਸ ਕੇ ਰਹਿ ਗਿਆ ਹੈ।

ਡਾ. ਸੰਧੂ: ਨੌਜਵਾਨ ਵਰਦੇ ਦੇ ਪਰੰਪਰਾ ਨਾਲੋਂ ਟੁੱਟਣ ਦੇ ਕੀ ਕਾਰਨ ਸਮਝਦੇ ਹੋ ?

ਬਲਦੇਵ: ਡਾਕਟਰ ਸਾਹਿਬ ਕਾਰਨ ਇਕ ਨਹੀਂ ਕਈ ਹਨ। ਸਾਡੇ ਵਿਚੋਂ ਬਹੁਤੇ ਪਰੰਪਰਾ ਨੂੰ ਸ਼ਰਧਾ ਭਾਵਨਾ ਨਾਲ ਵੇਖਦੇ ਹਨ। ਗੁਰੂਆਂ ਨਾਲ ਅੰਧ ਵਿਸ਼ਵਾਸ਼ ਜੋੜ ਰੱਖੇ ਹਨ। ਕਰਾਮਾਤਾਂ ਅਤੇ ਹੋਰ ਬੜਾ ਕੁਝ ਤਰਕ ਦੀ ਗੱਲ ਕਰਦੇ ਹਨ, ਤਾਂ ਉਹਨਾਂ ਉਪਰ ਮਨ-ਮੱਤੀਆਂ ਜਾਂ ਗੁਰੂ ਦੋਖੀਆਂ ਦਾ ਦੂਸ਼ਮਣ ਜਾਂ ਫਤਵਾ ਲੱਗ ਜਾਂਦਾ ਹੈ। ਅਸੀਂ ਘਟਨਾ ਨੂੰ ਵਿਗਿਆਨਕ ਨਜ਼ਰੀਏ ਨਾਲ ਵੇਖਣ ਦੀ ਆਦਤ ਹੀ ਨਹੀਂ ਪਾਈ। ਦੁੱਲਾ ਭੱਟੀ ਦਾ ਡਾਕਾ ਮਾਰਨਾ, ਕਤਲ ਕਰਨਾ, ਲੁੱਟਾਂ ਖੋਹਾਂ ਕਰਨੀਆਂ- ਇਹ ਤਾਂ ਅਸੀਂ ਸਿੱਖ ਲੈਨੇ ਆਂ। ਪਰ ਦੁੱਲਾ ਭੱਟੀ ਕਿੰਨ੍ਹਾਂ ਨੂੰ ਲੁੱਟਦਾ ਸੀ, ਕਿਉਂ ਲੁੱਟਦਾ ਸੀ, ਜਾਂ ਲੁੱਟਦਾ ਮਾਲ ਕਿੰਨ੍ਹਾਂ ਲੋਕਾਂ ਵਿਚ ਤਕਸੀਮ ਕਰਦਾ ਸੀ। ਇਹ ਜਾਨਣ ਦੀ ਕੋਸ਼ਿਸ਼ ਨਹੀਂ ਕਰਦੇ। ਸਾਡੀ ਫਿਤਰਤ ਬਣ ਗਈ ਹੈ, ਅਸੀਂ ਮਾੜੇ ਨੂੰ ਡੱਟ ਅਪਣਾ ਦਿੰਦੇ ਹਾਂ, ਚੰਗੇ ਵਲੋਂ ਅੱਖਾਂ ਮੀਟ ਲੈਂਦੇ ਹਨ। ਪੱਛਮੀ ਸਭਿਆਚਾਰ ਦਾ ਪ੍ਰਭਾਵ ਵੀ ਅਸੀਂ ਏਵੇਂ ਹੀ ਗ੍ਰਿਹਣ ਕੀਤਾ, ਉਹਨਾਂ ਦੇ ਚੰਗੇ ਮੁੱਲ ਚੰਗੀ ਸਮਾਜਕ ਵਿਵਸਥਾ, ਵਿਸਪ ਦਿਤੀ ਹੈ, ਰੂਮ ਪਾਰਟਨਰ ਬਣਨਾ ਜਾਂ ਡੱਟ ਤਲਾਕ ਲੈਣਾ ਜਾਂ ਵਿਆਹ ਤੋਂ ਪਹਿਲਾਂ ਸਰੀਰਕ ਸੰਬੰਧ ਬਨਾਉਣਾ ਇਹ ਸਭ ਝੱਟ ਅਪਣਾ ਲਏ ਹਨ।

ਡਾ. ਸੰਧੂ: ਬਲਦੇਵ ਜੀ ਤੁਸੀਂ ਆਖਦੇ ਹੋ ਪਰੰਪਰਾ ਤੋਂ ਟੁੱਟ ਕੇ ਨਿਘਾਰ ਆਇਆ ਹੈ, ਪਰ ਤੁਹਾਡੇ ਨਾਵਲ ਵਿਚ ਦੁੱਲਾ ਭੱਟੀ ਸਭ ਪਾਸੇ ਤੋਂ ਅਜ਼ਾਦ ਦਿਖਾਇਆ ਗਿਆ ਹੈ। ਦੁੱਲਾ ਆਪਣੇ ਜਾਤੀਗਤ ਸਰੋਕਾਰਾਂ ਅਤੇ ਆਪਣੀ ਪਰੰਪਰਾਂ ਤੋਂ ਅਜ਼ਾਦ ਨਹੀਂ। ਉਸਦੀ ਊਰਜਾ ਸ੍ਰੋਤ ਉਸਦੀ ਪਰੰਪਰਾ ਅਤੇ ਜਾਤੀਜਾਤ ਸਰੋਕਾਰਾ ਹੀ ਬਣਦੇ ਹਨ, ਕੀ ਦੁੱਲਾ ਰਾਜਪੂਤ ਹੋਣ ਨਾਲੋਂ ਪਹਿਲਾਂ ਪੰਜਾਬੀ ਨਹੀਂ ?

ਬਲਦੇਵ: ਡਾਕਟਰ ਸਾਹਿਬ ਨਾਵਲ ਦੀ ਸਿਰਜਣਾਂ ਵੇਲੇ ਲੇਖਕ ਪ੍ਰਸਾਰਿਤੀਆਂ, ਘਟਨਾਵਾਂ ਅਤੇ ਸਮੇਂ ਨਾਲ ਏਨਾ ਇਕ ਮਿੱਕ ਹੋਇਆ ਹੁੰਦਾ ਹੈ, ਇਹ ਬਿਲਕੁਲ ਇਸ ਗੱਲ ਤੋਂ ਬੇਖ਼ਬਰ ਹੁੰਦਾ ਹੈ ਕਿ ਰਚਨਾ ਤੋਂ ਬਾਅਦ ਉਸਨੂੰ ਕਿਹੋ ਜਿਹੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਰ ਮੈਂ ਸਪੱਸ਼ਟ ਕਰ ਦਿਆਂ, ਦੁੱਲਾ ਕਿਸੇ ਵੀ ਤਰ੍ਹਾਂ ਪਰੰਪਰਾ ਨਾਲੋਂ ਵੱਦਿਆ ਹੋਇਆ ਨਹੀਂ ਹੈ। ਜਦ ਉਸਨੂੰ ਇਲਮ ਹੁੰਦਾ ਹੈ, ਉਸਦੇ ਬਾਪ ਨਾਲ, ਦਾਦੇ ਨਾਲ ਤੇ ਉਸਦੀ ਬਾਰ ਦੇ ਲੋਕਾਂ ਨਾਲ ਅਕਬਰ ਨੇ ਕੀ ਹੋਣੀਆਂ ਵਰਤਾਈਆਂ ਤਾਂ ਉਸਦੇ ਜਿਉਣ ਦੇ ਅਰਥ ਹੀ ਬਦਲ ਗਏ। ਉਸਦਾ ਜੀਵਨ ਆਪਣੀ ਮਿੱਟੀ ਦੇ ਲੋਕਾਂ ਦੇ ਹੱਕਾਂ ਲਈ ਸੰਘਰਸ਼ ਦੇ ਲੇਖੇ ਲੱਗ ਗਿਆ। ਪਰੰਪਰਾਂ ਨਾਲ ਜੁੜਿਆ ਹੋਇਆ



ਉਸਨੇ ਇਸਨੂੰ ਨਵਾਂ ਮੋੜ ਦਿੱਤਾ। ਆਪਣੀ ਢਾਣੀ ਦੇ ਗੱਭਰੂਆਂ ਨੂੰ ਤੇ ਬਾਰ ਦੇ ਲੋਕਾਂ ਨੂੰ ਇਸ ਯੋਗ ਬਣਾਇਆ ਕਿ ਉਹ ਤਖ਼ਤ ਲਾਹੌਰ ਨਾਲ ਟੱਕਰ ਲੈ ਸਕਣ। ਪਰੰਪਰਾ ਨਾਲ ਜੁੜਿਆ ਹੋਣ ਕਾਰਨ ਹੀ ਉਹ ਆਪਣੇ ਅੱਬਾ ਵਲੋਂ ਤਹਿ ਕੀਤੇ ਨਿਕਾਹ ਦੀ ਰਕਮ ਨਿਭਾਉਂਦਾ ਹੈ ਤੇ ਇਸ ਨੂੰ ਫਾਂਸੀ ਲੱਗਣ ਤੱਕ ਟੁੱਟਣ ਨਹੀਂ ਦਿੰਦਾ ਭਾਵੇਂ, ਰੂਹ ਨੂੰ ਤ੍ਰਿਪਤ ਕਰਨ ਲਈ ਉਹ ਇਸਦਾ ਬਦਲ ਵੀ ਤਲਾਅ ਕਰ ਲੈਂਦਾਂ ਹੈ। ਇਸ ਤਰ੍ਹਾਂ ਦੁੱਲਾ ਪਰੰਪਰਾ ਨਾਲ ਜੁੜੇ ਰਹਿਣ ਦਾ ਧਰਮ ਪਾਲਦਾ ਹੋਇਆ ਜਾਤੀਗਤ ਸਰੋਕਾਰਾਂ ਤੋਂ ਅਜਾਦ ਨਹੀਂ ਹੈ, ਤੇ ਅਜ਼ਾਦ ਹੈ ਵੀ। ਇਹ ਇਕ ਅਜੀਬ ਤਰ੍ਹਾਂ ਦਾ ਵਰਤਾਰਾ ਹੈ। ਇਕੋ ਸਮੇਂ ਉਹ ਆਪਣੀ ਬੇਗਮ ਫੁੱਲਰਾਂ ਦਾ ਖਾਵੰਦ ਵੀ ਹੈ, ਓ ਉਸੇ ਸਮੇਂ ਨੂਰਾਂ ਦਾ ਪ੍ਰੇਮੀ ਵੀ। ਦੂਸਰੀ ਗੱਲ ਦੁੱਲੇ ਦੀ ਪੰਜਾਬੀ ਹੋਣ ਵਾਲੀ ਹੈ। ਦੁੱਲੇ ਦੇ ਪੂਰਵਜ ਰਾਜਿਸਥਾਨ ਦੇ ਰਾਜਪੂਤ ਸਨ। ਮੁਸਲਮਾਨ ਹੋ ਜਾਣ ਉਪਰਾਤ ਸਾਥਨਕ ਰਾਜਪੂਤਾਂ ਨੇ ਉਹਨਾਂ ਦਾ ਹੁੱਕਾ ਪਾਣੀ ਬੰਦ ਕਰ ਦਿੱਤਾ। ਉਹ ਨਥਾਵੇਂ ਹੋਏ ਥਾਂ ਥਾਂ ਭਟਕਦੇ ਸਤਲੁਜ ਪਾਰ ਰਾਵੀ ਪਾਰ ਦਰਿਆ ਚਨਾਬ (ਝਨਾਂ) ਦੇ ਕੰਢੇ ਜਾ ਵਸੇ। ਉਦੋਂ ਇਹ ਭਾਰਤ ਦੇਸ਼ ਦਾ ਸਾਡੇ ਪੰਜਾਬ ਦਾ ਖਿੱਤਾ ਸੀ। ਲੰਮੇਂ ਸਮੇਂ ਤੋਂ ਦੁੱਲੇ ਦੇ ਪੂਰਵਜ ਪੰਜਾਬ ਦੇ ਵਾਸੀ ਰਹੇ ਸਨ। ਏਸ ਲਈ ਦੁੱਲਾ ਭੱਟੀ ਪਹਿਲਾਂ ਪੰਜਾਬੀ ਸੀ ਤੇ ਬਾਕੀ ਜੋ ਕੁਝ ਉਸਦੇ ਨਾਮ ਨਾਲ ਜੋੜਿਆ ਗਿਆ, ਇਹ ਘੱਟ ਅਹਿਮ ਗੱਲਾਂ ਹਨ।

ਡਾ. ਸੰਧੂ: ਦੁੱਲਾ ਭੱਟੀ ਅਤੇ ਇਸ ਨਾਲ ਜੁੜੀ ਹੋਈ ਕਹਾਣੀ ਪਹਿਲਾਂ ਹੀ ਪੰਜਾਬੀ ਮਨਾਂ ਵਿਚ ਅੰਕਿਤ ਹੈ। ਕੀ ਅਜਿਹੇ ਇਤਿਹਾਸਕ ਰੂਪ ਨੂੰ ਨਾਵਲੀ ਰੂਪ ਵਿਚ ਪੇਸ਼ ਕਰਨਾ ਸੌਖਾ ਜਿਹਾ ਕਾਰਜ ਹੈ ਜਾਂ ਔਖਾ। ਜੇ ਸੌਖਾ ਹੈ ਤਾਂ ਕਿਉਂ ਔਖਾ ਹੈ ਤਾਂ ਕਿਉਂ ?

ਬਲਦੇਵ: ਸੰਧੂ ਸਾਹਬ ਵਿਚ ਸਵਾਲ ਮੇਰੇ ਲਈ ਏਸ ਕਰਕੇ ਮਹੱਤਵਪੂਰਨ ਹੈ ਕਿ ਸਾਡੇ ਕੁਝ ਵਿਦਵਾਨ ਇਹ ਸਮਝਦੇ ਹਨ ਇਤਿਹਾਸਕ ਨਾਵਲ ਲਿਖਣਾ, ਕੋਈ ਔਖਾ ਨਹੀਂ। ਉਹਨਾਂ ਦਾ ਮੱਤ ਹੈ, ਘਟਨਾਵਾਂ ਇਕੱਠੀਆਂ ਕਰ ਲਉ ਤਾਰੀਖ਼ਾਂ ਸਮੇਂ ਨੂੰ ਤਰਤੀਬ ਦੇ ਦਿਉ ਤੇ ਲਿਖ ਦਿਉ। ਬਣ ਗਿਆ ਇਤਿਹਾਸਕ ਨਾਵਲ/ਮੈਨੂੰ ਉਹਨਾਂ ਦੀ ਸੋਚ ਤੇ ਹਾਸਾ ਨਹੀਂ ਆਉਂਦਾ ਤਰਸਾ ਆਉਂਦਾ ਹੈ। ਦੇਖੋ ਜਿਵੇਂ ਤੁਸੀਂ ਪੁੱਛਿਆ ਹੈ, ਜਾਣੇ ਪਛਾਣੇ ਨਾਇਕ ਬਾਰੇ ਤਿਸਣਾ ਬੜਾ ਟੇਢਾ ਕੰਮ ਹੈ। ਜੇ ਕੋਈ ਨਾਇਕ ਧਾਰਮਿਕ ਹੈ ਤਾਂ ਹੋਰ ਵੀ ਮੁਸ਼ਕਲ ਹੈ। ਅਜਿਹੇ ਨਾਵਾਂ ਨਾਲ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹੁੰਦੀਆਂ ਹਨ। ਕੁਝ ਲੋਕਾਂ ਦੀ ਉਹਨਾਂ ਪ੍ਰਤੀ ਆਸਥਾ ਅਤੇ ਜ਼ਜਬਾਤ ਜ਼ਨੂੰਨ ਦੀ ਹੱਦ ਤੱਕ ਜੁੜੇ ਹੁੰਦੇ ਹਨ। ਇਹਨਾਂ ਨਾਇਕਾਂ ਬਾਰੇ ਨਾਵਲਾਂ ਲਿਖਦਿਆਂ ਘਟਨਾਵਾਂ, ਤਿੱਥੀਆਂ ਅਤੇ ਇਤਿਹਾਸਕ ਵੇਰਵਿਆਂ ਦਾ ਬਹੁਤ ਖ਼ਿਆਲ ਰੱਖਣਾ ਪੈਂਦਾ ਹੈ। ਇਤਿਹਾਸ ਰੁੱਖਾ ਹੁੰਦਾ ਹੈ, ਪਰ ਨਾਵਲ ਨੂੰ ਰੌਚਿਕ ਬਨਾਉਣ ਲਈ ਥੋੜੀ-ਬਹੁਤੀ ਕਲਪਨਾ ਦਾ ਰਲੇਵਾਂ ਕਰਨਾ ਪੈਂਦਾ ਹੈ। ਨਾਵਲ ਪੜਣ—ਯੋਗ ਬਨਾਉਣਾ ਹੁੰਦਾ ਹੈ, ਜਾਂ ਨਾਵਲ ਵਿਚ ਪੜ੍ਹਣ-ਯੋਗਤਾ ਹੋਈ ਚਾਹੀਦੀ ਹੈ। ਸ਼ਾਇਦ ਕੁਝ ਵਿਦਵਾਨ ਇਤਿਹਾਸਕ ਨਾਵਲ ਨੂੰ ਚੋਖਾ ਕਾਰਜ ਏਸ ਕਰਕੇ ਕਹਿੰਦੇ ਨੇ ਕਿ ਨਾਵਲਕਾਰ ਪਾਸ ਬਣਿਆ ਬਣਾਇਆ ਵਿਸ਼ਾ-ਵਸਤੂ ਹੁੰਦਾ ਹੈ। ਪਰ ਸੱਚੀ ਗੱਲ ਇਹ ਹੈ ਇਤਿਹਾਸਕ ਨਾਵਲ ਲਿਖਣਾ ਦੂਸਰੇ ਨਾਵਲਾਂ ਨਾਲੋਂ ਬੇਹੱਦ ਔਖਾ ਹੈ। ਇਹਨਾਂ ਨਾਇਕਾਂ ਦੀ ਲੋਕ-ਮਨਾਂ ਵਿਚ ਤਸਵੀਰ ਬਣੀ ਹੁੰਦੀ ਹੈ। ਉਸਨੂੰ ਤੋੜਨਾ, ਮਿਟਾਉਣਾ ਜਾਂ ਉਸਦਾ ਰੂਪ ਵਿਗੜਨਾ ਖ਼ਤਰੇ ਸਹੇੜਨ ਵਾਲੀ ਗੱਲ ਹੁੰਦੀ ਹੈ। ਅਜਿਹੇ ਨਾਵਲ ਵਿਚ ਬਹੁਤੀਆਂ ਖੁਲ੍ਹਾਂ ਨਹੀਂ ਲਈਆਂ ਜਾਂ ਸਕਦੀਆਂ। ਆਪਣੀ ਮਰਜ਼ੀ ਨਾਲ ਇਤਿਹਾਸਕ ਨਾਇਕਾਂ ਜਾਂ ਲੋਕ-ਨਾਇਕਾਂ ਦਾ ਚਰਿਤਰ ਨਹੀਂ ਉਘਾੜਿਆ ਜਾ ਸਕਦਾ। ਉਹਨਾਂ ਬਾਰੇ ਮੌਖਿਕ-ਰੂਪ ਵਿਚ ਜਾਂ ਇਤਿਹਾਸਕਾਰਾਂ ਨੇ ਗੱਲਾਂ ਜਾਂ ਮੁੱਲ ਸਥਾਪਿਤ ਕਰ ਦਿਤੇ ਹੁੰਦੇ ਹਨ, ਉਹਨਾਂ ਦੁਆਲੇ ਹੀ ਨਾਵਲਕਾਰ ਨੂੰ ਆਪਣਾ ਨਾਵਲੀ-ਸੰਸਾਰ ਸਿਰਜਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਸ ਤਰ੍ਹਾਂ ਮੈਂ ਸਮਝਦਾ ਹਾਂ, ਇਤਿਹਾਸ ਨਾਵਲ ਲਿਖਣਾ, ਸਮਾਜਕ ਨਾਵਲ ਨਾਲੋਂ ਵਧੇਰੇ ਔਖਾਂ

ਅਤੇ ਚਣੌਤੀਆਂ ਭਰਿਆ ਹੁੰਦਾ ਹੈ।

ਡਾ. ਸੰਧੂ: ਪਰ ਬਲਦੇਵ ਜੀ ਇਕ ਪਾਸੇ ਤੁਸੀਂ ਆਖਦੇ ਹੋ, ਇਤਿਹਾਸਕ ਤੱਥਾਂ ਨਾਲ ਛੇੜ ਛਾੜ ਕਰਨੀ ਖ਼ਤਰੇ ਸਹੇੜਨ ਵਾਲੀ ਗੱਲ ਹੈ, ਦੂਜੇ ਪਾਸੇ ਤੁਸੀਂ "ਢਾਹਵਾਂ ਦਿੱਲੀ ਦੇ ਕਿੰਗਰੇ" ਨਾਵਲ ਵਿਚ ਦੁੱਲਾ ਭੱਟੀ ਬਾਰੇ ਇਤਿਹਾਸਕ ਜਾਂ ਪ੍ਰਚਲੱਤ ਮਿੱਥਾਂ ਨੂੰ ਬਦਲਿਆਂ ਵੀ ਹੈ। ਜਿਵੇਂ ਅਕਬਰ ਦੇ ਪੁੱਤਰ ਸੇਖੂ ਨੂੰ ਲੱਧੀ ਦੇ ਦੁੱਧ ਚੁੰਘਾਉਣ ਵਾਲੀ ਮਿੱਥ ਨੂੰ ਤਖ਼ਤ ਦੀ ਸਿਆਸਤ ਨਾਲ ਜੋੜ ਕੇ ਪੇਸ਼ ਕੀਤਾ ਹੈ।

ਬਲਦੇਵ: ਇਹ ਬਿਲਕੁਲ ਸਹੀ ਹੈ, ਮੈਂ ਪ੍ਰਚਲਤ ਸਿੱਖਾਂ ਨੂੰ ਤੋੜਿਆ ਹੈ। ਇਸ ਤੋਂ ਪਹਿਲਾਂ ਮੈਂ ਆਪਣੇ ਨਾਵਲ 'ਪੰਜਵਾਂ ਸਾਹਿਬਜ਼ਾਦਾ' ਵਿਚ ਵੀ ਮਿੱਥਾ ਨੂੰ ਤੋੜਿਆ ਹੈ। ਇਸ ਤੋਂ ਪਹਿਲਾਂ ਮੈਂ ਆਪਣੇ ਨਾਵਲ 'ਪੰਜਵਾਂ ਸਾਹਿਬਜ਼ਾਦਾ' ਵਿਚ ਵੀ ਮਿੱਥਾਂ ਤੋੜੀਆਂ ਹਨ ਖਾਸ ਕਰਕੇ ਗੁਰੂ ਜੀ ਵਲੋਂ ਵਸਾਖੀ ਵਾਲੇ ਦਿਲ ਖਾਲਸੇ ਦੀ ਸਿਰਜਣਾ ਵਾਲੀ ਸਾਖੀ ਦੇ ਸੰਦਰਭ ਵਿਚ। ਡਾਕਟਰ ਸਾਹਿਬ ਸਾਡੇ ਲੋਕ ਨਾਇਕਾਂ ਨਾਲ ਮਿਥਾਂ ਦਾ ਜੁੜਨਾ ਆਮ ਵਰਤਦਾ ਹੈ। ਜੇ ਇਤਿਹਾਸ ਮਿਥਿਹਾਸਾ ਫਰੋਲੀਏ ਤਾਂ ਸਮੇਂ ਸਮੇਂ ਇਹਨਾ ਵਿਚ ਵਾਧਾ ਘਾਟਾ ਹੁੰਦਾ ਰਹਿੰਦਾ ਹੈ। ਮੂੰਹੋ-ਮੂੰਹ ਤੁਰਦੀਆਂ ਗੱਲਾਂ ਵਿਚ ਆਪਣੇ ਹਿੱਤਾਂ ਅਨੁਸਾਰ ਵੀ ਘਟਨਾਵਾਂ ਜੋੜ ਲਈਆਂ ਜਾਂਦੀਆਂ ਹਨ। ਧਾਰਮਿਕ ਗੁਰੂਆਂ ਬਾਰੇ ਅਜਿਹੀਆਂ ਮਿੱਥਾਂ ਦੀ ਭਰਮਾਰ ਹੈ। ਜਿਵੇਂ ਗੁਰੂ ਨਾਨਕ ਬਾਰੇ ਸੱਪ ਦੀ ਛਾਂ, ਰਾਵਣ ਦੇ ਦਸ ਚਿਰ, ਦੁਰਗਾ ਦੇਵੀ ਦੀਆਂ ਅੱਠ ਜਾਂ ਸੋਲਾਂ ਬਾਹਾਂ। ਨੌਵੇਂ ਗੁਰੂ ਦੀ ਸ਼ਹੀਦੀ ਸਮੇਂ ਉਥੋਂ ਗੁਰੂ ਦਾ ਸੀਛਾ ਚੁੱਕਣ ਬਾਰੇ ਹੀ ਹਰ ਇਕ ਨੇ ਆਪਣੇ ਆਪਣੇ ਢੰਗ ਨਾਲ ਅਨੁਮਾਨ ਲਏ ਹਨ। ਅਜਿਹਾ ਬੜਾ ਕੁਝ ਹੈ। ਕਿੱਸਾ ਕਾਰਾਂ ਨੇ ਇਹਨਾਂ ਦਾ ਵਿਖਿਆਨ ਕਰਕੇ ਸਨਸਨੀ ਪੈਦਾ ਕਰਨੀ ਹੁੰਦੀ ਹੈ ਜਾਂ ਮਾਅਰਕੇ ਬਾਜ਼ੀ। ਉਹਨਾਂ ਸਮਿਆਂ ਵਿਚ ਢਾਡੀ ਜਾਂ ਗਵੱਈਏ ਸੱਥਾਂ ਪਰਿਆਂ ਜਾਂ ਅਖਾੜਿਆਂ ਵਿਚ ਗਾਇਨ ਕਰਦੇ ਸਨ ਤੇ ਖ਼ੂਬ ਵਾਹਾਵਾਹਾ ਜੁੱਟਦੇ ਸਨ।

ਹੁਣ ਦੁੱਲਾ ਭੱਟੀ ਦੇ ਇਕ ਕਿੱਸੇ ਦੀ ਗੱਲ ਦਰੀਏ ਜਿਹੜਾ ਕਿਸਾਨ ਸਿੰਘ ਦਾ ਲਿਖਿਆ ਹੈ। ਉਸ ਅਨੁਸਾਰ ਅਕਬਰ ਦਾ ਪੁੱਤਰ ॥ ਸਾਲਾਂ ਤੱਕ ਲੱਧੀ ਦੇ ਪਿੰਡ ਰਿਹਾ। ਕੁਝ ਵਰ੍ਹੇ ਲੱਧੀ ਦਾ ਦੁੱਧ ਚੁੰਘ ਦਾ ਰਿਹਾ। ਦੂਸਰੀ ਸਨਸਨੀ ਅਕਬਰ ਦੀ ਬੇਗਮ ਬਾਰੇ ਹੈ। ਉਹ ਹੱਜ ਨੂੰ ਚੱਲੀ ਦੁੱਲਾ ਭੱਟੀ ਦੇ ਘਰ ਠਹਿਰਦੀ ਹੈ। ਦੁੱਲਾ ਉਸਦੀ ਗੁੱਤ ਮੁੰਨ ਕੇ ਬੇਜ਼ਤੀ ਕਰਦਾ ਹੈ ਤੇ ਵਾਪਸ ਮੋੜ ਦਿੰਦਾ ਹੈ। ਤੀਜੀ ਮਾਮਾਰਕੇ ਬਾਜ਼ੀ ਹੈ, ਅਕਬਰ ਅਤੇ ਬੀਰਬਲਾ ਭੇਸ ਬਦਲ ਕੇ ਦੁੱਲਾ ਭੱਟੀ ਦੀ ਉਹ ਲੈਣ ਆਉਂਦੇ ਹਨ, ਵੇਖਦੇ ਹਨ ਕਿ ਦੁੱਲੇ ਦੇ ਬਾਗ ਵਿਚ ਹਿਰਨ ਚੁੰਗੀਆਂ ਭਰਦੇ ਫਿਰਦੇ ਹਨ, ਉਹਨਾਂ ਦੇ ਮਿਰੰਹਾਂ ਉਪਰ ਸੋਨਾ ਮੜ੍ਹਿਆ ਹੋਇਆ ਹੈ। ਦੁੱਲ੍ਹੇ ਨੂੰ ਜਦ ਭੇਦ ਦਾ ਪਤਾ ਲਗਦਾ ਹੈ ਤਾਂ ਉਹ ਅਕਬਰ ਬਾਦਸ਼ਾਹ ਅਤੇ ਬਰਿਬਲ ਦੀਆਂ ਮੁੱਛਾਂ ਮੁੰਨ ਕੇ ਭੇਜਦਾ ਹੈ। ਗੁਰਜੀਤ ਸਿੰਘ ਸਵਾਲ ਇਹ ਹੈ ਕੀ ਅੱਜ ਦਾ ਚੇਤੰਨ ਪਾਠਕ ਇਹਨਾਂ ਘਟਨਾਵਾਂ ਉਪਰ ਯਕੀਨ ਕਰ ਲਵੇਗਾ ? ਇਕ ਪਾਸੇ ਹਿੰਦ ਦਾ ਸੁਹੰਨਸਾਹ ਦੂਸਰੇ ਪਾਸੇ ਇਕ ਬਾਗੀ ਦਾ ਪੁੱਤਰ ਜਾਂ ਉਸਦੀ ਮਾਂ। ਇਹ ਮਿੱਥਾਂ ਸਿਫ਼ਰ ਕਰਦੀਆਂ ਲੋਕ ਮਨਾਂ ਅੰਦਰ ਏਕੀਆਂ ਗੂੜ੍ਹੀਆਂ ਉੱਕਰ ਜਾਂਦੀਆਂ ਹਨ, ਇਹਨਾਂ ਨੂੰ ਮਿਟਾਉਣਾ ਸੌਖਾ ਕਾਰਜ ਨਹੀਂ ਹੁੰਦਾ। ਮੈਂ ਇਹ ਮਿਥਾਂ ਤਾਂ ਵਰਤੀਆਂ. ਪਰ ਇਹਨਾਂ ਦਾ ਵਰਤਾਰਾ ਬਦਲਾ ਦਿੱਤਾ। ਬਾਦਸ਼ਾਹ ਦੇ ਪੁੱਤਰ ਨੂੰ ਤੱਥੀ ਦੇ ਦੁੱਧੀਂ ਪਾਉਣ ਤਖ਼ਤ ਦੀ ਸਾਜ਼ਿਆ ਨਾਲ ਜੋੜਿਆ। ਇਵੇਂ ਦੂਸਰੀਆਂ ਮਿੱਥਾਂ ਲਈ ਸੁਪਨ-ਵਿਧੀ ਦੀ ਵਰਤੋਂ ਕੀਤੀ। ਮੇਰੀ ਤਸੱਲੀ ਅਤੇ ਖੁਸ਼ੀ ਏਸ ਗੱਲ ਵਿਚ ਹੈ ਕਿ ਪਾਠਕਾਂ ਨੇ ਮੇਰੀ ਇਸ ਵਿਧੀ ਨੂੰ ਪਸੰਦ ਕੀਤਾ ਹੈ।

ਡਾ. ਸੰਧੂ: ਬਲਦੇਵ ਜੀ, ਮਿੱਥਾਂ ਤੋੜਨ ਦੇ ਇਸ ਢੰਗ ਨੂੰ ਮੈਂ ਵੀ ਪਸੰਦ ਕੀਤਾ ਹੈ। ਹੁਣ ਦੱਸੋ, ਦੁੱਲਾ ਭੱਟੀ ਖਾਸ ਵਿਅਕਤੀਗਤ ਪਾਤਰ ਹੈ ਜਾਂ ਨਾ ਬਰੀ ਨਾਲ ਭਰੇ ਹੋਏ ਵਰਤਾਰੇ ਦਾ ਚਿੰਨ੍ਹ



ਹੈ?

ਬਲਦੇਵ: ਦੁੱਲਾ ਭੱਟੀ ਵਿਅਕਤੀਗਤ ਹੁੰਦਾ ਹੋਇਆ ਵੀ ਵਿਅਕਤੀਗਤ ਨਹੀਂ ਹੈ। ਉਸ ਨਾਲੋਂ ਵਿਢਿਆ ਗਿਆ ਸੰਘਰਸ਼, ਆਪਣੀ ਭੋਇ ਲਈ ਅਤੇ ਆਪਣੇ ਲੋਕਾਂ ਲਈ ਹੈ। ਦੁੱਲਾ ਭੱਟੀ ਰਾਜਸੀ ਸੱਤਾ ਦੀ ਧੌਂਸ ਤੋਂ ਨਾਬਰੀ ਦੇ ਵਰਤਾਰੇ ਦਾ ਚਿੰਨ੍ਹ ਹੈ। ਜਦ ਤੱਕ ਉਸਨੇ ਚੌਧਰੀਆਂ ਅਤੇ ਹੋਰ ਲੋਕਾਂ ਤੋਂ ਵਕਤ-ਬੇ-ਵਕਤ ਮਿਲਦੇ ਤਾਅਨਿਆਂ ਨੂੰ ਖ਼ਾਸ ਅਹਿਮੀਅਤ ਨਹੀਂ ਸੀ ਦਿੱਤੀ, ਉਦੋਂ ਤੱਕ ਦੁੱਲੇ ਦਾ ਵਰਤਾਰਾ ਨਿੱਜੀ ਸਮਝਿਆ ਜਾ ਸਕਦਾ ਹੈ। ਉਸਦੀਆਂ ਕਾਰਵਾਈਆਂ ਜਾਂ ਗਤੀ ਵਿਧੀਆਂ, ਆਪਣੀ ਟੋਲੀ ਤੱਕ ਸੀਮਤ ਸਨ, ਪਰ ਜਦ ਉਸਨੂੰ ਆਪਣੇ ਬੀਤੇ ਬਾਰੇ ਮਾਂ ਪਾਸੋਂ ਜਾਣਕਾਰੀ ਹਾਸਲ ਹੁੰਦੀ ਹੈ, ਜਦ ਉਸ ਨੂੰ ਇਹ ਪਤਾ ਲਗਦਾ ਹੈ, ਕਿ ਅਕਬਰ ਬਾਦਸ਼ਾਹ ਨੇ ਉਸਦੇ ਬਾਪ ਅਤੇ ਦਾਦੇ ਨੂੰ ਇਸ ਲਈ ਭੂਲੀ ਚਾੜ੍ਹਿਆ ਕਿ ਉਹ ਉਸਦੀ ਬਾਦਸ਼ਾਹੀ ਦੇ ਫ਼ੁਰਮਾਨ ਮੰਨਣ ਤੋਂ ਇਨਕਾਰੀ ਹਨ ਅਤੇ ਬਾਰ ਦੇ ਲੋਕਾਂ ਨੂੰ ਤਖ਼ਤ ਦੇ ਵਿਰੁੱਧ ਲਾਮਬੰਦ ਹੋਣ ਨੂੰ ਉਕਸਾਉਂਦੇ ਹਨ। ਦੁੱਲੇ ਦਾ ਜੀਣ-ਮਨੋਰਥ ਹੀ ਬਦਲ ਜਾਂਦਾ ਹੈ। ਉਹ ਹਰ ਉਸ ਚੀਜ਼ ਨੂੰ ਵਰਤਾਰੇ ਨੂੰ ਨੁਕਸਾਨ ਪਹੁੰਚਾ ਉਨ੍ਹਾਂ ਹੈ, ਜਿਸ ਦਾ ਸੰਬੰਧ ਕਿਸੇ ਨਾ ਕਿਸੇ ਰੂਪ ਵਿਚ ਬਾਦਸ਼ਾਹ ਨਾਲ ਜੁੜਦਾ ਹੈ। ਹੁਣ ਦੁੱਲਾ ਆਪਣੇ ਲਈ ਨਹੀਂ ਆਪਣੇ ਲੋਕਾਂ ਲਈ ਬਾਦਸ਼ਾਹ ਨਾਲ ਵੈਰ ਛੇੜਦਾ ਹੈ। ਇਸ ਤਰ੍ਹਾਂ ਦੁੱਲਾ ਭੱਟੀ ਦਾ ਸਮੁੱਚਾ ਵਿਵਹਾਰ ਨਾ ਬਰੀ ਭਰੇ ਵਰਤਾਰੇ ਦਾ ਚਿੰਨ੍ਹ ਹੋ ਨਿਬੜਦਾ ਹੈ। ਇਹ ਵਰਤਾਰਾ ਦੁੱਲੇ ਦੀ ਕੁਰਬਾਨੀ ਨਾਲ ਖ਼ਤਮ ਨਹੀਂ ਹੁੰਦਾ, ਸਗੋਂ ਇਹ ਅੱਗੋਂ ਉਸਦੇ ਪੋਤਰੇ (ਨੂਰੇ ਦੇ ਹੋਣ ਵਾਲੇ ਪੁੱਤਰ ਦੇ ਸੰਕੇਤ ਵਿਚ) ਅਤੇ ਉਸਦੇ ਜਿਉਂਦੇ ਸਾਥੀਆਂ ਵਿਚ ਜਿਊ ਦਾ ਤਿਉਂ ਮੌਜੂਦ ਰਹਿਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਡਾ. ਸੰਧੂ: ਤੁਸੀਂ ਦੁੱਲਾ ਭੱਟੀ ਨੂੰ ਨਾਬਰੀ ਦਾ ਚਿੰਨ੍ਹ ਅਤੇ ਅੱਗੋਂ ਇਸਦੇ ਜਾਰੀ ਰਹਿਣ ਦੀ ਗੱਲ ਕੀਤੀ ਹੈ, ਕੀ ਅੱਜ ਦਾ ਪੰਜਾਬੀ ਬੰਦਾ ਆਪਣੀ ਇਸ ਰੂਹਾਨੀ ਅਜ਼ਾਦੀ ਨੂੰ ਪਛਾਣਦਾ ਹੈ ਜਾਂ ਨਹੀਂ ?

ਬਲਦੇਵ: ਡਾਕਟਰ ਸਾਹਿਬ, ਗੱਲ ਇਹ ਹੈ, ਅੱਜ ਦਾ ਮਨੁੱਖ ਮਖੌਟੇ ਬਹੁਤ ਪਹਿਨੀ ਰਖਦਾ ਹੈ। ਪਹਿਲਾ ਮਨੁੱਖ ਆਪਣੇ ਉਪਰਲਾ ਖੋਲ ਵਗਾਹ ਕੇ ਮਾਰਦਾ ਸੀ। ਜਦੋਂ ਉਹ ਕਿਸੇ ਸੰਘਰਸ਼ ਵਿਚ ਕੁੱਦਦਾ ਸੀ, ਉਹ ਫੈਲਦਾ ਸੀ, ਉਸ ਅੰਦਰ ਕੋਈ ਕਰਤਾਰੀ ਸ਼ਕਤੀ ਪਰਵੇਸ਼ ਕਰ ਜਾਂਦੀ ਸੀ। ਉਸਦੇ ਸਾਹਮਣੇ ਇਕ ਮਿਸ਼ਨ ਹੁੰਦਾ ਸੀ। ਉਹ ਨਾ ਆਪਣੇ ਨਿੱਜ ਬਾਰੇ ਸੋਚਦਾ ਸੀ, ਨਾ ਆਪਣੇ ਪਰਿਵਾਰ ਬਾਰੇ, ਨਾ ਆਪਣੇ ਸਕੇ ਸੰਬੰਧੀਆਂ ਬਾਰੇ "ਉਸਦੇ ਸਾਹਮਣੇ ਆਪਣਾ ਦੇਸ ਹੁੰਦਾ ਸੀ, ਆਪਣਾ ਧਰਮ ਹੁੰਦਾ ਸੀ ਜਾਂ ਆਪਣੀ ਕੌਮ ਹੁੰਦੀ ਸੀ। ਮੌਤ ਉਸ ਲਈ ਕੋਈ ਮਾਅ ਨੇ ਨਹੀਂ ਸੀ ਰੱਖਦੀ। ਏਸੇ ਲਈ ਮੈਂ ਕਿਹਾ ਹੈ ਕਿ ਉਸ ਅੰਦਰ ਕੋਈ ਕਰਤਾਈ ਸ਼ਕਤੀ ਪ੍ਰਵੇਸ਼ ਕਰ ਜਾਂਦੀ ਹੈ। ਅਜਿਹੇ ਸੱਚੇ ਮੁੱਚੇ ਮਨੁੱਖ ਦੀ ਕੋਈ ਨਿੱਜੀ ਅਭਿਲਾਸ਼ਾ ਹੁੰਦੀ ਹੀ ਨਹੀਂ ਸੀ। ਪਰ ਸਮਕਾਲੀ ਮਨੁੱਖ, ਜਦੋਂ ਕਦੇ ਅਜਿਹਾ ਸੰਕਟ ਆਉਂਦਾਂ ਹੈ, ਆਪਣੇ ਅੰਦਰ ਹੀ ਸੁੰਗੜ ਜਾਂਦਾ ਹੈ। ਅੱਜ ਦਾ ਮਨੁੱਖ ਵਧੇਰੇ ਅੰਦਰ ਮੁਖੀ ਅਤੇ ਨਿੱਜ ਮੁਖੀ ਹੋ ਰਿਹਾ ਹੈ। ਉਸ ਦੀ ਸੋਚ ਅਤੇ ਉੜਾਣ ਆਪਣੇ ਤੱਕ ਹੀ ਸੀਮਤ ਹੈ। ਮੇਰਾ ਪਰਿਵਾਰ, ਮੇਰੇ ਬੱਚੇ, ਮੇਰਾ ਕਾਰੋਬਾਰ, ਮੇਰਾ ਘਰ, ਮੇਰੀਆਂ ਜ਼ਮੀਨਾਂ, ਸਿਰਫ ਮੈਂ। ਅਜਿਹੀ ਸੋਚ ਵਾਲੇ ਮਨੁੱਖ ਨਾ ਅਜ਼ਾਦੀ ਬਾਰੇ ਸੋਚ ਸਕਦੇ ਹਨ, ਨਾ ਦੇਸ਼ ਬਾਰੇ ਨਾ ਮਾਨਵਤਾ ਦੀ ਭਲਾਈ ਬਾਰੇ। ਪਹਿਲੀ ਮਨੁੱਖਾਂ ਦਾ ਲਖਸ਼ ਹੁੰਦਾ ਸੀ, ਦੇਸ਼ ਜੀਵੇ ਮੈਂ ਮਰਾਂ। ਹੁਣ ਦੇ ਮਨੁੱਖ ਦਾ ਲਖ਼ਸ਼ ਹੈ, ਮੈਂ ਜੀਵਾਂ ਦੇਸ ਪਾਵੇ ਢੱਠੇ ਖੂਹ ਵਿਚ। ਏਹੀ ਕਾਰਨ ਹੈ, ਸਦੀਆਂ ਬੀਤ ਗੀਆਂ ਨੇ ਪਹਿਲਾਂ ਜਾਂ ਬਾਜ਼ ਬਹਾਦਰ ਅਤੇ ਸਹਿਰਦ ਸੂਰਮਾ ਪੂਰੇ ਦੇਸ਼ ਵਿਚ ਇਕ ਵੀ ਪੈਦਾ ਨਹੀਂ ਹੋ ਸਕਿਆ। ਇਙ ਵੀ ਪੁੱਛਿਆ ਜਾ ਸਕਦਾ ਹੈ, ਕਿਉਂ ?........ਕਿਉਂਕਿ ਅੱਜ ਹਰ ਕੋਈ ਇਹ ਸੋਚਦਾ ਹੈ, ਭਗਤ ਸਿੰਘ ਕਰਤਾਰ ਸਿੰਘ ਭਰਾਭਾ, ਜਾਂ ਊਧਮ ਸਿੰਘ, ਸੁਖਦੇਵ ਵਰਗੇ ਨੌਜਵਾਨ ਪੈਦਾ ਤਾਂ ਜ਼ਰੂਰ ਹੋਣ, ਪਰ ਸਾਡੇ ਪਾਰ ਨਹੀਂ, ਗੁਆਢੀਆਂ ਦੇ ਪੈਦਾ ਹੋਣ। ਹੀਰ ਤਾਂ

ਜ਼ਰੂਰ ਹੋਵੇ, ਪਰ ਗੁਆਢੀਆਂ ਦੀ ਕੁੜੀ ਹੋਵੇ। ਅਜਿਹੀ ਮਾਨਸਿਕਤਾ ਕਾਰਨ ਅੱਜ ਦਾ ਮਨੁੱਖ ਰੂਹਾਨੀ ਅਜ਼ਾਦੀ ਤੋਂ ਵਿਰਵਾ ਹੈ।

ਡਾ. ਸੰਧੂ: ਬਲਦੇਵ ਜੀ ਮੈਂ ਸਮਝਦਾ ਹਾਂ, ਰੂਹਾਨੀ ਅਜ਼ਾਦੀ ਦੀ ਅਣਹੋਂਦ ਕਾਰਨ ਹੀ ਅੱਜ ਦਾ ਮਨੁੱਖ ਮਾਨਸਿਕ ਟੁੱਟ ਭੱਜ ਦਾ ਸ਼ਿਕਾਰ ਹੈ। ਸਾਡਾ ਸਮਕਾਲੀ ਪੰਜਾਬੀ ਨਾਵਲ ਅੱਜ-ਕੱਲ੍ਹ ਅਜਿਹੇ ਵਿਖੰਡਤ ਮਨੁੱਖ ਦੀ ਪੇਸ਼ਕਾਰੀ ਵੱਲ ਰੁਚਿਤ ਹੈ। ਅਜਿਹੇ ਸਮੇਂ ਤੁਸੀਂ ਨਾਇਕ ਦੀ ਸਥਾਪਤੀ ਬਾਰੇ ਕਿਉਂ ਲਿਖ ਰਹੇ ਹੋ?

ਬਲਦੇਵ: ਤੁਹਾਡੀ ਸਹੀ ਗੱਲ ਹੈ ਡਾ. ਸਾਹਿਬ ਸਮਕਾਲੀ ਨਾਵਲ ਵਿਖੰਡਤ ਮਨੁੱਖ ਨੂੰ ਪੇਸ਼ ਕਰ ਰਿਹਾ ਹੈ। ਪਰ ਸਾਰਾ ਸਮਕਾਲੀ ਨਾਵਲ ਨਹੀਂ, ਕੁਝ ਨਾਵਲਕਾਰ ਉਚੇਚੇ ਯਤਨਾਂ ਨਾਲ ਅਜਿਹੇ ਨਾਵਲ ਰਚ ਰਹੇ ਹਨ। ਭਾਵੇਂ ਉਹਨਾਂ ਦੀ ਪੜ੍ਹਨ-ਯੋਗਤਾ ਉਪਰ ਪ੍ਰਦਾਨ ਚਿੰਨ੍ਹ ਵੀ ਲੱਗੇ ਹਨ। ਹੋ ਸਕਦਾ ਹੈ ਮੈਂ ਗਲਤ ਹੋਵਾਂ, ਪਰ ਸਮਝਦਾ ਹਾਂ ਕਿ ਡਿਸਟਰਬਡ ਆਤਮਾ ਹੀ ਡਿਸਟਰਬਡ ਮਨੁੱਖ ਬਾਨੇ ਲਿਖ ਸਕਦੀ ਹੈ, ਹੁਣ ਰਹੀ ਦੂਸਰੀ ਗੱਲ ਨਾਇਕ ਦੀ ਸਥਾਪਤੀ ਵਾਲੀ। ਮੇਰੇ ਨਾਵਲ ਪੰਜਵਾਂ ਸਾਹਿਬ ਜਾਂਦਾਂ, ਸਤਲੁਜ ਵਹਿੰਦਾ ਰਿਹਾਂ, ਜਾਂ ਹੁਣ ਵਾਲਾ ਨਾਵਲ "ਢਾਹਵਾਂ ਦਿੱਲੀ ਦੇ ਕਿੰਗਰੇ" ਰਾਹੀਂ ਮੈਂ ਨਾਇਕ ਦੀ ਸਥਾਪਤੀ ਵਾਲੇ ਨਾਵਲ ਲਿਖਣ ਲਈ ਉਚੇਚੇ ਯਤਨ ਨਹੀਂ ਕੀਤੇ, ਇਹ ਨਾਇਕ ਤਾਂ ਪਹਿਲਾਂ ਹੀ ਲੋਕ ਮਨਾਂ ਵਿਚ ਸਥਾਪਿਤ ਹੋ ਚੁੱਕੇ ਹਨ। ਸਥਾਪਿਤ ਨਾਇਕਾਂ ਬਾਰੇ ਨਾਵਲ ਲਿਖਕੇ ਮੈਂ ਉਹਦੇ ਦੀ ਵਿਚਾਰਧਾਰਾ, ਰਾਸ਼ਟਰ ਜਾਂ ਧਰਮ ਪ੍ਰਤੀ ਉਹਨਾਂ ਦੀ ਸਮਰਪਿਤ ਭਾਵਨਾ, ਉਹਨਾ ਦੀ ਸੋਚ ਉਹਨਾਂ ਦੇ ਸਾਹ ਸੀ ਕਾਰਨਾਂ ਮਿਆਂ ਨੂੰ ਜ਼ਰੂਰ ਪੁਨਰ-ਸਿਰਜਣ ਕਰਕੇ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਤੁਹਾਡੀ ਜਾਣਕਾਰੀ ਲਈ ਦੱਸ ਦਿਆਂ, ਉਂਜ ਮੇਰੇ ਕੁਝ ਨਾਵਲਾਂ ਵਿਚ, ਲਾਲ ਬੱਤੀ, ਅੰਨਦਾਤਾ, ਥੱਚੀਆਂ ਕੰਥਾਂ ਤੇ ਸੂਲੀ ਟੰਗੇ ਪਹਿਰ ਆਦਿ ਵਿਚ ਵਿਖੰਡਤ ਮਨੁੱਖਾਂ ਦੀ ਪੇਸ਼ਕਾਰੀ ਵੀ ਹੋਈ ਹੈ।

ਡਾ. ਸੰਧੂ: ਤੁਸੀਂ ਜ਼ਿਕਰ ਕੀਤਾ ਹੈ, ਕਿ ਕੁਝ ਨਾਇਕ ਪਹਿਲਾਂ ਹੀ ਲੋਕ ਮਨਾਂ ਵਿਚ ਸਥਾਪਿਤ ਹੁੰਦੇ ਹਨ। ਪ੍ਰੰਤੂ ਤੁਸੀਂ "ਢਾਹਵਾਂ ਦਿੱਲੀ ਦੇ ਕਿੰਗਰੇ" ਨਾਵਲ ਵਿਚ ਦੁੱਲਾ ਭੱਟੀ ਦੀ ਮੁੱਖ ਕਥਾ ਨੂੰ ਬਹੁ-ਪਾਸਾਰੀ ਬਣਾ ਕੇ ਪੇਸ਼ ਕੀਤਾ ਹੈ। ਅਜਿਹਾ ਕਿਉਂ?

ਬਲਦੇਵ: ਗੁਰਜੀਤ ਮੈਂ ਦੁੱਲਾ ਭੱਟੀ ਬਾਰੇ ਪ੍ਰਚਲਤ ਕਥਾ ਨੂੰ ਅਧਾਰ ਬਣਾ ਕੇ ਨਾਵਲ ਲਿਖ ਸਕਦਾ ਸਾਂ। ਕਿੱਸਿਆ ਤੋਂ ਸਮੱਗਰੀ ਲੈ ਕੇ ਕੁਝ ਨਾਟਕਰਾਂ ਨੇ ਅਜਿਹਾ ਹੀ ਕੀਤਾ ਹੈ। ਪਰ ਇਸ ਦਾ ਪਾਠਕਾਂ ਨੂੰ ਕੀ ਲਾਭ ਹੋਵੇਗਾ? ਅਜਿਹੀ ਤੁਰਦੀ ਫਿਰਦੀ ਮੌਖਿਕ ਜਾਣਕਾਰੀ ਤਾਂ ਉਹਨਾਂ ਪਾਸ ਪਹਿਲਾਂ ਵੀ ਸੀ। ਦੁੱਲਾ ਭੱਟੀ ਉਪਰ ਇਹ ਪਹਿਲਾ ਨਾਵਲ ਹੈ। ਲਹਿੰਦੇ ਪੰਜਾਬ ਵਿਚ ਵੀ ਦੁੱਲੇ ਉਪਰ ਨਾਟਕ ਹੀ ਮਿਲਦੇ ਹਨ ਨਾਵਲ ਨਹੀਂ। "ਢਾਹਵਾਂ ਦਿੱਲੀ ਦੇ ਕਿੰਗਰੇ" ਨੂੰ ਦੁੱਲਾ ਭੱਟੀ ਦੇ ਜੀਵਨ ਉਪਰ ਪਹਿਲਾ ਪੰਜਾਬੀ ਨਾਵਲਾ ਹੋਣ ਦਾ ਮਾਣ ਹੈ। ਇਹ ਨਾਵਲ ਲਿਖਣ ਲਈ ਹੈ ਅਕਬਰ ਤੇ ਭੱਟੀ ਰਾਜਪੂਤਾਂ ਵਿਚਲੇ ਵਿਰੋਧ ਦੇ ਕਾਰਨਾਂ ਨੂੰ ਲੱਭਣਾ ਚਾਹਿਆ। ਉਸ ਵੇਲੇ ਦੇ ਰਾਜਸੀ ਅਤੇ ਆਰਥਕ ਵਸੀਲਿਆਂ ਬਾਰੇ ਜਾਣਿਆਂ। ਉਸ ਸਮੇਂ ਦੇ ਸਭਿਆਚਾਰਕ ਸਰੋਕਾਰਾ ਦੀ ਨਿਥਾਨ ਦੇਹੀ ਕੀਤੀ। ਮੈਂ ਚਾਹੁੰਦਾ ਸਾਂ ਪਾਠਕ ਨੂੰ ਸੋਲਵੀਂ ਸਦੀ ਦੀ ਇਸ ਗਾਥਾ ਬਾਰੇ ਭਰਪੂਰ ਜਾਣਕਾਰੀ। ਮਿਲੇ। ਪਾਠਕ ਸਿਰਫ਼ ਦੁੱਲੇ ਨੂੰ ਹੀ ਨਾ ਜਾਣੇ ਸਗੋਂ ਉਸ ਵੇਲੇ ਨੂੰ ਆਪਣੇ ਰੂ-ਬਰੂ ਹੋਇਆ ਸਮਝੇ। ਪਾਠਕ ਇਹ ਜਾਣੇ ਉਹਨਾਂ ਸਮਿਆਂ ਦੇ ਪਿੰਡ ਕਿਹੋ ਜੇਹੇ ਸਨ। ਉਹਨਾਂ ਲੋਕਾਂ ਦੇ ਕਿੱਤੇ ਕਿਹੋ ਜੇਹੇ ਸਨ। ਉਦੋਂ ਜੰਵਾਂ ਕਿਵੇਂ ਚੜਦੀਆਂ ਸਨ। ਉਹ ਲੋਕ ਖੇਡਾਂ ਕਿਸ ਤਰ੍ਹਾਂ ਦੀਆਂ ਖੇਡਦੇ ਸਨ। ਉਹਨਾਂ ਦਾ ਖਾਣਪੀਣ, ਬੋਲ-ਬੁਲਾਰਾ ਤੇ ਹੋਰ ਵਰਤਾਰਾ ਗੱਲ ਦੀ ਉਹਨਾਂ ਸਾਰਿਆਂ ਦਾ ਸਮੁੱਚਾ ਵਸੇਬ ਕਿਵੇਂ ਦਾ ਸੀ। ਦੁੱਲੇ ਦੇ ਬਹਾਨੇ, ਮੈਂ ਇਸ ਸਭ ਕੁਝ ਨੂੰ ਫੜਨ ਦਾ ਬਤਨ ਕੀਤਾ ਹੈ ਜਾਂ ਇਛਾ ਨਾਵਲ ਦੀ ਸਿਰਜਣਾ ਦਾ ਅੰਗ



ਬਣਾਇਆ ਹੈ।

ਡਾ. ਸੰਧੂ: ਇਸ ਸਭ ਦੇ ਨਾਲ ਨਾਲ ਤੁਸੀਂ ਭੂ-ਦ੍ਰਿਸ਼ਾਂ ਨੂੰ ਬੜੀ ਅਹਿਮੀਅਤ ਦਿੱਤੀ ਹੈ, ਬੜੀ ਖੂਬਸੂਰਤੀ ਨਾਲ ਇਸ ਨਾਵਲ ਵਿਚ ਦ੍ਰਿਸ਼-ਸਿਰਜਣਾ ਹੋਈ ਹੈ। ਇਹ ਅਚੇਤ ਹੀ ਹੋਈ ਹੈ ਜਾਂ ਇਸ ਬਾਰੇ ਸੁਚੇ ਹੋਂ?

ਬਲਦੇਵ: ਗੁਰਜੀਤ ਸਿੰਘ, ਸਾਡਾ ਪਹਿਲਾ ਨਾਵਲ ਬੋਲਦਾ ਸੀ, ਦੱਸਵੀ ਦੀ ਕੋਸ਼ਿਸ਼ ਕਰਦਾ ਸੀ, ਹੁਣ ਨਾਵਲ ਪਾਠਕ ਨੂੰ ਪ੍ਰਸਥਿਤੀਆਂ ਘਟਨਾਵਾਂ ਪ੍ਰਤੱਖ ਵਿਖਾਉਂਦਾ ਵੀ ਹੈ। ਪਾਠਕਾਂ ਦੀ ਰੁਚੀ ਵਿਚ ਵੀ ਤਬਦੀਲੀ ਆਈ ਹੈ, ਪਾਠਕ ਪੜ੍ਹਨ ਦੇ ਨਾਲ ਨਾਲ ਵੇਖਦਾ ਵੀ ਚਾਹੁੰਦਾ ਹੈ। ਮੈਂ ਸੁਚੇਤ ਹੋਕੇ ਅਜਿਹੇ ਦ੍ਰਿਸ਼ਾਂ ਦੀ ਸਿਰਜਣਾ ਕੀਤੀ ਹੈ। ਚਾਹੇ ਚਿੜੀ ਵਿਚ ਦੁੱਲਾ ਅਤੇ ਉਸਦੇ ਸਾਰੀਆਂ ਦੀਆਂ ਖਰਮਹਸੀਆਂ ਹੋਣ, ਚਾਹੇ ਜੰਗ ਦੀ ਤਿਆਰੀ ਹੋ ਰਹੀ ਹੋਵੇ, ਜਾਂ ਦੁੱਲਾ ਡਨਾਂ ਪਾਰ ਨੂਰਾਂ ਨੂੰ ਮਿਲਣ ਜਾਂਦਾ ਹੋਵੇ। ਜਾਂ ਸਾਰੀ ਸਰਵਰਕ 'ਸੇਫ' ਵਿਚ ਨੂਰਾਂ ਆਪਣੀਆਂ ਸਹੇਲੀਆਂ ਨਾਲ ਵੰਗਾਂ ਚੜ੍ਹਾ ਰਹੀ ਹੋਵੇ। ਹਰ ਦ੍ਰਿਸ਼ ਅੱਖਾਂ ਮੂਹਰੇ ਸਾਕਾਰ ਹੁੰਦਾ ਚਲਿਆ ਜਾਂਦਾ ਹੈ। ਇਤਿਹਾਸਕ-ਨਾਵਲ ਦੀ ਸਿਰਜਣਾ ਵੱਲ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ। ਇਤਿਹਾਸ ਦਾ ਲੇਖਾ ਜੋਖਾ ਕਰਕੇ ਇਸ ਨੂੰ ਮੁੜ ਤੋਂ ਸਿਰਜਣਾ ਏਨਾ ਸੌਖਾ ਕਾਰਜ ਨਹੀਂ ਹੈ। ਜਦ ਚਿੜੀ ਵਿਚ ਸੁੱਕੇ ਪੱਤਿਆਂ ਉਪਰ ਤੁਰਦਾ ਕੋਈ ਝਿੜੀ ਦੇ ਖੂਹ ਵਲ ਜਾਂਦਾ ਹੈ, ਤਾਂ ਮੈਂ ਆਪਣੇ-ਆਪ ਨੂੰ ਉਥੇ ਆਸ ਪਾਸ ਹੀ ਕਿਧਰੇ ਖੜ੍ਹਾ ਮਹਿਸੂਸ ਕੀਤਾ ਹੈ ਤੇ ਮੈਨੂੰ ਪੈਰਾਂ ਨਾਲ ਭੁਰਦੇ ਸੁੱਕੇ ਪੱਤਿਆਂ ਖੜਾਕ ਸੁਣਦਾ ਹੈ। ਇਹ ਪਾਠਕ ਨੂੰ ਵੀ ਅਵੱਸ਼ ਸੁਣੇਗਾ, ਮੇਰਾ ਵਿਸ਼ਵਾਸ ਹੈ।

ਡਾ. ਸੰਧੂ: ਬਲਦੇਵ ਜੀ, ਦ੍ਰਿਸ਼ ਚਿਤਰਣ ਦੇ ਨਾਲ ਹੀ ਤੁਸੀਂ ਇਸ ਨਾਵਲ ਵਿਚ ਭਾਸ਼ਾ ਦੇ ਪੱਖ ਤੋਂ ਬਹੁਤ ਸੁਚੇਤ ਰਹੇ ਹੋ। ਕੀ ਤੁਸੀਂ ਮਹਿਸੂਸ ਕੀਤਾ ਹੈ ਕਿ ਆਪਣੇ ਪਹਿਲੇ ਨਾਵਲਾਂ ਨਾਲੋਂ ਇਸ ਨਾਵਲ ਵਿਚ ਭਾਸ਼ਾ ਵਰਤਣ ਲਈ ਵਧੇਰੇ ਮਿਹਨਤ ਕੀਤੀ ਹੈ?

ਬਲਦੇਵ: ਹਾਂ ਭਾਸ਼ਾ ਬਾਰੇ ਮੈਂ ਬਹੁਤ ਸੁਚੇਤ ਹਾਂ। ਮੈਂ ਇਸ ਦਾਅਵਾ ਤਾਂ ਨਹੀਂ ਕਰਦਾ ਕਿ ਮੈਂ ਉਹਨਾਂ ਸਮਿਆਂ ਦੀ ਭਾਸ਼ਾ ਨੂੰ ਪੂਰੀ ਤਰ੍ਹਾਂ ਪਕੜ ਸਕਿਆ ਹਾਂ। ਪਰ ਏਨਾ ਜ਼ਰੂਰ ਹੈ, ਮੈਂ ਉਸ ਖਿੱਤੇ ਦੀ ਭਾਰਦਾ ਦੇ ਕੁਝ ਨਾ ਕੁਝ ਨੇੜੇ ਪਹੁੰਚਣ ਦਾ ਯਤਨ ਕੀਤਾ ਹੈ। ਏਸੇ ਖਿਆਲ ਨਾਲ ਮੈਂ ਦੋ ਵਾਰ ਪਾਕਿਸਤਾਨ ਦੀ ਯਾਤਰਾ ਕੀਤੀ। ਲਹਿੰਦੇ ਪੰਜਾਬ ਦੇ ਆਮ ਲੋਕਾਂ ਦੀ ਬੋਲ ਚਾਲ ਦਾ ਲਹਿਜਾ ਵਾਚਿਆ। ਉਥੋਂ ਦੇ ਅਕੀਬਾਂ ਵਿਚ ਤਾਂ ਸਾਡੇ ਅਜੀਬਾਂ ਵਾਂਗ ਹੀ ਬੋਲਚਾਲ ਦੀ ਭਾਸ਼ਾ ਵਿਚ ਬਨਾਵਟੀਪਣ ਆ ਗਿਆ ਹੈ। ਲਹਿੰਦੇ ਪੰਜਾਬ ਦੇ ਆਮ ਲੋਕ ਬਹੁਤ ਮਿੱਠੀ ਭਾਸ਼ਾ ਬੋਲਦੇ ਹਨ। ਇਹ ਨਾਵਲ ਲਿਖਦਿਆਂ ਮੇਰੀ ਕੋਸ਼ਿਸ਼ ਇਹੀ ਰਹੀ ਹੈ, ਕਿ ਪਾਤਰਾਂ ਦੇ ਸੁਭਾਅ ਅਨੁਸਾਰ ਅਤੇ ਇਲਾਕੇ ਦੇ ਰਿਵਾਜ ਅਨੁਸਾਰ ਬੋਲੀ ਦੀ ਵਰਤੋਂ ਕੀਤੀ ਜਾਵੇ। ਉਹਨਾਂ ਲੋਕਾਂ ਵਲੋਂ ਬੋਲੇ ਜਾਂਦੇ ਕੁਝ ਖ਼ਾਸ ਖੇਤਰੀ ਸ਼ਬਦ ਮੈਂ ਨੋਟ ਕੀਤੇ। ਉਹਨਾਂ ਵਲੋਂ ਬੋਲੇ ਜਾਂਦੇ ਮੁਹਾਵਰੇ-ਅਖਾਵਾਂ ਨੂੰ ਸੁਣਿਆਂ। ਮੈਂ ਕੁਝ ਸਥਾਨਕ ਲੋਕਾਂ ਨਾਲ ਮੁਲਾਕਾਤਾਂ ਵੀ ਕੀਤੀਆਂ। ਦੁੱਲਾ ਭੱਟੀ ਦੇ ਪਿੰਡ "ਪਿੰਛੀ ਭੱਟੀਆਂ" ਗਿਆ (ਅੱਜ ਕੱਲ ਇਹ ਕਾਫ਼ੀ ਵਿਕਸਤ ਕਸਾਬਾ ਬਣ ਗਿਆ ਹੈ) ਮੈਂ ਹੈਰਾਨ ਹੋਇਆ, ਉਥੋਂ ਦੇ ਲੋਕਾਂ ਦਾ ਭਾਸ਼ਾਈ ਅੰਦਾਜ਼ ਲਾਹੌਰ ਦੇ ਲੋਕਾਂ ਨਾਲੋਂ ਬਿਲਕੁਲ ਵੱਖਰਾ ਹੈ। ਬੋਲੀ ਵਿਚ ਉਰਦੂ ਅਤੇ ਫਾਰਸੀ ਦੇ ਸ਼ਬਦਾਂ ਦਾ ਰਲੇਵਾਂ ਹੈ। ਮੇਰੇ ਲਈ ਤਸੱਲੀ ਵਾਲੀ ਗੱਲ ਇਹ ਹੈ, ਪਾਠਕ ਇਸ ਨਾਵਲ ਦੀ ਭਾਸ਼ਾ ਦੀ ਪ੍ਰਸ਼ੰਸਾ ਕਰਦੇ ਹਨ।

ਡਾ. ਸੰਧੂ: ਭਾਸ਼ਾ ਦੇ ਨਾਲ ਹੀ ਇਕ ਹੋਰ ਪ੍ਰਾਸ਼ਨ ਜੁੜਿਆ ਹੈ। ਤੁਸੀਂ ਇਸ ਨਾਵਲ ਵਿਚ ਪਾਤਰਾਂ ਦੇ ਸੰਵਾਦ ਪੱਖੋਂ ਕਮਾਲ ਕੀਤਾ ਹੈ। ਦੁੱਲਾ ਭੱਟੀ ਕੇਂਦਰੀ ਪਾਤਰ ਹੈ, ਪ੍ਰੰਤੂ ਉਹ ਜਦੋਂ ਚਿਰਾਗਦੀਨ ਨਾਲ ਸੰਵਾਦ ਰਚਾਉਂਦਾ ਹੈ ਤਾਂ ਬਿਲਕੁਲ ਵੱਖਰੀ ਤਰ੍ਹਾਂ ਸਾਹਮਣੇ ਆਉਂਦਾ ਹੈ। ਜਦੋਂ ਆਪਣੀ ਮਾਂ

ਨਾਲ, ਬੀਵੀ ਫੁੱਲਰਾਂ ਨਾਲ ਜਾਂ ਯਾਰਾਂ ਬੇਲੀਆਂ ਨਾਲ ਗ਼ਲਬਾਤ ਕਰਦਾ ਹੈ ਤਾਂ ਹੋਰ ਦੁੱਲਾ ਜਾਪਦਾ ਹੈ। ਜਦ ਅਕਬਰ ਨਾਲ ਸੰਵਾਦ ਰਚਾਉਂਦਾ ਹੈ ਤਾਂ ਅੰਦਾਜ਼ ਬਿਲਕੁਲ ਵੱਖਰਾ ਹੋ ਜਾਂਦਾ ਹੈ। ਕੀ ਦੁੱਲੇ ਨੂੰ ਏਨੇ ਰੂਪਾਂ ਵਿਚ ਪੇਸ਼ ਕਰਨਾ ਸੰਵਾਦਕ ਸ਼ਕਤੀ ਕਰਕੇ ਸੰਭਵ ਹੋਇਆ ਹੈ ?

ਬਲਦੇਵ: ਸੱਚੀ ਗੱਲ ਇਹ ਹੈ ਡਾਕਟਰ ਸਾਹਬ, ਇਹ ਨਾਵਲ ਲਿਖਦਿਆਂ ਮੈਨੂੰ ਬਹੁਤ ਆਨੰਦ ਆਇਆ। ਜਿਵੇਂ ਜਿਵੇਂ ਰਚਨਾਤਮਕ ਅਭਿਆਸ ਹੁੰਦਾ ਜਾਂਦਾ ਹੈ, ਜ਼ਿੰਦਗੀ ਦੇ ਅਨੁਭਵੀ ਯਥਾਰਥ ਦੀ ਡੂੰਘੀ ਪਕੜ ਕਰਨ ਦੀ ਜਾਚ ਵੀ ਆਉਂਦੀ ਜਾਂਦੀ ਹੈ। ਅੱਜੇ ਦੇ ਨਾਵਲ ਦਾ ਬਿਰਤਾਂਤ ਵੀ ਬਹੁ-ਕਥਾਈ ਹੋ ਗਿਆ ਹੈ। ਦੁੱਲਾ ਭੱਟੀ ਬਾਰੇ ਲਿਖਣ ਲਈ ਮੈਨੂੰ ਇਸ ਲਾਅ ਬਾਰੇ ਪੜ੍ਹਨਾ ਪਿਆ। ਕੁਰਾਨ ਸ਼ਰੀਫ ਦਾ ਪੰਜਾਬੀ ਅਨੁਵਾਦ ਮੈਨੂੰ ਪ੍ਰਾਪਤ ਨਹੀਂ ਹੋਇਆ, ਮੇਰੀ ਇੱਛਾ ਹੈ ਜਦ ਵੀ ਪ੍ਰਾਪਤ ਹੋਇਆ ਪੜ੍ਹਾਗਾਂ। ਇਸ ਲਾਅ ਧਰਮ ਬਾਰੇ, ਅੱਲਾਹ ਦੇ ਸੰਕਲਪ ਬਾਰੇ ਕਮਾਜ਼ ਬਾਰੇ, ਕਮਾਜ ਦੇ ਮਹੱਤਵ ਬਾਰੇ ਇਸ ਲਾਮ ਨਾਲ ਸਬੰਧਿਤ ਤਿਉਹਾਰਾਂ ਬਾਰੇ ਮੈਂ ਲਾਹੌਰ ਦੇ ਲੇਖਕ ਮਿੱਤਰਾਂ ਤੋਂ ਵੀ ਜਾਣਕਾਰੀ ਹਾਸਲ ਕਰਦਾ ਰਿਹਾ। ਇਧਰ ਮਲੇਰ ਕੋਟਲਾ ਜਾਕੇ ਜਮਾਅਤ ਇਸ ਲਾਮੀ ਹਿੰਦ, ਪੰਜਾਬ ਦੇ ਸਰਗਰਮ ਕਾਰਕੁੰਨਾ ਨੂੰ ਮਿਲਿਆ। ਜਾਣਿਆ ਇਸ ਲਾਮ ਵਿਚ ਜਮਾਅਤ ਨੂੰ ਬੜਾ ਮਹੱਤਵ ਦਿੱਤਾ ਗਿਆ ਹੈ। ਇਸ ਲਾਮ ਧਰਮ ਮੰਨਣ ਵਾਲਿਆਂ ਵਿਚ ਬੜੀ ਚਰਚਿਤ ਧਾਰਨਾ ਪ੍ਰਚਲਤ ਹੈ, 'ਜਮਾਅਤ ਸਾਡੇ ਇਸਲਾਮ ਨਹੀਂ 'ਤੇ ਅਮੀਰ ਬਾਡੋਂ ਜਮਾਅਤ ਨਹੀਂ। ਤਾਬੇਦਾਰੀ ਬਿਨਾ ਸਰਦਾਰੀ ਨਹੀਂ। ਇਹਨਾਂ ਮੁਲਾਕਾਤਾਂ ਦਾ ਚਿੱਟਾ ਹੈ, ਨਾਵਲ ਵਿਚ ਮੈਂ ਹਾਜੀ ਮੀਆਂ ਚਿਰਾਗਦੀਨ ਜਿਹਾ ਪਾਤਰ ਸਿਰਜ ਸਕਿਆ ਲੱਧੀ ਵਰਗੀ ਹੰਢੀ-ਵਰਤੀ ਸੜ੍ਹਕੇ ਵਰਗੀ ਔਰਤ ਜਿਸਨੇ ਹਥਾਤੀ ਦੇ ਵੱਡੇ ਸੁੱਖ ਅਤੇ ਘੋਰ ਸੰਕਟ ਆਪਣੇ ਉਪਰ ਝੱਲੇ ਦੇ ਪਾਤਰ ਨਾਲ ਇਕਸਾਫ਼ ਕਰ ਸਕਿਆਂ। ਸੰਵਾਦਾਂ ਨੂੰ ਮੈਂ ਪਾਤਰਾਂ ਦੇ ਸੁਭਾਅ ਅਨੁਸਾਰ ਉਹਨਾਂ ਦੀ ਬੁੱਧੀ ਅਨੁਸਾਰ ਅਤੇ ਸਮੇਂ ਅਨੁਸਾਰ ਵਰਤਣ ਦਾ ਯਤਨ ਕੀਤਾ ਹੈ। ਲੱਥੀ ਨੂੰ ਉਮਰ ਭਰ ਦਾ ਤਜ਼ਰਬਾ ਹੈ। ਦੁੱਲਾ ਸੁਭਾਅ ਅਨੁਸਾਰ ਅੱਖੜ ਅਤੇ ਹਮਲਾਵਰ ਰੁਚੀ ਦਾ ਹੈ। ਚਿਰਾਗਦੀਨ ਦਾ ਸੁਭਾਅ ਵਿਚ ਸਿਆਣਪ ਦਰਸ਼ਨ ਅਤੇ ਠਰੰਮਾਂ ਹੈ। ਇਵੇਂ ਫੁੱਲਰਾਂ ਨੂਰਾਂ ਜਾਂ ਲੜਕੀਆਂ ਦੀ ਭਾਸ਼ਾ ਅਤੇ ਸੰਵਾਦਾਂ ਦਾ ਖ਼ਿਆਲ ਰੱਖਿਆ ਹੈ। ਬੋਲ ਚਾਲ ਦੀ ਅਜਿਹੀ ਭਾਸ਼ਾ ਵਰਤੀ ਹੈ ਕਿ ਪਾਤਰ ਦੇ ਅੰਦਰਲੇ ਚਰਿਤਰ ਦਾ ਪ੍ਰਗਟਾਵਾ ਹੋ ਸਕੇ।

ਡਾ. ਸੰਧੂ: ਤੁਸੀਂ ਇਸ ਨਾਵਲ ਵਿਚ ਨੂਰਾਂ ਦਾ ਪਾਤਰ ਸਿਰਜਿਆ ਹੈ। ਨੂਰਾਂ ਅਤੇ ਦੁੱਲਾ ਭੱਟੀ ਦਾ ਪ੍ਰੇਮ ਪ੍ਰਸੰਗ ਕਿਸਾ ਗੱਲ ਦਾ ਸੰਕੇਤ ਜਾਂ ਪ੍ਰਤੀਕ ਬਣਦਾ ਹੈ। ਇਹ ਪਾਤਰ ਨਾਵਲ ਨੂੰ ਰੌਚਿਕ ਬਨਾਉਣ ਲਈ ਤਾਂ ਨਹੀਂ ਘੜਿਆ ?

ਬਲਦੇਵ: ਗੁਰੀਜਤ, ਜਦ ਮੈਂ ਲਾਹੌਰ ਤੋਂ ਪਾਕਿਸਤਾਨੀ ਫਿਲਮ ਦੁੱਲਾ ਭੱਟੀ ਮੰਗਵਾ ਕੇ ਵੇਖੀ ਉਦੋਂ ਲੱਗਿਆ ਇਸ ਪਾਤਰ ਦਾ ਦੁੱਲੇ ਦੀ ਕਹਾਣੀ ਵਿਚ ਕੀ ਰੋਲ ਹੋਏਗਾ ? ਆਪਣੇ ਕਿੱਸੇ ਵਿਚ ਕਿਸ਼ਨ ਸਿੰਘ ਵੀ ਨੂਰਾਂ ਦਾ ਜ਼ਿਕਰ ਨਹੀਂ ਕਰਦਾ। ਪਰ ਜਦ ਮੈਂ ਪਾਕਿਸਤਾਨ ਫੇਰੀ ਉਪਰ ਤਾਂ ਤੇ ਦੁੱਲਾ ਭੱਟੀ ਦੇ ਪਿੰਡ ਸਾਂ, ਉਦੋਂ ਪਤਾ ਚੱਲਿਆ, ਨੂਰਾਂ ਦੀ ਦੁੱਲਾ ਭੱਟੀ ਦੇ ਜੀਵਨ ਵਿਚ ਅਹਿਮ ਭੂਮਿਕਾ ਹੈ। ਝਨਾਂ ਦੇ ਇਸ ਪਾਰ ਦੁੱਲਾ ਭੱਟੀ ਦਾ ਪਰੀਵਾਰ ਹੈ। ਉਸਦੀ ਮਾਂ, ਉਸਦਾ ਭਰਾ, ਉਸਦੀ ਪਤਨੀ, ਧੀਆਂ ਪੱਤਰ। ਝਨਾਂ ਦੇ ਦੂਸਰੇ ਕੰਢੇ ਨੂਰਾਂ ਦਾ ਵਸੇਬਾ ਹੈ। ਦੁੱਲਾ ਆਪਣੇ ਯਾਰਾਂ ਬੇਲੀਆਂ ਵਿਚ ਅੱਖੜ ਅਤੇ ਨਿੱਡਰ ਕਰਕੇ ਜਾਣਿਆ ਜਾਂਦਾ ਹੈ। ਆਪਣੀ ਮਾਂ ਲੋਧੀ ਨਾਲ ਵੀ ਦੁਲੇ ਦਾ ਵਿਵਹਾਰ ਰੁੱਖਾ ਹੈ। ਪਤਨੀ ਫੁੱਲਰਾਂ ਨੂੰ ਵੀ ਉਹ ਖਾਵੰਦ ਵਾਲੇ ਰੋਹਬ ਨਾਲ ਮਿਲਦਾ ਹੈ। ਪਰ ਨੂਰਾਂ ਸਾਹਮਣੇ ਉਹ ਬੜਾ ਕਿਮਰ ਸਾਊ ਸੁਭਾਅ ਦਾ ਕੋਮਲ ਹਿਰਦੇ ਵਾਲਾ ਅਤੇ ਸਮੱਰਪਣ ਦੀ ਭਾਵਨਾ ਵਾਲਾ ਪ੍ਰੇਮੀ ਜਾਪਦਾ ਹੈ। ਨੂਰਾਂ ਸਾਹਮਣੇ ਹੁੰਦਿਆਂ ਹੀ ਪੱਥਰ ਸੁਭਾਅ ਪਿਘਲਣ ਲਗਦਾ ਹੈ। ਦੁੱਲਾ ਉਸਦਾ ਸੁਭਾਅ ਉਠਾਉਂਦਾ ਹੈ। ਉਸਦੇ ਪੈਰਾਂ ਥੱਲੇ ਤਲੀਆਂ ਦਿੰਦਾ ਹੈ। ਨੂਰਾਂ ਸਾਹਮਣੇ ਉਸਦਾ ਸੁਭਾਅ ਇਹ ਜ਼ਾਹਰ ਕਰਦਾ ਹੈ। ਕਿ



ਇਕ ਕਠੋਰ-ਚਿੱਤ ਸੂਰਮਾ ਵੀ ਕੋਮਲ ਦਿਲ ਰਖਦਾ ਹੈ। ਜੇ ਉਹ ਆਪਣੇ ਸੁਪਨਿਆਂ ਦਾ ਸੰਸਾਰ ਸਿਰਜਲਵੇ, ਜਿਥੇ ਹਰ ਇਕ ਨੂੰ ਆਪਣਾ ਹੱਕ ਮਿਲੇ। ਗਰੀਬਾਂ, ਕਮਜ਼ੋਰਾਂ ਉਪਰ ਜ਼ੁਲਮ ਨਾ ਹੋਣ। ਕਿਸਾਨਾਂ ਰਾਹਕਾਂ ਤੋਂ ਕੋਈ ਜਬਰੀ ਲਗਾਨ ਵਸੂਲ ਨਾ ਕਰੇ। ਕੋਈ ਕਿਸਾਂ ਨੂੰ ਬੇ-ਵਜਾਹ ਧੌਂਸਾਂ ਨਾ ਦੇਵੇ ਤਾਂ ਦੁੱਲਿਆਂ ਅਤੇ ਨੂਰਾਂ ਵਰਗੀਆਂ ਰੂਹਾਂ ਦੀ ਵਸਾਈ ਦੁਨੀਆਂ ਕਿੰਨੀ ਹੁਸੀਨ ਹੋਵੇਗੀ। ਜਿਥੇ ਤਖਤਾਂ ਦਾ ਕੋਈ ਡਰ-ਭੈਅ ਨਹੀਂ ਹੋਵੇਗਾ। ਨਾ ਕੋਈ ਰਾਜਾ ਹੋਵੇਗਾ ਨਾ ਕੋਈ ਰੰਕ ਹੋਵੇਗਾ। ਸਭ ਬਰਾਬਰ ਹੋਣਘੇ। ਨੂਰਾਂ ਅਤੇ ਦੁੱਲਾ ਭਟੀ ਦਾ ਪ੍ਰੇਮ-ਪ੍ਰਸੰਗ ਅਜਿਹੇ ਹੀ ਖ਼ੂਬਸੂਰਤ ਸਮਾਜ ਸਿਰਜਣ ਵੱਲ ਸੰਕੇਤ ਕਰਦਾ ਹੈ, ਕਿ ਮਹੁੱਬਤਾ ਦੇ ਮੌਸਾਗਾਂ ਉਪਰ ਬਾਦਸ਼ਾਹਾਂ ਦੇ ਕਹਿਰ ਦੀ ਬਿਜਲੀ ਨਾ ਡਿੱਗੇ।

ਡਾ. ਸੰਧੂ: ਜਿਸ ਤਰ੍ਹਾਂ ਤੁਸੀਂ ਨੂਰਾਂ ਪਾਤਰ ਦੀ ਭੂਮਿਕਾ ਦਾ ਜ਼ਿਕਰ ਕੀਤਾ ਹੈ, ਇਸੇ ਹੀ ਪ੍ਰਕਾਰ ਇਸ ਨਾਵਲ ਵਿਚ, ਸਾਹ ਹੁਸੈਨ ਦੀ ਖਾਸ ਭੂਮਿਕਾ ਦਿਸਦੀ ਹੈ। ਤੁਸੀਂ ਇਸ ਸੂਫੀ ਕਵੀ ਦੀ ਸ਼ਖਸੀਅਤ ਅਤੇ ਰਚਨਾ ਨੂੰ ਕਿਹੜੇ ਖਾਸ ਕਾਰਨਾ ਕਰਕੇ ਵਰਤਿਆ ਹੈ ?

ਬਲਦੇਵ: ਸ਼ਾਹ ਹੁਸੈਨ ਦਾ ਦੁੱਲਾ ਭੱਟੀ ਅਤੇ ਅਖਬਰ ਦਾ ਸਮਕਾਲੀ ਹੋਣਾ ਇਕ ਵੱਡੀ ਘਟਨਾ ਹੈ। ਇਹ ਫਕੀਰ ਮਸਤ-ਮੌਲੇ ਸੁਭਾਗ ਦੀ ਅਤੇ ਰਾਜਸੀ ਕਾਇਦੇ ਕਾਨੂੰਨ ਤੋਂ ਨਾਬਰ ਸੀ। ਇਹ ਸ਼ਰੇਆਮ ਪਰਚਾਰਦਾ ਸੀ ਕਿ ਮਹਿਲ ਮਾੜੀਆਂ ਸਭ ਮਿੱਟੀ ਵਿਚ ਆਖਰ ਮਿਲ ਜਾਣੀਆਂ ਹਨ। ਬੰਦੇ ਨੇ ਕਬਰੀ ਜਾਂ ਪੈਣਾ ਹੈ, ਫਿਰ ਏਨੇ ਸਭਿਆਚਾਰ ਮਨੌਰ ਜੁਲਮ ਹਾਕਮ ਕਿਉਂ ਕਰਦਾ ਹੈ। ਸੂਹੀਆਂ ਨੇ ਬਾਦਸ਼ਾਹ ਦੇ ਕੰਨ ਭਰੇ ਸਾਹ ਹੁਸੈਨ ਬਾਗ਼ੀ ਦੁੱਲਾ ਭੱਟੀ ਨਾਲ ਮਿਲਿਆ ਹੋਇਆ ਹੈ। ਉਸਦੀ ਪੇਸ਼ੀ ਵੀ ਹੋਈ, ਕੈਦ ਵੀ ਕੀਤਾ। ਪਰ ਸਾਈਂ ਫਕੀਰ ਨੇ ਕਿਸੇ ਦੀ ਪਰਵਾਹ ਨਾ ਕੀਤੀ। ਜਦ ਦੁੱਲੇ ਨੂੰ ਫਾਂਸੀ ਦਿੱਤੀ ਜਾ ਰਹੀ ਸੀ ਤਾਂ ਇਹ ਫਕੀਰ ਲੋਕਾਂ ਦੀ ਭੀੜ ਵਿਚ ਖੜ੍ਹਾ ਅਕਬਰ ਨੂੰ ਗਾਲ੍ਹਾਂ ਕੱਢ ਰਿਹਾ ਸੀ। ਇਹ ਇਤਿਹਾਸਕ ਤੱਥ ਨੇ। ਮੇਰੇ ਲਈ ਇਹ ਬੜਾ ਜ਼ਰੂਰੀ ਸੀ, ਨਾਵਲ ਵਿਚ ਗੱਲ ਦੁੱਲਾ ਭੱਟੀ ਬਾਰੇ ਹੋਣੀ ਹੈ ਤਾਂ ਸ਼ਾਹ ਹੁਸੈਨ ਇਸ ਨਾਵਲ ਦੀ ਅਹਿਮ ਕੜੀ ਬਣੇ। ਸ਼ਾਹ ਹੁਸੈਨ ਦਾ ਕੋਤਵਾਲ ਨੂੰ ਮਿਲਣਾ, ਅਕਬਰ ਦੇ ਦਰਬਾਰ ਵਿਚ ਜਾਣਾ ਲਾਹੌਰ ਦੀਆਂ ਸੜਕਾਂ ਉਪਰ ਖਰਬੂਜੇ ਵੇਚਣਾ, ਦੁੱਲਾ ਭੱਟੀ ਦੇ ਪਿੰਡ ਜਾਕੇ ਵਜਦ ਵਿਚ ਕੱਚਣਾ, ਇਹ ਬਿਰਤਾਂਤ ਸਿਰਜਣ ਵਿਚ ਮੇਰੀ ਲਾਹੌਰ-ਫੇਰੀ ਬੜੀ ਸਹਾਈ ਹੋਈ। ਮੈਂ ਸ਼ਾਹੀ ਕਿਲੇ ਦੀ ਉਹ ਥਾਂ ਵੇਖੀ, ਜਿਥੇ ਦੁੱਲੇ ਨੂੰ ਫਾਂਸੀ ਦਿੱਤੀ ਗਈ ਸੀ। ਜੇ ਇਸ ਨਾਵਲ ਵਿਤ ਸ਼ਾਹ-ਹੁਸੈਨ ਦੀ ਸਮੂਲੀਅਤ ਨਾ ਹੁੰਦੀ ਤਾਂ ਸਮੁੱਚੀ ਕਥਾ ਵਿਚ ਇਕ ਖਾਈ ਨਜ਼ਰ ਆਉਣੀ ਸੀ। ਸ਼ਾਹ ਹੁਸੈਨ ਇਸ ਵਰਤਾਰੇਏ ਦਾ ਇਕ ਅਜਿਹਾ ਪਾਤਰ ਸੀ, ਜਿਸਦੀ ਬੇਹੱਦ ਲੋੜ ਸੀ ਤੇ ਇਸ ਬਾਦਸ਼ਾਹੀ ਨਿਜਾਮ ਦੀ ਰਹਿਤਲ ਵਿਚ ਇਕ ਕੜੀ ਵਾਂਗ ਫਸਿਆ ਹੋਇਆ ਸੀ। ਕਿਉਂਕਿ ਦੁੱਲਾ ਭੱਟੀ ਸ਼ਾਹ ਹੁਸੈਨ ਅਤੇ ਉਸਦਾ ਮੁਰਸਦ ਭਾਈ ਬਹਿਲੋਲ, ਇਹ ਤਿੱਕੜੀ ਮਿਲਕੇ ਪਰਜਾ ਨੂੰ ਅੰਦਰੋਂ ਅਤੇ ਬਾਹਰੋਂ ਬਾਦਸ਼ਾਹੀ ਸੱਤਾ ਤੋਂ ਬਾਸ਼ੀ ਬਣਾ ਕੇ ਅਕਬਰ ਰਾਜ ਦੀਆਂ ਨੀਹਾਂ ਹਿਲਾਉਣ ਲੱਗੀ ਹੋਈ ਸੀ।

ਡਾ. ਸੰਧੂ: ਬਲਦੇਵ ਜੀ, ਵਿਸ਼ਵੀਕਰਣ ਦੇ ਦੌਰ ਵਿਚ ਜਦ ਵਿਸ਼ਵ ਪੱਧਰ ਦਾ ਨਾਵਲ ਦਾਰਸਨਿਕ ਅਤੇ ਵਿਚਾਰਧਰਾਈ ਪ੍ਰਕਾਰਜ ਵੱਲ ਰੁਚਿਤ ਹੈ। ਤੁਹਾਡੇ ਇਸ ਨਾਵਲ ਵਿਚ ਵੀ ਬਹੁਤ ਥਾਈ ਦਾਰਸਨਿਕ ਸੰਕੇਤ ਮਿਲਦੇ ਹਨ। ਤੁਸੀਂ ਇਸ ਨਾਵਲ ਵਿਚ ਸੁਚੇਤ ਹੋਕੇ ਅਜਿਹਾ ਕੀਤਾ ਹੈ ਜਾਂ ਵਿਸ਼ਾ ਵਸਤੂ ਅਤੇ ਪ੍ਰਸਥਿਤੀਆਂ ਬਿਆਨ ਦਿਆਂ ਅਚੇਤ ਹੀ ਦਰਸ਼ਨ ਦੀ ਰੰਗਤ ਆ ਗਈ ?

ਬਲਦੇਵ: ਸੰਧੂ ਜੀ ਇਹਦੇ ਵਿਚ ਦੋ ਰਵਾਂ ਨਹੀਂ ਕਿ ਜ਼ਿੰਦਗੀ ਦਾ ਅਨੁਭਵ ਅਤੇ ਖੋਜੀ ਬਿਰਤੀ ਮਨੁੱਖ ਨੂੰ ਬੜਾ ਕੁਝ ਸਿਖਾਉਂਦੀ ਹੈ। ਪੰਜਾਬੀ ਨਾਵਲ ਉਪਰ ਦਰਸ਼ਨ ਦੀ ਘਾਟ ਦਾ ਇਲਜ਼ਾਮ ਲਗਦਾ ਰਿਹਾ ਹੈ। ਸਾਡੇ ਵਿਦਵਾਨ ਆਮ ਹੀ ਕਹਿੰਦੇ ਸੁਣੇ ਹਨ, ਪੰਜਾਬੀ ਨਾਵਲ ਵਿਚ ਦਾਰਸਨਿਕ ਗਹਿਰਾਈ ਦੀ ਘਾਟ ਰੜਕਦੀ ਹੈ। ਮੈਂ ਸਗੜਦਾ ਹਾਂ ਇਹ ਘਾਟ ਜ਼ਜਬੇ ਅਤੇ ਸਿੱਦਤ ਨਾਲ ਜੁੜਕੇ

ਹੀ ਨਾਵਲ ਵਿਚ ਕਾਵਿਕ ਉਚਾਈ ਦਾ ਗੁਣ ਪੈਦਾ ਕੀਤਾ ਜਾ ਸਕਦਾ ਹੈ। ਲੇਖਕ ਦੇ ਨਿੱਜੀ ਤਜ਼ੁਰਬੇ ਚੁਣੇ ਵੇਖੇ ਤਜ਼ੁਰਬੇ, ਚੰਗੀਆਂ ਪੁਸਤਕਾਂ ਦਾ ਅਧਿਐਨ ਅਤੇ ਮਹਿਸੂਸ ਕਰਨ ਦੀ ਸ਼ਕਤੀ ਰਚਨਾ ਨੂੰ ਕਲਾਤਮਕ ਬਣਾਉਂਦੀ ਹੈ। ਜ਼ਿੰਦਗੀ ਦਾ ਸੱਚ ਜ਼ਿੰਦਗੀ ਵਿਚੋਂ ਹੀ ਪੈਂਦਾ ਹੈ, ਲੇਖਕ ਨੂੰ ਪੈਦਾ ਕਰਨ ਦੀ ਜਾਚ ਆਉਣੀ ਚਾਹੀਦੀ ਹੈ। ਇਹ ਨਾਵਲ ਇਸ ਦਰਸ਼ਨ ਤੇ ਉਚਰਿਆ ਹੈ ਕਿ ਜੰਗ ਜਾਂ ਤੋਪਾਂ ਕਿਲੇ ਢਾਹ ਸਕਦੀਆਂ ਹਨ, ਪਰ ਵਿਚਾਰਾਂ ਨੂੰ ਤਬਾਹ ਨਹੀਂ ਕਰ ਸਕਦੀਆਂ। ਨਗਰ ਢਹਿ ਜਾਣ, ਕਿਲ੍ਹੇ ਢਹਿ ਜਾਣ ਪਰ ਮਨੁੱਖ ਦਾ ਸਾਹਸਾ ਨਹੀਂ ਢਹਿਣਾ ਚਾਹੀਦਾ। ਰਾਜੇ ਪ੍ਰਮਾਤਮਾ ਜਾਂ ਖ਼ੁਦਾ ਨੇ ਨਹੀਂ ਬਮਾ ਕੇ ਭੇਜੇ ਹੁੰਦੇ, ਤਖ਼ਤਾਂ ਉਪਰ ਬੈਠਣ ਲਈ ਉਹਨਾਂ ਨੇ ਸੈਕੜੇਂ ਹਜ਼ਾਰਾਂ ਨਿਰਦੋਸ਼ ਲੋਕਾਂ ਦੇ ਖ਼ੂਨ ਨਾਲ ਹੱਥ ਰੰਗੇ ਹੁੰਦੇ ਹਨ।

ਡਾ. ਸੰਧੂ: ਬਲਦੇਵ ਜੀ ਮੈਂ ਸਮਝਦਾ ਹਾਂ, ਇਛਾ ਨਾਵਲ ਬਾਰੇ ਬੜਾ ਕੁਝ ਪੁੱਛਿਆ ਜਾਂ ਚੁੱਕਾ ਹੈ, ਆਖਰੀ ਸਵਾਲ ਇਹ ਹੈ, ਤੁਸੀਂ ਨਾਵਲ ਦੇ ਕਿਸਾ ਵਿਚਾਰਧਾਰਾ ਨਾਲ ਸੰਬੰਧ ਮੰਨਦੇ ਹੋ ? ਇਹ ਇਤਿਹਾਸਕ ਨਾਵਲ ਹੈ ਜਾਂ ਸਿਰਜਣਾ ?

ਬਲਦੇਵ: ਡਾਕਟਰ ਸਾਹਿਬ ਆਪਣੇ ਵਲੋਂ ਤਾਂ ਮੈਂ ਇਹ ਸਿਰਜਣਾ ਹੀ ਕੀਤੀ ਹੈ। ਮੈਂ ਤਾਂ ਸਮਝਦਾ ਨਾਵਲ ਇਤਿਹਾਸਕ ਹੋਵੇ, ਧਾਰਮਿਕ ਹੋਵੇ ਜਾਂ ਸਮਾਜਕ ਸਿਰਜਣਾ ਹੀ ਹੁੰਦਾ ਹੈ। ਦੂਸਰੀ ਗੱਲ ਇਹ ਵੀ ਹੈ, ਆਲੋਚਨਾਂ ਜਾਂ ਵਿਦਵਾਨਾਂ ਨੇ ਰਚਨਾ ਬਾਰੇ ਫਤਵੇ ਵੀ ਜਾਰੀ ਕਰਕੇ ਹੁੰਦੇ ਹਨ, ਇਹ ਵੀ ਆਲੋਚਨਾ ਦਾ ਹਿਸਾ ਹੈ। ਉਹਨਾਂ ਨੇ ਨਾਵਲ ਜਾਂ ਰਚਨਾ ਵਿਚੋਂ ਬੜਾ ਕੁਝ ਲੱਭਣਾ ਹੁੰਦਾ ਹੈ, ਜਿਹੜਾ ਪਾਠਕ ਨੂੰ ਨਹੀਂ ਦਿੱਸਦਾ ਜਾਂ ਜਿਥੋਂ ਤੀਕਰ ਪਾਠਕ ਪਹੁੰਚ ਨਹੀਂ ਸਕਦਾ। ਉਂਜ ਇਕ ਵਾਕ ਵਿਚ ਕਹਿਣਾ ਹੋਣ, "ਢਾਹਵਾਂ ਦਿੱਲੀ ਕਿੰਗਰੇ" ਸੱਤਾ ਤੋਂ ਨਾਬਰੀ ਦੀ ਲੜਾਈ ਹੈ। ਲੇਖਕ, ਇਕ ਨਾਇਕ ਜਾਂ ਸਮਾਂ ਜਾਂ ਪ੍ਰਸਥਿਤੀਆਂ/ਘਟਨਾਵਾਂ ਦੀ ਚੋਣ ਕਰਦਾ ਹੈ। ਆਪਣੇ ਵੱਲੋਂ ਤਾਂ ਲੇਖਕ ਸਿਰਜਣਾ ਹੀ ਕਰਦਾ ਹੈ। ਮੇਰੇ ਦੂਸਰੇ ਨਾਵਲ, "ਪੰਜਵਾਂ ਸਹਿਬਜਾਦਾ". ਜਾਂ "ਸਤਲੁਜ ਵਹਿੰਦਾ ਰਿਹਾ" ਜਾ ਹੁਣ ਵਾਲਾ ਇਹ ਨਾਵਲ ਜਿਸ ਬਾਰੇ ਆਪਾਂ ਚਰਚਾ ਕਰ ਰਹੇ ਹਾਂ, ਇਹਨਾਂ ਨੂੰ ਇਤਿਹਾਸਕ ਜਾਂ ਹੋਰ ਵਰਗ ਵਿਚ ਸ਼ਾਮਲ ਕਰਨਾ ਮੇਰਾ ਕਾਰਜ ਖੇਤਰ ਨਹੀਂ ਹੈ। ਆਲੋਚਕ/ਵਿਦਵਾਨ ਜਾਂ ਹੋਰ ਇਹਨਾਂ ਨੂੰ ਇਤਿਹਾਸਕ ਨਾਵਲਾਂ ਦਾ ਦਰਜਾ ਦਿੰਦੇ ਹਨ ਤਾਂ ਸਵੀਕਾਰ ਕਰ ਲੈਂਦਾ ਹੈ, ਕਿਉਂਕਿ ਇਸ ਮਾਮਲੇ ਵਿਚ ਉਹ ਮੇਰੇ ਨਾਲੋਂ ਵਧੇਰੇ ਸਿਆਣੇ ਹਨ। ਪਰ ਮੇਰੀ ਨਿੱਜੀ ਰਾਇ ਵਿਚ, ਮੇਰੇ ਦੂਸਰੇ ਨਾਵਲਾਂ ਵਾਂਗ ਇਹ ਮੇਰੀ ਸਿਰਜਣਾ ਹੀ ਹੈ, ਜਿਨ੍ਹਾਂ ਵਿਚ ਬਹੁਤ ਕੁਝ ਗਾਲਪਨਿਕ ਹੈ।

ਡਾ. ਸੰਧੂ: ਬਲਦੇਵ ਸਿੰਘ ਏਨਾ ਸਮਾਂ ਦੇਣ ਲਈ ਤੁਹਾਡਾ ਧੰਨਵਾਦ। ਮੈਨੂੰ ਆਸਾ ਹੈ, ਆਪਣੀਆਂ ਇਹ ਗੈਰ-ਰਸਮੀ ਜਿਹੀ ਗੱਲਾਂ ਪਾਠਕਾਂ ਨੂੰ ਪਸੰਦ ਆਉਣਗੀਆਂ। ਧੰਨਵਾਦ:

## ਯੁੱਗ ਅੰਤ : ਮਨਮੋਹਨ ਬਾਵਾ ਨਾਲ ਮੁਲਾਕਾਤ

?. ਹੁਣ ਮੈਂ ਤੁਹਾਡੇ ਤੀਜੇ ਨਾਵਲ 'ਯੁੱਗ-ਅੰਤ' ਵੱਲ ਆਉਂਦਾ ਹਾਂ। 'ਯੁੱਗ-ਅੰਤ' ਨਾਵਲ ਨੂੰ ਲਿਖਣ ਦਾ ਤੁਹਾਡਾ ਮੁੱਖ ਮੰਤਵ ਕੀ ਸੀ।

– ਇਸ ਨਾਵਲ ਦੇ ਲਿਖਣ ਦਾ ਮੁੱਖ ਮੰਤਵ ਇਸ ਪ੍ਰਸ਼ਨ ਦੇ ਉੱਤਰ ਦੀ ਤਲਾਸ਼ ਹੈ ਕਿ ਉਹ ਕੀ ਕਾਰਨ ਸਨ ਕਿ ਉਹ ਸਿੱਖ ਕੌਮ, ਜੋ ਆਪਣੀ ਹੋਂਦ ਕਾਇਮ ਰੱਖਣ ਲਈ ਸੌ, ਡੇਢ ਸੌ ਵਰ੍ਹਿਆਂ ਤੱਕ ਜ਼ੁਲਮੀ ਤਾਕਤਾਂ ਨਾਲ ਲੜਦੀ ਅਤੇ ਕੁਰਬਾਨੀਆਂ ਦੇਂਦੀ ਰਹੀ, ਤੇ ਫੇਰ ਇਕ ਲੰਮੀ ਜਦੋਜਹਿਦ ਦੇ ਬਾਅਦ ਪੰਜਾਬ 'ਚ ਆਪਣਾ ਰਾਜ ਸਥਾਪਤ ਕਰਨ 'ਚ ਕਾਮਯਾਬ ਹੋਈ, ਜਿਨ੍ਹਾਂ ਦੀਆਂ



ਵਿਅਕਤੀਗਤ ਵਿਸ਼ੇਸ਼ਤਾਵਾਂ, ਬਹਾਦਰੀ ਅਤੇ ਚਰਿੱਤਰ ਇਕ ਮਸਾਲ ਬਣ ਗਿਆ ਪਰ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਦੇ ਸੱਤ-ਅੱਠ ਵਰ੍ਹਿਆਂ ਬਾਅਦ ਸਿੱਖ ਰਾਜ ਦੇ ਨਾਲ ਨਾਲ ਹੋਰ ਵੀ ਬਹੁਤ ਕੁਝ ਦਾ ਅੰਤ ਹੋ ਗਿਆ।

? ਇਸ ਨਾਵਲ ਵਿੱਚ ਤੁਸੀਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਪਿੱਛੋਂ ਦੀਆਂ ਘਟਨਾਵਾਂ ਤੇ ਪ੍ਰਚਲਤ ਇਤਿਹਾਸ ਨੂੰ ਨਵੇਂ ਅਰਥ ਦੇਣ ਦਾ ਯਤਨ ਕੀਤਾ ਹੈ। ਇਸ ਵਿੱਚ ਸਭ ਤੋਂ ਪਹਿਲਾਂ ਤੁਸੀਂ ਮਹਾਰਾਜਾ ਰਣਜੀਤ ਸਿੰਘ ਦੀ ਕੋਈ ਧੀ ਜਾਂ ਪੋਤਰੀ ਨੂੰ ਆਪਣਾ ਇਕ ਮੁੱਖ ਪਾਤਰ ਬਣਾਇਆ ਹੈ। ਇਸ ਦਾ ਕੀ ਆਧਾਰ ਹੈ।

–ਇਸ ਬਾਰੇ ਨਾਵਲ ਦੇ ਆਰੰਭ ਵਿੱਚ ਹੀ ਮੈਂ ਇਹ ਸਵਾਲ ਉਠਇਆ ਹੈ ਕਿ ਰਣਜੀਤ ਸਿੰਘ ਦੀਆਂ ਅੱਠ ਵਿਆਹੁਤ ਰਾਣੀਆਂ ਦੀ ਅਤੇ ਉਸ ਦੇ ਪੁੱਤਰਾਂ ਦੀਆਂ ਪਤਨੀਆਂ ਦੀ ਕੁੱਖੋਂ, ਪੁੱਤਰਾਂ ਹੀ ਨੇ ਜਨਮ ਲਿਆ ? ਕੋਈ ਧੀ ਕਿਉਂ ਨਹੀਂ ਪੈਦਾ ਹੋਈ ? ਜੇ ਹੋਈ ਤਾਂ ਉਹ ਕੌਣ ਸੀ ਅਤੇ ਕਿੱਥੇ ਗਈ ? ਇਹ ਸਵਾਲ ਇਤਿਹਾਸਕ ਘੱਟ ਅਤੇ ਸਮਾਜਕ ਜ਼ਿਆਦਾ ਹੈ।

? ਇਸ ਤੋਂ ਇਲਾਵਾ ਵੀ ਤੁਸੀਂ ਇਸ ਨਾਵਲ 'ਚ ਮਹਾਰਾਜਾ ਰਣਜੀਤ ਸਿੰਘ ਬਾਰੇ ਪ੍ਰਚਲਤ ਇਤਿਹਾਸ ਨੂੰ ਨਵੇਂ ਅਰਥ ਦਿੱਤੇ ਤੇ ਕਈ ਮਿੱਥਾਂ ਨੂੰ ਤੋੜਿਆ ਹੈ।

— ਪਹਿਲੀ ਗੱਲ ਤੇ ਇਹ ਕਿ ਮੈਂ ਨਵੇਂ ਅਰਥ ਦਿੱਤੇ ਅਤੇ ਮਿੱਥਾਂ ਨੂੰ ਤੋੜਿਆ ਨਹੀਂ ਬਲਕਿ ਉਨ੍ਹਾਂ ਦਾ ਇਤਿਹਾਸਿਕ ਸਚਾਈ ਦੇ ਪੱਖ ਤੋਂ ਵਿਸ਼ਲੇਸ਼ਣ ਕੀਤਾ ਹੈ। ਸਾਡੇ ਬਹੁਤ ਸਾਰੇ ਇਤਿਹਾਸਕਾਰ ਹਾਲੇ ਤੱਕ ਸ਼ਰਧਾ ਭਾਵ ਅਧੀਨ ਰਣਜੀਤ ਸਿੰਘ ਦੀਆਂ ਖ਼ੂਬੀਆਂ, ਪ੍ਰਾਪਤੀਆਂ ਦਾ ਬਖਾਨ ਹੀ ਕਰਦੇ ਆਏ ਹਨ ਅਤੇ ਉਸ ਦੀਆਂ ਖ਼ਾਮੀਆਂ-ਕਮਜ਼ੋਰੀਆਂ ਨੂੰ ਦਰੀ ਥੱਲੇ ਲਕੋਂਦੇ ਆਏ ਹਨ। ਆਪਣੇ ਨਾਵਲ ਦੁਆਰਾ ਮੈਂ ਪਾਠਕਾਂ ਨੂੰ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਚਾਹੇ ਮਹਾਰਾਜਾ ਰਣਜੀਤ ਸਿੰਘ ਪੰਜਾਬ 'ਚ ਇਕ ਸਿੱਖ ਰਾਜ ਕਾਇਮ ਕਰਨ 'ਚ ਕਾਮਯਾਬ ਹੋਇਆ, ਪਰ ਇਸ ਰਾਜ ਦੀ ਨੀਂਹ ਸ਼੍ਰੀ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਬੰਦਾ ਬਹਾਦਰ ਨੇ ਰੱਖੀ ਅਤੇ ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ ਵਰਗੀਆਂ ਮਿਸਲਾਂ ਦੀ ਵਰ੍ਹਿਆਂ, ਦਹਾਕਿਆਂ ਦੀ ਜਦੋਜਹਿਦ, ਕੁਰਬਾਨੀਆਂ ਨੇ ਇਸ ਦੀ ਉਸਾਰੀ ਕੀਤੀ........। ਅਤੇ ਇਹ ਵੀ ਕਿ ਰਣਜੀਤ ਸਿੰਘ ਦੀ ਮੌਤ ਦੇ ਨਾਲ ਹੀ ਨਾਲ ਉਸ ਯੁੱਗ ਦਾ ਅੰਤ ਹੋ ਗਿਆ ਜਿਸ ਦੀ ਬਹੁਤ ਸਾਰੀ ਜ਼ੁੰਮੇਵਾਰੀ ਰਣਜੀਤ ਸਿੰਘ ਦੇ ਸਿਰ ਹੀ ਜਾਂਦੀ ਹੈ, ਜਾਂ ਫੇਰ ਉਸ ਵੇਲੇ ਦੇ ਸਿੱਖ ਸਰਦਾਰਾਂ, ਪਤਵੰਤਿਆਂ ਦੇ ਸਿਰ।

? 'ਯੁੱਗ-ਅੰਤ' ਨਾਵਲ 'ਚ ਤੁਸੀਂ ਬਹੁਤ ਸਾਰੀਆਂ ਐਸੀਆਂ ਗੱਲਾਂ, ਤੱਥਾਂ ਦਾ ਜ਼ਿਕਰ ਕੀਤਾ ਹੈ ਜੋ ਆਮ ਪਾਠਕ ਨੂੰ ਨਹੀਂ ਪਤਾ। ਕੀ ਤੁਹਾਡਾ ਇਹ ਬਿਰਤਾਂਤ ਇਤਿਹਾਸਕ ਤੱਥਾਂ ਤੇ ਆਧਾਰਿਤ ਹੈ ਜਾਂ ਇਹ ਤੁਹਾਡੇ ਆਪਣੇ ਅਨੁਮਾਨ ਜਾਂ ਕਲਪਨਾ ਹੈ।

– ਇਹ ਸਵਾਲ ਮੈਨੂੰ ਹੋਰ ਕਈਆਂ ਨੇ ਵੀ ਕੀਤਾ ਸੀ, ਇਸ ਨਾਵਲ ਦਾ ਖਰੜਾ ਪੜ੍ਹਦਿਆਂ। ਚਾਹੇ ਨਾਵਲ ਲਿਖਣ ਲੱਗਿਆਂ ਨਾਵਲਕਾਰ ਲਈ ਇਹ ਜ਼ਰੂਰੀ ਨਹੀਂ, ਅਤੇ ਨਾ ਹੀ ਕੋਈ ਰਵਾਜ਼ ਹੈ, ਫੇਰ ਵੀ ਮੈਂ ਉਨ੍ਹਾਂ ਕੁਝ ਪੁਸਤਕਾਂ ਦੀ ਇਕ ਸੂਚੀ ਦੇ ਦਿੱਤੀ ਹੋਈ ਹੈ, ਨਾਵਲ ਦੇ ਅੰਤ ਵਿੱਚ। ਇਸ ਨਾਵਲ 'ਚ ਬਹੁਤ ਸਾਰੀਆਂ ਘਟਨਾਵਾਂ ਅਤੇ ਪਾਤਰ ਇਤਿਹਾਸਕ ਹਨ, ਅਤੇ ਵਾਸਤਵਿਕਤਾ ਦੇ ਬਹੁਤ ਨੇੜੇ, ਚਾਹੇ ਇਕ ਨਾਵਲਕਾਰ ਵਾਂਗ ਮੈਂ ਇਸ ਨਾਵਲ ਦੇ ਬਿਰਤਾਂਤ ਦਾ ਤਾਣਾ-ਬਾਣਾ ਬੁਣਦਿਆਂ ਕਈ ਖੁੱਲ੍ਹਾਂ ਲਈਆਂ ਅਤੇ ਕਲਪਨਾ ਦੇ ਘੋੜੇ ਦੌੜਾਏ ਹਨ।

? ਇਸ ਨਾਵਲ ਵਿੱਚ ਕੀਰਤ ਸਿੰਘ ਨਾਂ ਦਾ ਪਾਤਰ ਮਨੁੱਖੀ ਸਚਾਈ ਦੇ ਬਹੁਤ ਨੇੜੇ ਹੈ। ਉਹ ਸਭ ਕੁਝ ਕਰਦਾ ਹੈ ਜਿਹੜਾ ਇਕ ਆਮ ਆਦਮੀ ਕਰਦਾ ਹੈ। ਕੀ ਇਸ ਤਰ੍ਹਾਂ ਦਾ ਜਾਂ ਇਸ ਨਾਂ ਦਾ ਕਿਰਦਾਰ ਸੱਚਮੁਚ ਸਿੱਖ ਇਤਿਹਾਸ 'ਚ ਕੋਈ ਸੀ।

–ਪਹਿਲੀ ਗੱਲ ਤੇ ਇਹ ਕਿ ਦੁਨੀਆ ਦੇ ਇਤਿਹਾਸ 'ਚ ਅਨੇਕਾਂ ਐਸੇ ਮਹਾਂ–ਨਾਇਕ ਹੋ ਗੁਜ਼ਰੇ ਹਨ ਜਿਨ੍ਹਾਂ ਦਾ ਨਾਮ ਇਤਿਹਾਸ ਦੇ ਪੰਨਿਆਂ ਤੇ ਨਹੀਂ ਆਉਂਦਾ। ਫੇਰ ਵੀ ਇਸ ਸੰਦਰਭ 'ਚ ਮੈਂ ਇਕ ਨਾਇਕ 'ਭਾਈ ਮਹਾਰਾਜ ਸਿੰਘ' ਦਾ ਨਾਮ ਲੈ ਸਕਦਾ ਹਾਂ, ਜਿਸ ਬਾਰੇ ਇਕ ਪੁਸਤਕ ਦਾ ਜ਼ਿਕਰ ਮੈਂ ਆਪਣੀ ਸੂਚੀ 'ਚ ਕੀਤਾ ਹੈ। ਪਰ ਆਮ ਕਰਕੇ ਮੈਂ ਇਸ ਤਰ੍ਹਾਂ ਦੇ ਇਤਿਹਾਸਕ ਪਾਤਰਾਂ ਨੂੰ ਆਪਣੀ ਰਚਨਾ ਦਾ ਮੁਖ ਪਾਤਰ ਬਣਾਉਣ ਤੋਂ ਗੁਰੇਜ਼ ਕਰਦਾ ਹਾਂ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਮੈਂ ਆਪਣੇ ਨਾਵਲ ਦਾ ਬਿਰਤਾਂਤ ਸਿਰਜਦਿਆਂ ਕਈ ਖੁੱਲ੍ਹਾਂ ਲੈ ਸਕਦਾ ਹਾਂ।

? ਇਤਿਹਾਸ ਨੂੰ ਗਲਪ 'ਚ ਢਾਲਣ ਲਈ ਤੁਸੀਂ ਕਿਹੜੀਆਂ–ਕਿਹੜੀਆਂ ਜੁਗਤਾਂ ਦੀ ਵਰਤੋਂ ਕਰਦੇ ਹੋ।

–ਇਹ ਪ੍ਰਸ਼ਨ ਬਹੁਤ ਦਿਲਚਸਪ ਹੈ, ਪਰ ਉੱਤਰ ਦੇਣਾ ਬਹੁਤ ਕਠਿਨ। ਜਿਵੇਂ ਕੋਈ ਜਰਨੈਲ ਕਿਸੇ ਲੜਾਈ ਦੇ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਯੋਜਨਾਵਾਂ ਬਣਾਉਂਦਾ ਹੈ, ਪਰ ਯੁੱਧ ਦੌਰਾਨ, ਮੌਕੇ ਅਤੇ ਪ੍ਰਸਥਿਤੀਆਂ ਅਨੁਸਾਰ ਬਹੁਤ ਤਬਦੀਲੀਆਂ ਵੀ ਕਰਦਾ ਤੁਰਿਆ ਜਾਂਦਾ ਹੈ। ਇਹੀ ਹਾਲ ਗਲਪਕਾਰ ਦਾ ਹੈ। ਮੋਟੇ ਤੌਰ ਤੇ ਦੋ ਤਿੰਨ ਮੁੱਖ ਘਟਨਾਵਾਂ ਜਾਂ ਸਥਾਨਾਂ ਨੂੰ ਉਸ ਸਮੇਂ ਦੇ ਇਤਿਹਾਸ ਅਤੇ ਬਿਰਤਾਂਤ ਦੀ ਲੋੜ ਅਨੁਸਾਰ ਚੁਣ ਲੈਂਦਾ ਹਾਂ। ਇਕ ਜਾਂ ਇਕ ਤੋਂ ਵੱਧ ਮੁੱਖ ਪਾਤਰ ਜਾਂ ਇਤਿਹਾਸ ਦੇ ਪੰਨਿਆਂ 'ਚੋਂ ਚੁਣਦਾ ਜਾਂ ਕਲਪਨਾ ਨਾਲ ਘੜ ਲੈਂਦਾ ਹਾਂ–ਬਾਕੀ ਬਹੁਤ ਕੁਝ ਲਿਖਦਿਆਂ ਲਿਖਦਿਆਂ ਸੁਝਦਾ ਜਾਂਦਾ ਹੈ। ਕਦੀ ਕਦੀ ਜਦ ਕੁਝ ਨਹੀਂ ਸੁਝਦਾ ਤਾਂ ਉਸ ਨਾਵਲ ਨੂੰ ਕਈ ਕਈ ਮਹੀਨੇ ਜਾਂ ਸਾਲਾਂ ਲਈ ਇਕ ਪਾਸੇ ਰੱਖ ਦੇਂਦਾ ਹਾਂ। ਕੁਝ ਪਾਤਰ ਮੈਂ ਸਮਕਾਲੀ ਜੀਵਨ 'ਚੋਂ ਲੈ ਕੇ ਉਸ 'ਚ ਫਿੱਟ ਕਰ ਦੇਂਦਾ ਹਾਂ। ਮਸਾਲ ਦੇ ਤੌਰ ਤੇ ਮੇਜਰ ਮੈਕਸਵੈਲ ਦਾ ਅੰਗ੍ਰੇਜ਼ ਪਾਤਰ ਮੇਰਾ ਇਕ ਮਿੱਤਰ ਹੈ ਜੋ ਹਿੰਦੋਸਤਾਨ ਅਤੇ ਪੰਜਾਬ ਨੂੰ ਬਹੁਤ ਪਿਆਰ ਕਰਦਾ ਅਤੇ ਇਸ ਬਾਰੇ ਲਿਖਦਾ ਹੈ।

? ਇਸ ਨਾਵਲ ਵਿੱਚ ਤੁਸੀਂ 'ਸ਼ਾਹ ਬਖ਼ਸ਼' ਨਾਂ ਦਾ ਇਕ ਪਾਤਰ ਲਿਆ ਤੇ ਉਸ ਨੂੰ ਤੁਸੀਂ 'ਸਿੱਖਾਂ ਅਤੇ ਫਰੰਗੀਆਂ ਦੇ ਜੰਗਨਾਮੇ' ਸ਼ਾਹ ਮੁਹੰਮਦ ਦਾ ਪੁੱਤਰ ਦਿਖਾਇਆ ਹੈ। ਇਸ ਦੇ ਪਿੱਛੇ ਤੁਹਾਡਾ ਕੋਈ ਵਿਸ਼ੇਸ਼ ਤਰਕ ਹੈ।

–ਇਸ ਤਰ੍ਹਾਂ ਕਰਦਿਆਂ ਮੈਂ ਸ਼ਾਹ ਮੁਹੰਮਦ ਦੇ ਜੰਗਨਾਮੇ ਦੀਆਂ ਤੁਕਾਂ ਨੂੰ ਆਪਣੇ ਨਾਵਲ 'ਚ ਵਰਤ ਸਕਿਆ ਜਿਨ੍ਹਾਂ ਤੁਕਾਂ ਨੇ ਮੇਰੇ ਤਰਕ ਨੂੰ ਪੁਸ਼ਟੀ ਦਵਾਈ ਹੈ। ਇਸ ਦੇ ਨਾਲ ਨਾਲ ਇਸ ਦੇ ਮਾਧਿਅਮ ਨਾਲ ਮੈਂ ਧਿੱਖ ਰਾਜ ਦੀ ਹੋਂਦ ਕਾਇਮ ਰੱਖਣ 'ਚ ਪਠਾਣਾਂ/ਮੁਸਲਮਾਨਾਂ ਦੀ ਭੂਮਿਕਾ ਨੂੰ ਵੀ ਪਾਠਕਾਂ ਸਾਹਮਣੇ ਲਿਆ ਸਕਿਆ ਹਾਂ।

? ਸਿੱਖ ਇਤਿਹਾਸ ਬਾਰੇ ਸਾਡੇ ਭਾਰਤੀ ਤੇ ਵਿਦੇਸ਼ੀ ਲੇਖਕਾਂ ਨੇ ਬਹੁਤ ਖੋਜ ਭਰਪੂਰ ਪੁਸਤਕਾਂ ਲਿਖੀਆਂ ਹਨ। ਤੁਸੀਂ ਇਨ੍ਹਾਂ 'ਚੋਂ ਕਿਸੇ ਚਾਰ ਪੰਜ ਪੁਸਤਕਾਂ ਦੇ ਨਾਂ ਲਿਖੋਂ, ਜਿਨ੍ਹਾਂ ਨੂੰ ਤੁਸੀਂ ਨਿਰਪੱਖ ਸਮਝਦੇ ਹੋ।

–ਇਸ ਸੰਦਰਭ 'ਚ ਮੈਂ ਸਭ ਤੋਂ ਪਹਿਲਾਂ ਨਾਮ ਸ਼ਾਹ ਮੁਹੰਮਦ ਦਾ ਵੀ ਲਵਾਂਗਾ। ਸਭ ਤੋਂ ਜ਼ਿਆਦਾ ਸਹਾਇਤਾ ਮੈਂ ਹਰੀ ਰਾਮ ਗੁਪਤਾ ਦੇ ਲਿਖੇ 'ਹਿਸਟਰੀ ਆਫ਼ ਦੀ ਸਿਖਸ' (History of the Sikhs), ਪੰਜਾਬ ਆਨ ਦੀ ਈਵ ਆਫ਼ ਫਰਸਟ ਸਿੱਖ ਵਾਰ (Punjab on the eve of First Sikh War) ਤੋਂ ਲਈ ਹੈ। ਇਸ ਦੇ ਇਲਾਵਾ ਸਯੱਦ ਮੁਹੰਮਦ ਲਤੀਫ਼, ਮੋਹਨ ਲਾਲ ਸੂਰੀ ਅਤੇ ਅਲੈਗਜ਼ੰਡਰ ਗਾਰਡਰ ਦੁਆਰਾ ਲਿਖੀਆਂ ਪੁਸਤਕਾਂ ਆਦਿ।

? ਤੁਹਾਡੇ ਵਿਚਾਰ ਅਨੁਸਾਰ ਕਿਸ ਵਰਗ ਅਤੇ ਸ਼ਖ਼ਸ਼ੀਅਤਾਂ ਨੇ ਸਿੱਖਾਂ ਤੇ ਫਰੰਗੀਆਂ ਦੀ ਵਿਚਕਾਰ ਲੜਾਈਆਂ 'ਚ ਸਕਾਰਾਤਮਕ ਭੂਮਿਕਾ ਨਿਭਾਈ ਤੇ ਕਿਸ ਨੇ ਨਕਾਰਾਤਮਕ।

– ਇਸ ਪ੍ਰਸ਼ਨ ਦੇ ਉੱਤਰ ਨੂੰ ਮੈਂ ਆਪਣੇ ਨਾਵਲ ਵਿੱਚ ਆਏ ਪਾਤਰਾਂ ਤੱਕ ਹੀ ਸੀਮਤ



ਰੱਖਾਂਗਾ। ਸਭ ਤੋਂ ਪਹਿਲਾਂ ਤਾਂ ਇਹ ਕਿ ਜਦ ਕਿ ਲਾਹੌਰ ਦਰਬਾਰ ਦੇ ਤਕਰੀਬਨ ਸਾਰੇ ਸਿੱਖ ਸਰਦਾਰ, ਰਾਣੀਆਂ, ਸ਼ਹਿਜਾਦੇ, ਫਰੰਗੀਆਂ ਨਾਲ ਜਾ ਮਿਲੇ, ਖੱਤਰੀ ਜਾਤ ਦੇ ਮੁਲਤਾਨ ਦੇ ਸੂਬੇਦਾਰ ਮੂਲ ਰਾਜ ਨੇ ਫਰੰਗੀਆਂ ਦੀ ਈਨ ਮੰਨਣ ਤੋਂ ਇਨਕਾਰ ਕਰ ਦਿੱਤਾ। ਸੁਲਤਾਨ/ਪਠਾਨ ਤੋਪਚੀਆਂ ਦਾ ਜ਼ਿਕਰ ਵੀ ਮੈਂ ਸਕਾਰਾਤਮਕ ਭੂਮਿਕਾ ਦੇ ਸੰਦਰਭ 'ਚ ਕੀਤਾ ਹੈ। ਇਕ ਇਤਿਹਾਸਕ ਪਾਤਰ 'ਮੁਹੰਮਦ ਅਕਬਰ ਖਾਂ' ਨੂੰ ਵੀ ਮੈਂ ਮੂਲ ਰਾਜ ਦੀ ਮਦਦ ਕਰਦਿਆਂ ਵਖਾਇਆ ਹੈ। ਇਹ ਰਣਜੀਤ ਸਿੰਘ ਦੇ ਕਾਲ ਸਮੇਂ ਸਿੱਖ ਰਾਜ ਦਾ ਸਭ ਤੋਂ ਕੱਟੜ ਵਿਰੋਧੀ ਰਿਹਾ ਅਤੇ ਹਰੀ ਸਿੰਘ ਨਲੂਏ ਦੇ ਵਿਰੁੱਧ ਕਈ ਲੜਾਈਆਂ ਲੜੀਆਂ, ਪਰ ਜਦੋਂ ਫਰੰਗੀਆਂ ਤੋਂ ਪੰਜਾਬ ਦੀ ਸੁਰੱਖਿਆ ਦਾ ਸਵਾਲ ਖੜਾ ਹੋਇਆ ਤਾਂ ਇਸ ਨੇ ਆਪਣੇ ਪੰਜ ਹਜ਼ਾਰ ਪਠਾਨ ਭੇਜ ਕੇ ਮੂਲ ਰਾਜ ਦੀ ਸਹਾਇਤਾ ਕੀਤੀ, ਆਪਣੇ ਦੋ ਪੁੱਤਰ, ਵੀ ਮਰਵਾਏ। ਇਨ੍ਹਾਂ ਦੇ ਇਲਾਵਾ ਭਾਈ ਮਹਾਰਾਜਾ ਸਿੰਘ, ਚਤਰ ਸਿੰਘ, ਸ਼ੇਰ ਸਿੰਘ ਵਰਗੇ ਸਿੱਖ ਜਰਨੈਲ ਵੀ ਸਨ। ਨਕਾਰਾਤਮਕ ਭੂਮਿਕਾ ਬਾਰੇ ਆਮ ਕਰਕੇ ਅਸੀਂ ਡੋਗਰਿਆਂ ਦਾ ਨਾਮ ਲੈਂਦੇ ਹਾਂ। ਪਰ ਇਨ੍ਹਾਂ ਦੇ ਨਾਲ ਨਾਲ ਉੱਤਰ ਪ੍ਰੇਦਸ਼ ਦੇ ਭਈਆ ਪਾਤਰਾਂ, ਰਾਣੀ ਜਿੰਦਾ ਅਤੇ ਸ਼ਹਿਜ਼ਾਦਿਆਂ ਦਾ ਨਾਮ ਵੀ ਲਿਆ ਜਾ ਸਕਦਾ ਹੈ।

? 'ਯੁੱਗ–ਅੰਤ' 'ਚ ਕਿਤੇ ਕਿਤੇ ਮੈਂ ਕੁਝ ਪਾਤਰਾਂ ਨੂੰ ਨਗਾਂ–ਹੀਰਿਆਂ ਵਾਂਗ ਜੜ੍ਹਿਆ ਦੇਖਦਾ ਹਾਂ। ਜਿਵੇਂ ਕਿ ਮੈਕਸਵੈਲ, ਮੁਹੰਮਦ ਅਕਬਰ ਖਾਂ, ਗੁਲਬਾਨੋ ਅਤੇ ਲੜਾਈਆਂ ਤੋਂ ਬਾਅਦ ਮਰੇ ਹੋਏ ਸਿਪਾਹੀਆਂ ਵਿਚਕਾਰ ਫਿਰਦੀ ਕੁੜੀ 'ਸੁਰਮੀ', ਆਦਿ।

–ਇਹ ਜਾਣ ਕੇ ਮੈਨੂੰ ਤਸੱਲੀ ਹੋਈ ਕਿ ਤੁਸੀਂ ਇਨ੍ਹਾਂ ਪਾਤਰਾਂ ਬਾਰੇ ਇਸ ਤਰ੍ਹਾਂ ਸੋਚਦੇ ਹੋ। ਪਰ ਇਹ ਪਾਤਰ ਮੈਂ ਕੇਵਲ ਸਜਾਵਟ ਲਈ ਹੀ ਨਹੀਂ ਘੜੇ, ਹਰ ਪਾਤਰ ਆਪਣਾ ਕਿਰਦਾਰ ਨਿਭਾਉਂਦਾ ਅਤੇ ਨਾਵਲ ਦੇ ਬਿਰਤਾਂਤ ਅਤੇ ਕੇਂਦਰੀ ਨੁਕਤੇ ਨੂੰ ਅੱਗੇ ਵਧਾਉਂਦਾ ਹੈ। ਮੈਕਸਵੈਲ ਕੀਰਤ ਸਿੰਘ ਦੀ ਸਹਾਇਤਾ ਕਰਦਿਆਂ ਸਿੱਖ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਕੈਰੈਕਟਰ ਦਾ ਵਿਸ਼ਲੇਸ਼ਣ ਕਰਦਾ ਹੈ। ਅਕਬਰ ਖਾਂ ਪਠਾਨ/ਅਫ਼ਗ਼ਾਨ ਅਤੇ ਸਿੱਖ ਕੌਮ ਵਿਚਕਾਰ ਮੂਲ ਅੰਤਰ ਦੀ ਵਿਆਖਿਆ ਕਰਦਾ ਹੈ। ਗੁਲਬਾਨੋ ਬੇਗਮ, ਜੋ ਮਹਾਰਾਜਾ ਰਣਜੀਤ ਸਿੰਘ ਦੀ ਚਹੇਤੀ ਰਾਣੀ ਸੀ, ਰਣਜੀਤ ਸਿੰਘ ਦੇ ਉਨ੍ਹਾਂ ਪੱਖਾਂ ਨੂੰ ਸਾਹਮਣੇ ਲਿਆਉਂਦੀ ਹੈ ਜੋ ਆਮ ਕਰਕੇ ਇਤਿਹਾਸ ਦੀਆਂ ਪੁਸਤਕਾਂ 'ਚ ਨਹੀਂ ਦਿਸਦੇ। ਅਤੇ ਸੁਰਮੀ ਰਾਹੀਂ ਮੈਂ ਲੜਾਈ ਦੀ ਭਿਆਨਕਤਾ ਦੇ ਨਾਲ ਨਾਲ ਰੂਪ ਕੌਰ ਨੂੰ ਬਚਾ ਕੇ ਲੈ ਜਾਣਾ ਵੀ ਵਖਾਇਆ ਹੈ।

? ਪਰ ਇਥੇ ਤਾਂ ਤੁਸਾਂ ਸੁਰਮੀ ਤੇ ਰੂਪ ਕੌਰ, ਦੋਹਾਂ ਨੂੰ ਰਹੱਸਮਈ ਹਿਜਹੇ ਪਾਤਰ ਦਿਖਾਇਆ ਹੈ।

–ਇਨ੍ਹਾਂ ਨੂੰ ਇਸੇ ਤਰ੍ਹਾਂ ਵਿਖਾਉਣਾ ਹੀ ਮੇਰਾ ਉਦੇਸ਼ ਸੀ। ਰੂਪ ਕੌਰ ਸੱਚ ਮੁੱਚ ਰਣਜੀਤ ਸਿੰਘ ਦੀ ਧੀ ਜਾ ਪੋਤਰੀ ਸੀ ? ਇਸ ਨੂੰ ਮੈਂ ਪਾਠਕਾਂ ਉੱਤੇ ਹੀ ਛੱਡਦਾ ਹਾਂ।

? ਇਕ ਪਿੱਛਲ ਝਾਤ ਦੇ ਕੇ ਤੁਸੀਂ ਕੀਰਤ ਸਿੰਘ ਦੇ ਮੁੱਢਲੇ ਦਿਨਾਂ ਦਾ ਪੇਸ਼ਕਾਰੀ ਵੀ ਕੀਤੀ ਹੈ ?

– ਇਹ ਇਸ ਤਰ੍ਹਾਂ ਹੋਇਆ ਕਿ ਮੇਰੇ ਕੁਝ ਲੇਖਕ ਮਿੱਤਰਾਂ ਨੇ, ਜਿਨ੍ਹਾਂ ਮੇਰੇ ਨਾਵਲ ਦਾ ਪਹਿਲਾ ਖਰੜਾ ਪੜ੍ਹਿਆ, ਮੇਰਾ ਧਿਆਨ ਇਸ ਘਾਟ ਵੱਲ ਦਵਾਇਆ ਕਿ ਨਾਵਲ ਵਿੱਚ ਉਸ ਵੇਲੇ ਦੇ ਪਿੰਡਾਂ, ਕਿਸਾਨਾਂ, ਆਮ ਲੋਕਾਂ ਬਾਰੇ ਵੀ ਕੁਝ ਲਿਖਣਾ ਬਣਦਾ ਹੈ। ਇਹ ਲਿਖਦਿਆਂ ਮੈਂ ਇਸ ਘਾਟ ਨੂੰ ਵੀ ਪੂਰਾ ਕੀਤਾ, ਕੀਰਤ ਸਿੰਘ ਦੇ ਕੈਰੈਕਟਰ ਨੂੰ ਉਭਾਰਿਆ ਅਤੇ ਬੰਦਾ ਬਹਾਦਰ ਬਾਰੇ ਵੀ ਕੁਝ ਗੱਲਾਂ ਕਰਵਾਈਆਂ।

? ਇਸ ਨਾਵਲ ਦਾ ਅੰਤ ਵੀ ਤੁਸਾਂ ਕੁਣ ਇਸੇ ਤਰ੍ਹੀਂ ਐਂਦਾ ਛੱਡ ਦਿੱਤਾ ਜਿਵੇਂ 'ਯੁੱਧ–

ਨਾਦ' 'ਚ ਕੀਤਾ ਸੀ।

–ਮੇਰਾ ਹੈ ਕਿ ਕੋਈ ਕਹਾਣੀ ਜਾਂ ਨਾਵਲ ਕਿਸੇ ਬਿੰਦੂ ਤੇ ਆਕੇ ਸਮਾਪਤ ਨਹੀਂ ਹੁੰਦਾ। ਬਿੰਦੂ ਤਾਂ ਯਾਤਰਾ ਦੇ ਪੜ੍ਹਾਅ ਦੀ ਤਰ੍ਹਾਂ ਹੁੰਦਾ ਹੈ। ਯਾਤਰਾ ਜਾਰੀ ਰਹਿੰਦੀ ਹੈ। ਉਂਞ ਮੈਂ ਕੀਰਤ ਸਿੰਘ ਦੀ ਜੀਵਨ ਯਾਤਰਾ ਨੂੰ ਇਕ ਵਖਰੀ ਲੰਮੀ ਕਹਾਣੀ ਦੁਆਰਾ ਅੱਗੇ ਵਧਾਇਆ ਹੈ ਅਤੇ ਸਨ 1857 ਦੇ ਵਿਦਰੋਹ 'ਚ ਸ਼ਾਮਲ ਹੋ ਕੇ ਆਪਣੀ ਭੂਮਿਕਾ ਨਿਭਾਉਂਦਾ ਹੈ।

## ਬਲੀ/ਹਰਮੁਹਿੰਦਰ ਚਹਿਲ ਨਾਲ ਮੁਲਾਕਾਤ

? ਤੁਹਾਡੇ ਨਾਵਲ 'ਬਲੀ' ਦਾ ਵਿਸ਼ਾ ਵਸਤੂ ਕੀ ਹੈ ?

– ਮੇਰਾ ਇਹ ਨਾਵਲ ਉਨੀਸੋ–ਅੱਸੀਵੇਂ ਦਹਾਕੇ ਦੀ ਪੰਜਾਬ ਤ੍ਰਾਸਦੀ 'ਤੇ ਆਧਾਰਤ ਹੈ।

? ਤੁਸੀਂ ਇਸਦਾ ਨਾਂ 'ਬਲੀ' ਕਿਉਂ ਚੁਣਿਆ ?

– ਅਸਲ ਵਿੱਚ ਇਸ ਨਾਮ ਤੋਂ ਹੀ ਪਾਠਕ ਨੂੰ ਥੋੜ੍ਹਾ ਅੰਦਾਜ਼ਾ ਹੋ ਜਾਂਦਾ ਹੈ ਕਿ ਨਾਵਲ ਵਿਚ ਕੀ ਕਿਹਾ ਗਿਆ ਹੋਵੇਗਾ। ਉਸ ਵੇਲੇ ਪੰਜਾਬ ਅੰਦਰ ਸਰਕਾਰੀ ਤੇ ਗੈਰ–ਸਰਕਾਰੀ ਬੰਦੂਕਾਂ ਵਾਲਿਆਂ ਦੀ ਧੂੰਆਂ ਧਾਰ ਲੜਾਈ ਚੱਲ ਰਹੀ ਸੀ। ਉਨ੍ਹਾਂ ਦੀ ਲੜਾਈ ਦੀ ਲਪੇਟ ਵਿੱਚ ਆ ਰਹੇ ਸਨ ਪੰਜਾਬ ਦੇ ਬੇਕਸੂਰ ਤੇ ਲਾਚਾਰ ਲੋਕ। ਮੈਂ ਥੋੜ੍ਹਾ ਖੁੱਲ੍ਹਕੇ ਦੱਸਦਾ ਹਾਂ। ਪੁਰਾਤਨ ਕਹਾਣੀਆਂ ਮੁਤਾਬਕ ਪੁਰਾਣੇ ਸਮਿਆਂ ਵਿੱਚ ਵੱਡੇ ਲੋਕ ਆਪਦੀਆਂ ਖਾਹਸ਼ਾਂ ਪੂਰੀਆਂ ਕਰਨ ਵਾਸਤੇ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ 'ਨਰ ਬਲੀ' ਦਿੰਦੇ ਹੁੰਦੇ ਹਨ। ਨਰ ਬਲੀ ਮਤਲਬ ਜਿਉਂਦੇ ਇਨਸਾਨ ਨੂੰ ਮਾਰਨਾ। ਇੱਥੇ ਦੋ ਧਿਰਾਂ ਦੀ ਮਨੋਕਾਮਨਾ ਪੂਰੀ ਹੁੰਦੀ ਸੀ। ਬਲੀ ਦੇਣ ਵਾਲੇ ਵੱਡੇ ਲੋਕਾਂ ਨੂੰ ਖਾਹਸ਼ਾਂ ਦੀ ਪੂਰਤੀ ਕਰਨੀ ਹੁੰਦੀ ਸੀ ਤੇ ਦੂਜੇ ਪਾਸੇ ਦੇਵੀ ਦੇਵਤਿਆਂ ਨੂੰ ਖੁਸ਼ ਕੀਤਾ ਜਾਂਦਾ ਸੀ। ਪਰ ਜਿਸ ਇਨਸਾਨ ਦੀ ਬਲੀ ਦਿੱਤੀ ਜਾਂਦੀ ਸੀ, ਉਸਦੀ ਨਾਂ ਹੀ ਤਾਂ ਕੋਈ ਇੱਛਾ ਸ਼ਕਤੀ ਹੁੰਦਾ ਸੀ ਤੇ ਨਾ ਹੀ ਉਸਨੂੰ ਇਸ ਪ੍ਰਕਿਰਿਆ ਵਿੱਚੋਂ ਕੁਝ ਮਿਲਦਾ ਸੀ। ਉਸਦਾ ਆਪਣੀ ਕੋਈ ਮਰਜ਼ੀ ਨਹੀਂ ਹੁੰਦੀ ਸੀ। ਉਸਨੇ ਤਾਂ ਸਿਰਫ਼ ਬੇਕਸੂਰੇ ਹੀ ਮਰਨਾ ਹੁੰਦਾ ਸੀ, ਕਿਸੇ ਹੋਰ ਦੇ ਫਾਇਦੇ ਲਈ। ਇਵੇਂ ਹੀ ਉਦੋਂ ਪੰਜਾਬ ਅੰਦਰ ਵਾਪਰਿਆ। ਪੁਲਸ ਤੇ ਖਾੜਕੂਵਾਦ ਲਗਾਤਾਰ ਦਸ ਸਾਲ ਆਪਸ ਵਿੱਚ ਭਿੜਦੇ ਰਹੇ। ਪਰ ਹਜ਼ਾਰਾਂ ਹੀ ਆਮ ਨਾਗਰਿਕ ਉਹਨਾਂ ਦੀ ਆਪਸੀ ਲੜਾਈ ਦੀ ਬਲੀ ਚੜ ਗਏ।

? ਤੁਸੀਂ ਨਾਵਲ ਵਿਚ ਕਿਸ ਧਿਰ ਨੂੰ ਸਹੀ ਠਹਿਰਾਇਆ ਹੈ ਮਤਲਬ ਸਰਕਾਰੀ ਜਾਂ ਗੈਰ–ਸਰਕਾਰੀ।

– ਮੇਰਾ ਇਸ ਗੱਲ ਨਾਲ ਕੋਈ ਮਤਲਬ ਨਹੀਂ ਕਿ ਕਿਹੜੀ ਧਿਰ ਸਹੀ ਸੀ ਜਾਂ ਕਿਹੜੀ ਗਲਤ। ਮੈਂ ਤਾਂ ਉਹਨਾਂ ਬਦਕਿਸਮਤੇ ਲੋਕਾਂ ਦੀ ਗੱਲ ਕੀਤੀ ਹੈ ਜਿਹੜੇ ਕਿਸੇ ਹੋਰ ਦੀ ਲੜਾਈ ਦੌਰਾਨ ਬਿਨਾਂ ਕਿਸੇ ਕਸੂਰ ਦੇ ਜਾਨਾਂ ਗੁਆ ਬੈਠੇ।

? ਫਿਰ ਵੀ ਤੁਸੀਂ ਪੰਜਾਬ ਦੇ ਉਹਨਾਂ ਹਾਲਾਤਾਂ ਲਈ ਕਿਸ ਨੂੰ ਜ਼ਿਮੇਵਾਰ ਠਹਿਰਾਉਂਦੇ ਹੋ ?

– ਦੇਖੋ ਜੀ ਸਿੱਧਾ ਉਤਰ ਤਾਂ ਇਸਦਾ ਕੀ ਦਿੱਤਾ ਜਾ ਸਕਦਾ ਹੈ। ਕਿਉਂਕਿ ਕੀ ਪਤੈ ਕਿਥੇ ਕੌਣ ਕੀ ਕਰ ਗਿਆ। ਪਰ ਫਿਰ ਵੀ ਮੈਂ ਕਹਾਂਗਾ ਅਜਿਹੇ ਹਾਲਾਤ ਤਾਂ ਰਾਜਨੀਤਕ ਲੋਕ ਹੀ ਪੈਦਾ ਕਰਦੇ ਨੇ। ਪੰਜਾਬ ਤ੍ਰਾਸਦੀ ਉਨੀ ਸੌ ਸੰਤਾਈ ਦੇ ਵਟਵਾਰੇ ਤੋਂ ਬਾਅਦ ਦੀ ਸਭ ਤੋਂ ਵੱਡੀ ਤ੍ਰਾਸਦੀ ਸੀ। ਮੌਕੇ ਦੀਆਂ ਸਰਕਾਰਾਂ ਆਪਦੀਆਂ ਸੌੜੀਆਂ ਲਾਲਸਾਬਾਂ ਦੀ ਪ੍ਰਾਪਤੀ ਲਈ ਅਜਿਹੇ ਚੱਕਰਵਿਊ ਰਚਦੀਆਂ ਨੇ ਜਿਹਨਾਂ 'ਚੋਂ ਨਿਕਲਣ ਲਈ ਨਿਰਦੋਸ਼ ਨਾਗਰਿਕਾਂ ਨੂੰ ਹਜ਼ਾਰਾਂ ਲੱਖਾਂ ਜਾਨਾਂ ਗੁਆਉਣੀਆਂ ਪੈਂਦੀਆਂ ਨੇ।



? ਤੁਸੀਂ ਇਹ ਨਾਵਲ ਲਿਖਣ ਬਾਰੇ ਕਦੋਂ ਸੋਚਿਆ।

– ਸੋਚ ਤਾਂ ਉਦੋਂ ਹੀ ਲਿਆ ਸੀ ਜਦੋਂ ਇਹ ਸਭ ਕੁਝ ਵਾਪਰ ਰਿਹਾ ਸੀ। ਮੈਂ ਪਿੰਡਾਂ ਦਾ ਰਹਿਣ ਵਾਲਾ ਹਾਂ ਤੇ ਉਦੋਂ ਮੈਂ ਪਿੰਡ 'ਚ ਰਹਿੰਦਾ ਹੋਇਆ ਆਲੇ ਦੁਆਲੇ ਵਾਪਰ ਰਿਹਾ ਸਭ ਕੁਝ ਵੇਖ ਰਿਹਾ ਸੀ। ਉਦੋਂ ਕਹਿੰਦੇ ਹੁੰਦੇ ਸਨ ਕਿ ਦਿਨ ਵੇਲੇ ਪੁਲਸ ਦਾ ਰਾਜ ਹੈ ਤੇ ਰਾਤ ਨੂੰ ਖਾੜਕੂਆਂ ਦਾ। ਨਿੱਤ ਦਿਨ ਆਲੇ ਦੁਆਲੇ ਅਜਿਹਾ ਘਿਨਾਉਣਾ ਵਾਪਰ ਰਿਹਾ ਸੀ ਕਿ ਲੋਕ ਡਰ ਭੈਅ ਨਾਲ ਤ੍ਰਾਹ ਤ੍ਰਾਹ ਕਰ ਰਹੇ ਸਨ। ਮਨ ਦੇ ਚਿੱਤਰਪਟ ਉਪਰ ਤਾਂ ਸਭ ਕੁਝ ਨਿੱਤ ਦਿਨ ਲਿਖਿਆ ਜਾ ਰਿਹਾ ਸੀ।

? ਫਿਰ ਅਸਲ ਲਿਖਾਈ ਦਾ ਕੰਮ ਕਦੋਂ ਸ਼ੁਰੂ ਕੀਤਾ।

– ਤਕਰੀਬਨ ਉਨੀ ਸੌ ਪਚੰਨਵੇਂ ਛਿਆਨਵੇਂ ਦੌਰਾਨ ਆਪਦੇ ਆਲੇ ਦੁਆਲੇ ਵਾਪਰੀਆਂ ਘਟਨਾਵਾਂ ਨੂੰ ਇਕ ਲੜੀ ਵਿੱਚ ਤਰਤੀਬ ਵਾਰ ਲਿਖਣਾ ਸ਼ੁਰੂ ਕਰ ਦਿੱਤਾ ਸੀ। ਪਰ ਉਦੋਂ ਮੈਨੂੰ ਇਹ ਨਹੀਂ ਸਮਝ ਲੱਗ ਰਹੀ ਸੀ ਕਿ ਇਸ ਨੂੰ ਇਕ ਕਿਤਾਬ ਦਾ ਰੂਪ ਕਿਵੇਂ ਦੇਵਾਂ। ਕਿਉਂਕਿ ਉਦੋਂ ਮੈਂ ਮਾੜੀ ਮੋਟੀ ਕਹਾਣੀ ਤਾਂ ਲਿਖਣਾ ਰਹਿੰਦਾ ਸੀ ਪਰ ਨਾਵਲ ਲਿਖਣ ਦੀ ਵਿਧਾ ਤੋਂ ਅਣਭਿੱਗ ਸੀ। ਕਾਫ਼ੀ ਦੇਰ ਤੱਕ ਇਹ ਅੱਧ ਕੱਚੀਆਂ ਲਿਖਤਾਂ ਉਵੇਂ ਹੀ ਪਈਆਂ ਰਹੀਆਂ। ਉਸਤੋਂ ਬਾਅਦ ਮੇਰੇ ਕੁਝ ਕਹਾਣੀ ਸੰਗ੍ਰਹਿ ਛਪਾਂ ਫਿਰ ਬਾਅਦ ਵਿੱਚ ਇਸ ਕੱਚੀ ਰਚਨਾ ਨੂੰ ਮੈਂ ਨਾਵਲ ਦੇ ਰੂਪ ਵਿੱਚ ਲਿਖਣ ਦਾ ਫੈਸਲਾ ਕੀਤਾ ਤੇ ਅੱਜ ਇਹ ਨਾਵਲ ਪਾਠਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੈ।

? ਉਸ ਵੇਲੇ ਤੁਹਾਡੇ ਨਾਲ ਵੀ ਕੋਈ ਘਟਨਾ ਵਾਪਰੀ।

– ਸਿੱਧੇ ਰੂਪ ਵਿੱਚ ਤਾਂ ਨਹੀਂ ਪਰ ਅਸਿੱਧੇ ਰੂਪ ਵਿੱਚ ਬਹੁਤ ਕੁਝ ਵਾਪਰਿਆ। ਉਦੋਂ ਕਿਸੇ ਦੇ ਕਾਰਨ ਹਵਾਈ ਤੇ ਕਿਸੇ ਨੇ ਪਿੰਡੇ ਤੇ ਜ਼ਖਮ ਖਾਦੇ। ਕਿਸੇ ਦਾ ਘਰਘਾਟ ਉਜੜ ਗਿਆ ਤੇ ਕਿਸੇ ਦਾ ਪਰਿਵਾਰ ਉਜੜ ਗਿਆ। ਪਰ ਬਹੁਤੇ ਅਜਿਹੇ ਲੋਕ ਵੀ ਸਨ ਜਿਹਨਾਂ ਦੇ ਮਨ ਇਹ ਸਭ ਕੁਝ ਵੇਖਕੇ ਨਿੱਤ ਦਿਨ ਖ਼ੂਨ ਦੇ ਹੰਝੂ ਰੋਂਦੇ ਸਨ। ਮੈਂ ਵੀ ਉਹਨਾਂ ਵਿੱਚੋਂ ਇਕ ਸਾਂ। ਅਸਲ ਵਿੱਚ ਉਸੇ ਮਨ ਦੀ ਤੜਪਣਾ ਨੇ ਹੀ ਮੈਨੂੰ ਇਹ ਨਾਵਲ ਲਿਖਣ ਲਈ ਪ੍ਰੇਰਿਆ।

? ਨਾਵਲ ਲਿਖਣ ਤੋਂ ਬਾਅਦ ਕਿਵੇਂ ਮਹਿਸੂਸ ਕਰਦੇ ਹੋ।

– ਇਉਂ ਲੱਗਦਾ ਹੈ ਜਿਵੇਂ ਮਣਾਂ ਮੂੰਹੀ ਭਾਰ ਦਿਲ ਤੋਂ ਲਹਿ ਗਿਆ ਹੋਵੇ। ਮੇਰੇ ਵੱਲੋਂ ਇਸ ਨਾਵਲ ਦਾ ਲਿਖਧ ਪੰਜਾਬ ਤ੍ਰਾਸਦੀ ਦੀ ਬਲੀ ਚੜ੍ਹ ਗਏ ਲੱਖਾਂ ਲੋਕਾਂ ਪ੍ਰਤੀ ਤੁੱਛ ਜਿਹੀ ਸ਼ਰਧਾਂਜਲੀ ਹੈ। ਮੈਂ ਇਕ ਆਮ ਇਨਸਾਨ ਹੋਰ ਤਾਂ ਕੁਛ ਨਹੀਂ ਕਰ ਸਕਦਾ। ਪਰ ਆਪਦੀਆਂ ਅੱਖਾਂ ਸਾਹਮਣੇ ਵਾਪਰੇ ਉਸ ਵਹਿਸ਼ੀਪੁਣੇ ਨੂੰ ਇਕ ਇਤਿਹਾਸਕ ਦਸਤਾਵੇਜ਼ ਦੇ ਤੌਰ 'ਤੇ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਹੈ।

? ਨਾਵਲ ਦੀ ਰਚਨਾ ਵਿਧੀ ਕਿਸ ਪ੍ਰਕਾਰ ਦਾ ਹੈ।

– ਇਸਦੀ ਰਚਨਾਵਿਧੀ ਪਿੱਠ ਭੂਮੀ ਵਾਰਤਾ ਹੈ। ਸੁਖਚੈਨ ਨਾਮੀ ਪਾਤਰ ਬੜੀਆਂ ਮੁਸ਼ਕਲਾਂ ਨਾਲ ਲੁਧਿਆਣੇ ਦੇ ਇੰਜੀਨੀਅਰਿੰਗ ਕਾਲਜ ਤੋਂ ਡਿਪਲੋਮਾਂ ਕਰਨ ਉਪਰੰਤ ਨੌਕਰੀ ਉਪਰ ਜਾ ਲੱਗਦਾ ਹੈ। ਉਸਦਾ ਪਹਿਲੀ ਮੁਸ਼ਕਲ ਤਾਂ ਇਹ ਸੀ ਕਿ ਉਹ ਇਕ ਗਰੀਬ ਕਿਰਸਾਨ ਨਾਲ ਸਬੰਧਤ ਹੈ। ਦੂਸਰੀ ਇਹ ਕਿ ਉਸਦੀ ਪੜ੍ਹਾਈ ਦੌਰਾਨ ਕਾਲਜ ਵਿੱਚ ਖਾੜਕੂਵਾਦ ਜੋਰਾਂ ਉਪਰ ਸੀ। ਉਹ ਇਸ ਪਾਸਿਉਂ ਬੜੀ ਮੁਨਸ਼ਕਲ ਨਾਲ ਆਪਣੇ ਆਪ ਨੂੰ ਬਚਾਉਂਦਾ ਕਾਲਜ ਪੂਰਾ ਕਰਦਾ ਹੈ। ਇੱਥੋਂ ਤੱਕ ਕਿ ਉਸਦੇ ਕਈ ਗੂੜੇ ਯਾਰ ਦੋਸਤ ਖਾੜਕੂ ਸਫ਼ਾਂ ਵਿੱਚ ਚਲੇ ਜਾਂਦੇ ਹਨ। ਸੋ ਉਹ ਇਧਰ ਉਧਰੋਂ ਬਚਦਾ ਮਸਾਂ ਕੋਰਸ ਪੂਰਾ ਕਰਕੇ ਨੌਕਰੀ ਉਪਰ ਲੱਗਦਾ ਹੈ। ਹੁਣ ਉਹ ਸੋਚਦਾ ਹੈ ਕਿ ਚਲੋ ਸਾਰਿਆਂ ਪਾਸਿਆਂ ਤੋਂ ਬਚਾ ਰਹਿ ਗਿਆ ਤੇ ਹੁਣ ਨੌਕਰੀ ਕਰਕੇ ਘਰਦੇ ਹਾਲਤ ਸੁਧਾਰਾਂਗੇ। ਪਰ ਉਹ ਵਿਚਾਰਾ ਜਿਸ ਖਾੜਕੂਵਾਦ ਤੋਂ ਬਚਦਾ ਬੜੀ ਮੁਸ਼ਕਲ ਨਾਲ ਨੌਕਰੀ ਪ੍ਰਾਪਤ ਕਰਦਾ ਹੈ ਉਹੀ

ਖਾੜਕੂਵਾਦ ਉਸਨੂੰ ਹੜੱਪ ਜਾਂਦਾ ਹੈ।

? ਨਾਵਲ ਵਿੱਚ ਕਾਲਜਾਂ, ਯੂਨੀਵਰਸਿਟੀਆਂ ਦਾ ਬਹੁਤ ਜ਼ਿਕਰ ਆਉਂਦਾ ਹੈ। ਕੋਈ ਕਾਰਨ।

– ਕਾਲਜਾਂ, ਯੂਨੀਵਰਸਿਟੀਆਂ ਦੇ ਹੋਸਟਲਾਂ ਵਿੱਚ ਨੌਜਵਾਨ ਵਰਗ ਰਹਿੰਦਾ ਹੈ। ਨਵਾਂ ਖ਼ੂਨ ਕੁਝ ਵੀ ਨਵਾਂ ਕਾਰਨ ਨੂੰ ਉਤਾਵਲਾ ਹੁੰਦਾ ਹੈ। ਕਾਲਜਾਂ ਦੇ ਹੋਸਟਲਾਂ ਵਿੱਚ ਮੁੰਡੇ ਗਰੁੱਪਬਾਜੀ ਬਣਾਕੇ ਆਪਸ ਵਿੱਚ ਲੜਦੇ ਭਿੜਦੇ ਰਹਿੰਦੇ ਹਨ। ਕਾਰਨ ਕੋਈ ਖਾਸ ਨਹੀਂ ਹੁੰਦੇ। ਬਸ ਉਹੀ ਨਵੇਂ ਖ਼ੂਨ ਦੇ ਉਛਾਲ ਵਾਲੀ ਗੱਲ ਹੁੰਦੀ ਹੈ। ਮੁੰਡਿਆਂ ਦੇ ਗਰੁੱਪ ਬਿਨਾਂ ਕਿਸੇ ਖਾਸ ਗੱਲ ਦੇ ਐਵੇਂ ਹੀ ਇਕ ਦੂਜੇ ਦੇ ਸਿਰ ਪਾੜਦੇ ਰਹਿੰਦੇ ਹਨ। ਦੋਨਾਂ ਪਾਸਿਆਂ ਦੇ ਗਰੁੱਪਾਂ ਨੂੰ ਇਕ ਦੂਜੇ ਨੂੰ ਨੀਵਾਂ ਵਿਖਾਉਣ ਦੀ ਹੋੜ ਲੱਗੀ ਰਹਿੰਦੀ ਹੈ। ਮੇਰੇ ਖਿਆਲ ਮੁਤਾਬਕ ਹੋਸਟਲਾਂ ਦੇ ਵਿਦਿਆਰਥੀਆਂ ਦੀ ਆਪਸੀ ਰੰਜਸ ਵਾਲੀ ਭੀੜੀ ਗਲੀ ਵਿਚੋਂ ਦੀ ਹੀ ਖਾੜਕੂਵਾਦ ਹੌਲੀ ਹੌਲੀ ਹੋਸਟਲਾਂ ਕਾਲਜਾਂ ਵਿੱਚ ਫੈਲਿਆ ਸੀ।

? ਨਾਵਲ ਵਿਚ ਮੁਹੱਬਤ ਕਹਾਣੀ ਦਾ ਵੀ ਜ਼ਿਕਰ ਆਉਂਦਾ ਹੈ।

– ਹਾਂ! ਕਹਾਣੀ ਨੂੰ ਰੌਚਕ ਬਣਾਉਣ ਲਈ ਇਸ ਵਿੱਚ ਕਿਸ਼ੋਰ ਅਵਸਥਾ ਦਾ ਪਾਕ ਮੁਹੱਬਤ ਬਿਆਨ ਕੀਤੀ ਗਈ ਹੈ। ਇਕ ਮੁਹੱਬਤ ਤਾਂ ਵਿਚਕਾਰੇ ਹੀ ਖ਼ਤਮ ਹੋ ਜਾਂਦਾ ਹੈ ਤੇ ਦੂਸਰੀ ਦਾ ਅੰਤ ਸੁਖਾਵਾਂ ਹੁੰਦਾ ਹੈ।

? ਪੰਜਾਬ ਤ੍ਰਾਸਦੀ ਉਪਰ ਹੋਰ ਵੀ ਕਈ ਨਾਵਲ ਲਿਖੇ ਜਾ ਚੁੱਕੇ ਹਨ ਕੀ ਤੁਸੀਂ ਦੱਸੋਗੇ ਕਿ ਤੁਹਾਡਾ ਨਾਵਲ ਉਹਨਾਂ ਨਾਲੋਂ ਵੱਖਰਾ ਹੈ ਜਾਂ....।

– ਹਾਂ ਮੇਰਾ ਨਾਵਲ ਬਿਲਕੁਲ ਵੱਖਰਾ ਹੈ। ਮੈਂ ਵੀ ਕਈ ਹੋਰ ਨਾਵਲ ਇਸ ਪੰਜਾਬ ਤ੍ਰਾਸਦੀ ਤੇ ਆਧਾਰਤ ਪੜ੍ਹੇ ਹਨ। ਕੁਝ ਕੁ ਤਾਂ ਸਿਰਫ਼ ਇਧਰੋਂ ਉਧਰੋਂ ਸੁਣਕੇ ਜਾਂ ਮੀਡੀਏ ਤੇ ਆਧਾਰਤ ਖ਼ਬਰਾਂ ਪੜ੍ਹਕੇ ਹੀ ਲਿਖੇ ਗਏ ਹਨ। ਕਈਆਂ ਵਿੱਚ ਕਿਸੇ ਲੇਖਕ ਨੇ ਇਕ ਸਿਰ ਨੂੰ ਸ਼ੇਰ ਦਰਸਾਇਆ ਹੈ ਤੇ ਕਿਸੇ ਹੋਰ ਨੇ ਦੂਸਰੀ ਧਿਰ ਨੂੰ। ਪਰ ਇਹਨਾਂ ਸ਼ੇਰਾਂ ਦੀ ਆਪਸੀ ਲੜਾਈ ਦੌਰਾਨ ਇਹਨਾਂ ਦੇ ਪੈਰਾਂ ਹੇਠ ਮਧੋਲੀ ਜਾ ਰਹੀ ਜਨਤਾ ਦੀ ਗੱਲ ਕਿਸੇ ਨੇ ਨਹੀਂ ਕੀਤੀ। ਥਾਣਿਆਂ ਅੰਦਰ ਨੰਗੀਆਂ ਕੀਤੀਆਂ ਤੇ ਪਤ ਲੁਟਾਉਂਦੀਆਂ ਧੀਆਂ ਭੈਣਾਂ ਦੀ ਗੱਲ ਕਿਸੇ ਨਹੀਂ ਕੀਤੀ। ਜਾਂ ਫਿਰ ਰਾਤਾਂ ਨੂੰ 'ਠਹਿਰਾਂ' ਤੇ ਧੱਕੇ ਨਾਲ ਹੁੰਦੇ ਬਲਾਤਕਾਰ ਕਿਸੇ ਨਹੀਂ ਬਿਆਨਾਂ ਤਾਂ ਹੀ ਮੈਨੂੰ ਲੱਗਿਆ ਕਿ ਮੈਂ ਉਹਨਾਂ ਲੋਕਾਂ ਬਾਰੇ ਕੁਝ ਲਿਖਾਂ ਜਿਹਨਾਂ ਨੇ ਲੁੱਟ ਚੁੱਕੀਆਂ ਇੱਜ਼ਤਾਂ ਨੂੰ ਪਰਦੇ ਅੰਦਰ ਹੀ ਰੱਖਣ ਲਈ ਮੂੰਹ ਸਿਉਂ ਲਏ। ਇਕ ਗੱਲ ਹੋਰ। ਜਿੱਥੇ ਇਕ ਪਾਸੇ ਆਮ ਨਿਰਦੋਸ਼ ਜਨਤਾ ਚੱਕੀ ਦੇ ਪੁੜਾਂ ਸੰਨ ਆਈ ਹੋਈ ਸੀ ਉਥੇ ਹੀ ਕੁਝ ਕੁ ਬੇਗੈਰਤਿਆਂ ਨੇ ਹਜ਼ਾਰਾਂ ਲੋਕਾਂ ਦੇ ਨੁਚੜਦੇ ਖ਼ੂਨ ਦਾ ਲੱਖਾਂ ਕਰੋੜਾਂ ਕਮਾ ਲਿਆ। ਮੈਂ ਇਸ ਬਾਰੇ ਵੀ ਕੁਝ ਕਹਿਣ ਦਾ ਕੋਸ਼ਿਸ਼ ਕੀਤੀ ਹੈ।

? ਤੁਸੀਂ ਆਪਣੇ ਤੌਰ 'ਤੇ ਪੰਜਾਬ ਤ੍ਰਾਸਦਾ ਬਾਰੇ ਕੀ ਕਹਿਣਾ ਚਾਹੋਗੇ।

– ਹਿੰਸਾ ਨਾਲ ਕੁਝ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਕਿਸੇ ਵੀ ਕਿਸਮ ਦੀ ਹਿੰਸਾ ਹਾਲਤ ਹੈ। ਅਤਿਵਾਦੀ ਕਾਰਵਾਈਆਂ ਘਿਨਾਉਣੀਆਂ ਤੇ ਨਿੰਦ ਜਨਕ ਹਨ। ਨਾਵਲ ਵਿਚ ਹੀ ਇਕ ਪਾਤਰ (ਖਾੜਕੂ) ਹਿੰਸਾ ਨੂੰ ਇਉਂ ਨਿੰਦਦਾ ਹੈ, "ਕੋਈ ਵੀ ਲਹਿਰ ਚੱਲਦਾ। ਐ ਲੋਕਾਂ ਦੇ ਨਾਲ ਰਲਣ ਨਾਲ। ਲੋਕ ਏ. ਕੇ. ਸੰਤਾਲੀਆਂ ਦੇ ਖਿਲਾਫ਼ ਹਨ। ਮੈਂ ਤਾਂ ਕਹਿਨਾ ਹਾਂ, ਕਿ ਜਦੋਂ ਲੋਕ ਕਿਸੇ ਕਾਜ ਦੀ ਪ੍ਰਾਪਤੀ ਲਈ ਇਕੱਠੇ ਉਠ ਖੜ੍ਹੇ ਹੋਣ ਤਾਂ ਫਿਰ ਏ. ਕੇ. ਸੰਤਾਲੀਆਂ ਦੀ ਲੋੜ ਹੀ ਨਹੀਂ ਪੈਣੀ" (ਸਫ਼ਾ 280) ਮੇਰੇ ਕਹਿਣ ਦਾ ਭਾਵ ਕਿ ਹਿੰਸਾ ਭਾਵੇਂ ਸਰਕਾਰੀ ਹੋਵੇ ਜਾਂ ਗੈਰ ਸਰਕਾਰੀ ਇਹ ਨਿੰਦਣ ਯੋਗ ਹੈ।

? 'ਬਲੀ' ਨਾਵਲ ਦੇ ਵਿਸ਼ੇ ਵਰਗਾ ਕੁਝ ਹੋਰ ਲਿਖ ਰਹੇ ਹੋ।



– ਨਹੀਂ! ਹੁਣ ਮੈਂ ਜੋ ਲਿਖ ਰਿਹਾ ਹਾਂ ਉਹ ਵਿਦੇਸ਼ਾਂ 'ਚ ਰਹਿੰਦੇ ਲੋਕਾਂ ਦੀ ਜੀਵਨ ਸ਼ੈਲੀ ਤੇ ਅਧਾਰਤ ਹੈ।

## ਨਵੀਆਂ ਛਪੀਆਂ ਪੁਸਤਕਾਂ

ਪੁਸ਼ਕਿਨ ਦੀਆਂ ਕਹਾਣੀਆਂ/ਏ. ਪੁਸ਼ਕਿਨ, ਨਵਯੁਗ ਪਬਲਿਸ਼ਰਜ਼ ਦਿੱਲੀ
ਤਿੰਨ ਵਰ੍ਹੇ/ਚੇਖ਼ਵ/ਨਵਯੁਗ ਪਬਲਿਸ਼ਰਜ਼ ਦਿੱਲੀ
ਨਰਕ ਕੁੰਡ/ਵਾਲਤੇਅਰ/ਨਵਯੁਗ ਪਬਲਿਸ਼ਰਜ਼ ਦਿੱਲੀ
ਦੁਰਗੇਸ਼ ਨੰਦਿਨੀ/ਬੰਕਿਮਚੰਦਰ ਚਟੋਪਾਧਿਆਏ/ਨਵਯੁਗ ਪਬਲਿਸ਼ਰਜ਼ ਦਿੱਲੀ
ਮਨ ਦੀ ਕਾਤਰ/ਗੁਰਿੰਦਰ ਸਿੰਘ ਕਲਸੀ/ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ
ਜੂਝਦਿਆਂ ਸੰਗ/ਦਲਜੀਤ ਗਿੱਲ/ਨਵਜੋਤ ਸਾਹਿਤ ਸੰਸਥਾ, ਔੜ
ਵੈਰਨ ਵਲਾਇਤ/ਮੋਹਨ ਸਿੰਘ ਕੁੱਕੜਪਿੰਡੀਆ/ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
ਪਦਮਾ ਦਾ ਪੈਰ/ਪ੍ਰੇਮ ਪ੍ਰਕਾਸ਼/ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
ਚੜ੍ਹਦੇ ਲਹਿੰਦੇ ਦੁੱਖ/ਮਸਊਦ ਚੌਧਰੀ/ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
ਸਾਂਝਾਂ ਆਰ-ਪਾਰ ਦੀਆਂ/ਹਰਭਜਨ ਸਿੰਘ ਬਰਾੜ/ਸਾਈਂ ਮੀਆਂ ਮੀਰ ਇੰਟਰਨੈਸ਼ਨਲ ਫਾਊਡੇਸ਼ਨ
ਔਰਤਾਂ ਦੀਆਂ ਕਹਾਣੀਆਂ : ਪਰਵਾਸੀ ਪੰਜਾਬੀ (ਭਾਗ ਪਹਿਲਾ)/ਡਾ. ਹਰਚਰਨ ਸਿੰਘ ਬੇਦੀ/ਚੇਤਨਾ ਪ੍ਰਕਾਸ਼ਨ, ਲੁਧਿਆਣਾ
ਔਰਤਾਂ ਦੀਆਂ ਕਹਾਣੀਆਂ : ਹਿੰਦ ਪਾਕਿ ਪੰਜਾਬੀ ਕਹਾਣੀ (ਭਾਗ ਦੂਜਾ)/ਡਾ. ਹਰਚਰਨ ਸਿੰਘ ਬੇਦੀ/ਚੇਤਨਾ ਪ੍ਰਕਾਸ਼ਨ, ਲੁਧਿਆਣਾ
ਦਿਲ ਦਰਵਾਜ਼ੇ/ਤਰਲੋਚਨ ਲੋਚੀ/ਚੇਤਨਾ ਪ੍ਰਕਾਸ਼ਨ, ਲੁਧਿਆਣਾ
ਈਸ਼ਵਰ ਦਾ ਜਨਮ/ਜਤਿੰਦਰ ਸਿੰਘ ਹਾਂਸ/ਚੇਤਨਾ ਪ੍ਰਕਾਸ਼ਨ, ਲੁਧਿਆਣਾ